ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 217| 4 to 10 March, 2026 | Ph.: (510) 240-5949 | Email: asrtimes@gmail.com




## ਕੀ ਕਾਇਮ ਰਹੇਗੀ ਅਮਰੀਕਾ ਦੀ 'ਸਰਪੰਚੀ' ?

## ਖ਼ਤਰਨਾਕ ਪੜਾਅ 'ਤੇ ਪਹੁੰਚ ਗਈ ਹੈ ਅਮਰੀਕਾ-ਇਰਾਨ ਜੰਗ

**ਅੰਮ੍ਰਿਤਸਰ ਟਾਈਮਜ਼ ਬਿਊਰੋ**

**ਅਮਰੀਕਾ ਆਪਣੇ ਆਪ ਨੂੰ ਇਸ ਸਮੇਂ ਦੁਨੀਆ ਦਾ 'ਥਾਣੇਦਾਰ' ਸਮਝਣ ਲੱਗਿਆ ਹੈ। ਜਿਸ ਕਰਕੇ ਉਸ ਜਦੋਂ ਜੀਅ ਕਰਦਾ ਹੈ ਤਾਂ ਕਿਸੇ ਵੀ ਦੇਸ਼ 'ਤੇ ਹਮਲਾ ਕਰ ਦਿੰਦਾ ਹੈ ਜਾਂ ਵੈਨੇਜੁਏਲਾ ਦੇ ਰਾਸ਼ਟਰਪਤੀ ਨੂੰ ਉਸ ਦੀ ਪਤਨੀ ਸਮੇਤ ਅਗਵਾ ਕਰ ਸਕਦਾ ਹੈ। ਇਰਾਨ ਦੇ ਸੁਪਰੀਮ ਆਗੂ 'ਆਇਤੁੱਲਾ ਅਲੀ ਖਮੇਨੇਈ' ਦਾ ਕਤਲ ਕਰਨ ਤੋਂ ਪਹਿਲਾਂ ਅਮਰੀਕਾ, ਇਰਾਕ ਦੇ ਰਾਸ਼ਟਰਪਤੀ 'ਸੱਦਾਮ ਹੁਸੈਨ' ਦਾ ਕਤਲ ਕਰ ਚੁੱਕਿਆ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਆਪਣੇ ਆਪ ਨੂੰ 'ਮਨੁੱਖੀ ਅਧਿਕਾਰਾਂ' ਦਾ ਵਿਸ਼ਵ ਦਾ ਸਭ ਤੋਂ ਵੱਡਾ 'ਅਲੰਬਰਦਾਰ' ਕਹਾਉਣ ਵਾਲਾ ਅਤੇ ਦੁਨੀਆ ਨੂੰ ਸ਼ਾਂਤੀ ਦਾ ਪਾਠ ਪੜ੍ਹਾਉਣ ਵਾਲਾ ਅਮਰੀਕਾ ਇਸ ਸਮੇਂ ਇਰਾਨ 'ਤੇ ਹਮਲਾ ਕਰਕੇ ਖੁਦ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਕਰ ਰਿਹਾ ਹੈ। ਅੰਤਰਰਾਸ਼ਟਰੀ ਰਾਜਨੀਤੀ ਵਿੱਚ ਕੂਟਨੀਤਿਕ ਗੱਲਬਾਤ ਦੀ ਥਾਂ ਫ਼ੌਜੀ ਸ਼ਕਤੀ ਦੀ ਵਰਤੋਂ ਕਰਨ ਦਾ ਪੈਦਾ ਹੋਇਆ ਰੁਝਾਨ ਮੰਦਭਾਗਾ ਹੈ।**

-ਵਿਸ਼ਵ ਦੀ ਸੁਪਰ ਸ਼ਕਤੀ ਬਣੇ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਲੰਘੇ ਦਿਨੀਂ ਇਸਲਾਮੀ ਗਣਰਾਜ ਇਰਾਨ 'ਤੇ ਕੀਤਾ ਗਿਆ ਸਾਂਝਾ ਤੇ ਵੱਡਾ ਹਮਲਾ ਸਿਰਫ਼ ਇੱਕ ਫ਼ੌਜੀ ਟਕਰਾਅ ਨਹੀਂ, ਸਗੋਂ ਲੰਬੇ ਸਮੇਂ ਤੋਂ ਬਣਦੇ ਆ ਰਹੇ 'ਭੂ-ਰਾਜਨੀਤਕ ਤਣਾਅ' ਦਾ ਵਿਸਫੋਟ ਹੈ। ਇਹ ਹਮਲਾ ਸਿਰਫ਼ ਇੱਕ ਸੈਨਿਕ ਕਾਰਵਾਈ ਨਹੀਂ ਹੈ, ਸਗੋਂ ਪੱਛਮ ਵੱਲੋਂ ਏਸ਼ੀਆ ਦੇ ਦੱਖਣ- ਪੱਛਮੀ ਹਿੱਸੇ 'ਚ ਆਪਣੀ 'ਸਰਦਾਰੀ' ਕਾਇਮ ਕਰਨ ਲਈ ਵਧਾਇਆ ਗਿਆ ਵੱਡਾ 'ਕਦਮ' ਹੈ। ਇਸ ਹਮਲੇ ਦੇ ਸਿਰਫ਼ ਇਰਾਨ 'ਤੇ ਹੀ ਵੱਡੇ ਪ੍ਰਭਾਵ ਨਹੀਂ ਪੈ ਰਹੇ, ਸਗੋਂ ਭਾਰਤ ਵਰਗੇ ਹੋਰਨਾਂ ਏਸ਼ੀਆਈ ਮੁਲਕਾਂ ਨੂੰ ਵੀ ਇਸ ਦਾ ਵੱਡਾ ਮੁੱਲ ਤਾਰਨਾ ਪੈ ਸਕਦਾ ਹੈ। ਇਸ ਹਮਲੇ ਰਾਹੀਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਵਿਸ਼ਵ ਦੇ ਹੋਰਨਾਂ ਦੇਸ਼ਾਂ ਨੂੰ ਗੁੱਝਾ ਸੰਦੇਸ਼ ਦਿੱਤਾ ਹੈ ਕਿ ਉਹ ਅਮਰੀਕਾ ਦਾ ਵਿਰੋਧ ਛੱਡ ਕੇ ਉਸ ਦੀ ਸ਼ਰਨ ਵਿੱਚ ਆ ਜਾਣ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਅਮਰੀਕੀ ਹਮਲੇ ਵਿੱਚ ਭਾਵੇਂ ਇਰਾਨ ਦਾ ਵੱਡਾ ਨੁਕਸਾਨ ਹੋਇਆ ਹੈ ਅਤੇ ਉਥੋਂ ਦਾ ਸੁਪਰੀਮ ਆਗੂ 'ਆਇਤੁੱਲਾ ਅਲੀ ਖਮੇਨੇਈ' ਆਪਣੇ ਪਰਿਵਾਰ ਸਮੇਤ ਮਾਰਿਆ ਗਿਆ ਹੈ, ਪਰ ਇਰਾਨ ਵੱਲੋਂ ਅਮਰੀਕਾ ਅਤੇ ਇਜ਼ਰਾਇਲ ਦਾ ਡਟ ਕੇ ਮੁਕਾਬਲਾ ਕੀਤਾ ਜਾ ਰਿਹਾ ਹੈ। ਟਰੰਪ ਦਾ ਪਲਾਨ ਅਸਲ ਵਿੱਚ ਸੀ ਕਿ ਵੈਨੇਜ਼ੁਏਲਾ ਵਾਂਗੂੰ ਇੱਕਦਮ ਅਟੈਕ ਕਰੋ, ਸਰੈਂਡਰ ਕਰਵਾਓ, ਲੀਡਰ ਨੂੰ ਮਰਵਾਓ ਅਤੇ ਆਪਣੇ ਆਪ ਨੂੰ ਜੇਤੂ ਐਲਾਨ ਕਰ ਦਿਓ ਪਰ ਇਹ ਉਸ ਦਾ ਭੁਲੇਖ਼ਾ ਸੀ। ਇਰਾਨ ਵੈਨੇਜ਼ੁਏਲਾ ਨਹੀਂ ਹੈ।

ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਹਮਲੇ ਦੇ ਬਾਵਜੂਦ ਭਾਵੇਂ 55 ਦੇ ਕਰੀਬ 'ਇਸਲਾਮੀ ਦੇਸ਼' ਅਜੇ ਵੀ ਚੁੱਪ ਹਨ ਅਤੇ ਵੱਡੀ ਗਿਣਤੀ ਵਿੱਚ ਅਜੇ ਵੀ ਅਮਰੀਕਾ ਦੇ 'ਪਿੱਛ-ਲੱਗੂ' ਬਣੇ ਹੋਏ ਹਨ, ਜਿਸ ਕਾਰਨ ਇਰਾਨ ਇਕੱਲਾ ਰਹਿ ਗਿਆ ਹੈ ਪਰ ਉਸ ਨੇ ਹੌਂਸਲਾ ਨਹੀਂ ਛੱਡਿਆ ਅਤੇ ਅਮਰੀਕਾ ਅੱਗੇ ਝੁਕਣ ਦੀ ਥਾਂ ਜੰਗ ਲੜਨ ਦਾ ਫ਼ੈਸਲਾ ਲਿਆ। ਇਹ ਸਤਰਾਂ ਲਿਖਣ ਵੇਲੇ ਤੱਕ ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਜਾਰੀ ਹੈ। ਇਸ ਸਮੇਂ ਤਹਿਰਾਨ ਦੀਆਂ ਸੜਕਾਂ 'ਤੇ ਸਨਾਟਾ ਪਸਰਿਆ ਹੋਇਆ ਹੈ ਅਤੇ ਲੋਕ ਹਵਾਈ ਹਮਲਿਆਂ ਦੇ ਡਰੋਂ ਘਰਾਂ ਵਿੱਚ ਦੁਬਕੇ ਹੋਏ ਹਨ।ਅਮਰੀਕੀ ਹਮਲੇ 'ਚ ਸੈਂਕੜੇ ਨਿਰਦੋਸ਼ ਇਰਾਨੀ ਲੋਕ ਮਾਰੇ ਗਏ ਹਨ। ਜਿਹੜੇ ਇਰਾਨੀ ਘਰਾਂ 'ਚ ਖ਼ੁਸ਼ੀਆਂ ਤੇ ਸ਼ਗਨ ਮਨਾਏ ਜਾਣੇ ਸਨ, ਉਥੇ ਹੁਣ ਮਾਤਮ ਛਾਇਆ ਪਿਆ ਹੈ। ਆਪਣੇ ਸਕੇ ਸਬੰਧੀਆਂ ਦੇ ਜਨਾਜ਼ੇ ਜਦੋਂ ਗਲੀਆਂ 'ਚੋਂ ਨਿਕਲਦੇ ਹਨ ਤਾਂ ਇਰਾਨੀ ਲੋਕ ਧਾਹਾਂ ਮਾਰ ਕੇ ਰੋਂਦੇ ਹਨ। ਵੱਡੀ ਗਿਣਤੀ ਇਰਾਨੀ ਮਹਿਲਾਵਾਂ ਵੱਲੋਂ ਆਪਣੇ ਕੰਤ, ਪੁੱਤਰ, ਭਰਾਵਾਂ ਅਤੇ ਬੱਚਿਆਂ ਦੇ ਅਮਰੀਕੀ ਬੰਬਾਰੀ 'ਚ ਮਾਰੇ ਜਾਣ ਤੋਂ ਬਾਅਦ ਉੱਚੀ ਆਵਾਜ਼ ਵਿੱਚ ਪਾਏ ਜਾ ਰਹੇ ਵੈਣ ਕੰਧਾਂ ਨੂੰ ਪਾੜ ਰਹੇ ਹਨ।

ਏਸ਼ੀਆ ਦੇ ਦੱਖਣ-ਪੱਛਮ ਹਿੱਸੇ ਵਿੱਚ ਸਥਿਤ ਦੇਸ਼ ਇਰਾਨ ਦੀ ਧਰਤੀ 'ਤੇ ਪੈਦਾ ਹੋਏ ਵਿਸ਼ਵ ਪ੍ਰਸਿੱਧ ਕਵੀਆਂ ਅਤੇ ਲੇਖਕਾਂ ਹਾਫਿਜ, ਸਾਦੀ, ਰੂਮੀ ਅਤੇ ਫਿਰਦੌਸੀ ਨੇ ਪੂਰੀ ਦੁਨੀਆ ਨੂੰ ਪਿਆਰ-ਮੁਹੱਬਤ ਦਾ ਸੁਨੇਹਾ ਦਿੱਤਾ, ਪਰ ਉਸੇ ਧਰਤੀ 'ਤੇ ਹੁਣ ਉਥਲ ਪੁੱਥਲ ਅਤੇ ਅਸ਼ਾਂਤੀ ਵਾਲਾ ਮਾਹੌਲ ਪੈਦਾ ਹੋ ਗਿਆ ਹੈ। ਵਿਸ਼ਵ ਦੇ ਵੱਖ -ਵੱਖ ਦੇਸ਼ਾਂ ਵਿੱਚ ਰਹਿੰਦੇ ਮੁਸਲਿਮ ਭਾਈਚਾਰੇ ਦੇ ਲੋਕ ਅਮਰੀਕਾ ਅਤੇ ਇਜ਼ਰਾਇਲ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਹਨ। ਦੂਜੇ ਪਾਸੇ ਅਮਰੀਕਾ ਅਤੇ ਇਜ਼ਰਾਇਲ ਇਰਾਨ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਲਈ ਆਪਣੀ ਜ਼ਿੱਦ 'ਤੇ ਅੜੇ ਹੋਏ ਹਨ, ਜਿਸ ਕਾਰਨ ਇਹ ਜੰਗ ਦਿਨੋਂ ਦਿਨ ਹੋਰ ਭੜਕਦੀ ਜਾ ਰਹੀ ਹੈ। ਇਰਾਨ ਵੱਲੋਂ ਅਮਰੀਕਾ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰਨ ਤੋਂ ਬਾਅਦ ਅਮਰੀਕਾ ਨੇ ਇਰਾਨ 'ਤੇ ਹਮਲੇ ਤੇਜ਼ ਕਰ ਦਿੱਤੇ ਹਨ।

ਇਰਾਨ ਅਤੇ ਅਮਰੀਕਾ ਵਿਚਾਲੇ ਜੰਗ ਦੇ ਬੀਜ ਤਾਂ 1979 ਵਿੱਚ ਉਦੋਂ ਹੀ ਬੀਜੇ ਗਏ ਸਨ, ਜਦੋਂ ਇਰਾਨ ਵਿੱਚ 'ਕ੍ਰਾਂਤੀ' ਆਈ ਸੀ, ਜਿਸ ਨੂੰ 'ਇਰਾਨੀ ਕ੍ਰਾਂਤੀ' ਅਤੇ 'ਇਰਾਨ ਦੀ ਇਸਲਾਮੀ ਕ੍ਰਾਂਤੀ' ਕਿਹਾ ਜਾਂਦਾ ਹੈ। ਇਸ ਕ੍ਰਾਂਤੀ ਕਾਰਨ ਇਰਾਨ ਵਿੱਚ ਪੱਛਮੀ ਹਮਾਇਤ ਵਾਲੇ ਸ਼ਾਸਨ ਦਾ ਭੋਗ ਪੈ ਗਿਆ ਸੀ ਅਤੇ ਇਰਾਨ ਇੱਕ 'ਇਸਲਾਮੀ ਗਣਰਾਜ' ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਇਆ, ਜਿਸ ਨੇ ਤੁਰੰਤ ਅਮਰੀਕਾ ਦੀ 'ਚੌਧਰ' ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ, ਜਿਸ ਕਰਕੇ ਅਮਰੀਕਾ ਤਿਲਮਿਲਾ ਗਿਆ। ਉਦੋਂ ਤੋਂ ਹੀ ਅਮਰੀਕਾ ਅਤੇ ਇਰਾਨ ਵਿਚਾਲੇ ਤਨਾਓ, ਅਵਿਸ਼ਵਾਸ, ਆਰਥਿਕ ਰੋਕਾਂ ਅਤੇ ਸਿਆਸੀ ਟਕਰਾਓ ਵਾਲਾ ਮਾਹੌਲ ਬਣਿਆ ਹੋਇਆ ਹੈ।

ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਸਾਂਝਾ ਫ਼ੌਜੀ ਹਮਲਾ ਉਦੋਂ ਕੀਤਾ ਗਿਆ ਜਦੋਂ ਇਰਾਨ ਅਤੇ ਅਮਰੀਕਾ ਵਿਚਾਲੇ 'ਪਰਮਾਣੂ ਹਥਿਆਰਾਂ' ਸਬੰਧੀ ਗੱਲਬਾਤ ਚੱਲ ਰਹੀ ਸੀ। ਅਮਰੀਕਾ ਨੇ ਚਾਲ ਖੇਡਦਿਆਂ ਇੱਕ ਪਾਸੇ ਇਰਾਨ ਨੂੰ ਗੱਲਬਾਤ ਵਿੱਚ ਉਲਝਾਈ ਰੱਖਿਆ ਅਤੇ ਦੂਜੇ ਪਾਸੇ ਉਸ ਨੇ ਇਜ਼ਰਾਇਲ ਨਾਲ ਮਿਲ ਕੇ ਇਰਾਨ 'ਤੇ ਵੱਡਾ ਹਮਲਾ ਕਰ ਦਿੱਤਾ। ਅਮਰੀਕਾ ਅਤੇ ਇਜ਼ਰਾਇਲ ਵੱਲੋਂ ਸੁੱਟੇ ਗਏ ਹਜ਼ਾਰਾਂ ਬੰਬਾਂ ਕਾਰਨ ਇਰਾਨ ਕੰਬ ਉੱਠਿਆ ਪਰ ਇਰਾਨ ਝੁਕਣ ਵਾਲਿਆਂ ਵਿਚੋਂ ਨਹੀਂ ਹੈ, ਜਿਸ ਕਾਰਨ ਉਸ ਨੇ ਆਪਣੇ ਆਗੂ 'ਖਮੇਨੇਈ' ਦੀ ਮੌਤ ਦਾ ਵੱਡਾ ਬਦਲਾ ਲੈਣ ਦਾ 'ਪ੍ਰਣ' ਲਿਆ ਹੈ ਅਤੇ ਇਰਾਨ ਵੱਲੋਂ ਜਵਾਬੀ ਹਮਲੇ ਸ਼ੁਰੂ ਕਰ ਦਿੱਤੇ ਗਏ ਹਨ। ਇਰਾਨ ਪਿਛਲੇ ਦੋ ਦਹਾਕਿਆਂ ਦੌਰਾਨ ਬਹੁਤ ਤਰੱਕੀ ਕਰ ਗਿਆ ਹੈ।ਉਹ ਮੱਧ-ਪੂਰਬ ਵਿੱਚ ਇੱਕ ਅਹਿਮ ਸ਼ਕਤੀ ਦੇ ਰੂਪ ਵਿੱਚ ਉਭਰਿਆ ਹੈ। ਇਰਾਨ ਦੇ 'ਪਰਮਾਣੂ ਪ੍ਰੋਗਰਾਮ' ਕਾਰਨ ਇਜ਼ਰਾਇਲ ਵਰਗੇ ਦੇਸ਼ ਉਸ ਨਾਲ ਖਾਰ ਖਾਣ ਲੱਗ ਪਏ ਹਨ।

ਪ੍ਰਾਚੀਨ ਕਾਲ ਵਿੱਚ ਵੱਡੇ ਸਾਮਰਾਜਾਂ ਦਾ ਹਿੱਸਾ ਰਹਿ ਚੁੱਕਿਆ ਇਰਾਨ ਉੱਤਰ-ਪੂਰਬ ਵਿੱਚ ਤੁਰਕਮੇਨਿਸਤਾਨ, ਉੱਤਰ ਵਿੱਚ ਕੈਸਪੀਅਨ ਸਾਗਰ ਅਤੇ ਅਜਰਬਾਈਜਾਨ, ਦੱਖਣ ਵਿੱਚ ਫਾਰਸ ਦੀ ਖਾੜੀ, ਪੱਛਮ ਵਿੱਚ ਇਰਾਕ( ਕੁਰਦਿਸਤਾਨ ਸਰਜ਼ਮੀਨ) ਅਤੇ ਤੁਰਕੀ, ਪੂਰਬ ਵਿੱਚ ਅਫ਼ਗ਼ਾਨਿਸਤਾਨ ਅਤੇ ਪਾਕਿਸਤਾਨ ਨਾਲ ਘਿਰਿਆ ਹੈ। ਇਸ ਦੇਸ਼ ਨੂੰ 'ਗ੍ਰੇਟਰ ਇਰਾਨ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਜਿਸ ਅੰਦਰ ਪੱਛਮ ਵਿੱਚ ਅਨਾਤੋਲੀਆ, ਬੋਸਫੋਰਸ ਅਤੇ ਮਿਸਰ, ਪੂਰਬ ਵਿੱਚ ਪ੍ਰਾਚੀਨ ਭਾਰਤ ਦੀ ਸਰਹੱਦ ਅਤੇ ਸੀਰ ਦਰਿਆ ਅਤੇ ਉੱਤਰ ਵਿੱਚ ਕਾਕੇਸ਼ਸ ਅਤੇ ਯੂਰੇਸ਼ੀਅਨ ਸਟੈਪੀ ਅਤੇ ਦੱਖਣ ਵਿੱਚ ਫ਼ਾਰਸ ਦੀ ਖਾੜੀ ਅਤੇ ਓਮਾਨ ਦੀ ਖਾੜੀ ਤੱਕ ਦੇ ਇਲਾਕੇ ਸ਼ਾਮਲ ਸਨ। ਇਰਾਨ ਦਾ ਪ੍ਰਮੁੱਖ ਧਰਮ ਇਸਲਾਮ ਹੈ ਅਤੇ ਇਹ ਖੇਤਰ ਸ਼ੀਆ ਬਹੁਲਤਾ ਵਾਲਾ ਹੈ। ਇਰਾਨ ਦੀ 99 ਫ਼ੀਸਦੀ ਆਬਾਦੀ ਮੁਸਲਿਮ ਹੈ, ਜਦੋਂਕਿ ਯਹੂਦੀ, ਇਸਾਈ, ਬਹਾਈ ਅਤੇ ਨਾਸਤਿਕ ਸਿਰਫ਼ ਇੱਕ ਫ਼ੀਸਦੀ ਹਨ। ਇਰਾਨ ਦੀ ਮੌਜੂਦਾ ਸਰਕਾਰ ਕੱਟੜਪੰਥੀ ਹੈ, ਜੋ ਕਿ ਇਸਲਾਮੀ ਕਾਨੂੰਨਾਂ ਨੂੰ ਲਾਗੂ ਕਰ ਚੁੱਕੀ ਹੈ। ਭਾਵੇਂ ਕਿ ਇਰਾਨ ਸਰਕਾਰ ਵੱਲੋਂ ਲਾਗੂ ਕੀਤੇ ਗਏ ਇਸਲਾਮੀ ਕਾਨੂੰਨਾਂ ਦਾ ਇਰਾਨ ਦੇ ਅੰਦਰ ਹੀ ਵਿਰੋਧ ਸ਼ੁਰੂ ਹੋ ਚੁੱਕਿਆ ਹੈ ਪਰ ਅਮਰੀਕਾ ਦੇ ਹਮਲੇ ਕਾਰਨ ਪੂਰੇ ਇਰਾਨ ਵਾਸੀ ਇੱਕਜੁੱਟ ਹੋ ਗਏ ਹਨ ਅਤੇ ਡਟ ਕੇ ਅਮਰੀਕੀ ਹਮਲਿਆਂ ਦਾ ਵਿਰੋਧ ਕਰ ਰਹੇ ਹਨ।

ਇਹ ਜੰਗ ਟਰੰਪ ਦੇ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ। ਜੇ ਟਰੰਪ ਇਸ ਨੂੰ ਲੰਬਾ ਲੈ ਕੇ ਜਾਂਦਾ ਹੈ ਤਾਂ ਸਵਾਲ ਇਹ ਹੈ ਕਿ ਕਿਧਰੇ ਟਰੰਪ ਦੇ ਲਈ ਇਹ ਅਫ਼ਗਾਨਿਸਤਾਨ ਤਾਂ ਨਹੀਂ ਬਣੇਗਾ ? ਦੂਜੇ ਪਾਸੇ ਇਰਾਨ ਦੇ ਕੋਲ ਬਲਿਸਟਿਕ ਮਿਜ਼ਾਇਲ, ਉਹਨਾਂ ਦਾ ਡਿਫੈਂਸ ਸਿਸਟਮ ਕਾਫ਼ੀ ਮਜ਼ਬੂਤ ਹੈ। ਕੋਈ ਸ਼ੱਕ ਨਹੀਂ, ਉਹ ਲੜਾਈ ਖਿੱਚ ਸਕਦਾ ਹੈ। ਟਰੰਪ ਜੇ ਇਸ ਲੜਾਈ ਨੂੰ ਜਲਦੀ ਜਿੱਤਣਾ ਚਾਹੇ ਤਾਂ ਇਰਾਨ ਦੇ ਅੰਦਰ ਵੜਨਾ ਪਵੇਗਾ ਜੋ ਕਿ ਆਸਾਨ ਨਹੀਂ ਹੈ। 'ਜੋਅ ਸਰਿੰਸੀਓਨ' ਅਮਰੀਕਾ ਦਾ ਨਿਊਕਲੀਅਰ ਐਕਪਰਟ ਹੈ, ਪਰ ਉਸ ਨੇ ਰਾਜਨੀਤਿਕ ਰਮਜ਼ ਨੂੰ ਸਮਝਦੇ ਹੋਏ ਇੱਕ ਵੱਡੀ ਗੱਲ ਕਹੀ ਹੈ ਕਿ " ਸੱਤਾ ਪਲਟ ਕਰਨ ਦੇ ਲਈ ਅਮਰੀਕਾ ਵੱਲੋਂ ਇਹ ਜੰਗ ਕੀਤੀ ਗਈ ਸਵਾਲ ਇਹ ਹੈ ਕਿ ਹੁਣ ਸੱਤਾ ਇਰਾਨ ਦੀ ਪਲਟੇਗੀ ਜਾਂ ਅਮਰੀਕਾ ਦੀ, ਪਤਾ ਨਹੀਂ ? " ਮੁੱਕਦੀ ਗੱਲ ਇਹ ਹੈ ਕਿ ਸਭ ਦੀਆਂ ਨਜ਼ਰਾਂ 'ਵਿਸ਼ਵ ਭਾਈਚਾਰੇ' ਵੱਲ ਲੱਗੀਆਂ ਹੋਈਆਂ ਹਨ। ਆਉਣ ਵਾਲੇ ਦਿਨਾਂ ਦੌਰਾਨ ਅਹਿਮ ਗੱਲ ਇਹ ਹੋਵੇਗੀ ਕਿ ਇਹ 'ਵਿਸ਼ਵ ਭਾਈਚਾਰਾ' ਇਸ ਜੰਗ ਨੂੰ ਰੋਕਣ ਲਈ 'ਸ਼ਾਂਤੀ ਦਾ ਹੱਲ' ਪੇਸ਼ ਕਰਦਾ ਹੈ ਜਾਂ ਫੇਰ ਇਹ ਟਕਰਾਓ ਹੋਰ ਫੈਲਦਾ ਹੋਇਆ 'ਤੀਜੀ ਵਿਸ਼ਵ ਜੰਗ' ਦਾ ਰੂਪ ਅਖ਼ਤਿਆਰ ਕਰ ਜਾਂਦਾ ਹੈ। ਅਰਦਾਸ ਹੈ ਕਿ ਇਹ ਸਭ ਕੁਝ ਨਾ ਹੋਵੇ। ਬਾਬਾ ਨਜ਼ਮੀ ਨੇ ਕਿਹਾ ਹੈ ਕਿ


**"ਵਿੱਚ ਗੋਦਾਮਾਂ ਮਿੱਟੀ ਹੋਵੇ, ਅਸਲ੍ਹਾ ਸਾਰੀ ਦੁਨੀਆ ਦਾ**
**ਫ਼ੁੱਲਾਂ ਦੀ ਖੁਸ਼ਬੂ ਬਣ ਜਾਵੇ ਮਸਲਾ ਸਾਰੀ ਦੁਨੀਆ ਦਾ।"**

**ਚੜ੍ਹਦੀਕਲਾ ਤੇ ਸੂਰਬੀਰਤਾ ਦਾ ਪ੍ਰਤੀਕ**
**ਹੋਲਾ-ਮਹੱਲਾ ਪੁਰਬ**



**ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ**

ਹੋਲਾ-ਮਹੱਲਾ ਸਬੰਧੀ ਵਿਸ਼ੇਸ਼ ਲੇਖ ਸਫ਼ਾ 18 'ਤੇ



# ਆਇਤੁੱਲਾ ਖਮੇਨੇਈ

## ਕਿਵੇਂ ਬਣਿਆ ਇੱਕ ਸਧਾਰਨ ਮੌਲਵੀ ਤੋਂ ਇਰਾਨ ਦਾ ਸਭ ਤੋਂ ਤਾਕਤਵਰ ਨੇਤਾ ?

ਤਹਿਰਾਨ: ਇਰਾਨ ਦੀ ਸੱਤਾ 'ਤੇ ਪਿਛਲੇ 36 ਸਾਲਾਂ ਤੋਂ ਰਾਜ ਕਰਨ ਵਾਲੇ ਸਰਵਉੱਚ ਨੇਤਾ ਆਇਤੁੱਲਾ ਖਮੇਨੇਈ (86) ਦਾ ਅੰਤ ਹੋ ਗਿਆ ਹੈ। ਲੰਘੇ ਦਿਨੀਂ ਇਰਾਨੀ ਸਟੇਟ ਮੀਡੀਆ ਨੇ ਘੋਸ਼ਣਾ ਕੀਤੀ ਕਿ ਮੱਧ ਤਹਿਰਾਨ ਸਥਿਤ ਉਨ੍ਹਾਂ ਦੇ ਕੰਪਲੈਕਸ ਨੂੰ ਨੇਸਤਨਾਬੂਦ ਕਰਨ ਵਾਲੇ ਅਮਰੀਕਾ ਅਤੇ ਇਜ਼ਰਾਇਲ ਦੇ ਹਵਾਈ ਹਮਲਿਆਂ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਦਹਾਕਿਆਂ ਤੋਂ ਚੱਲ ਰਹੇ ਕੂਟਨੀਤਕ ਯਤਨਾਂ ਦੇ ਅਸਫਲ ਹੋਣ ਤੋਂ ਬਾਅਦ ਇਹ ਅਤਿ ਦਾ ਕਦਮ ਚੁੱਕਿਆ ਗਿਆ। ਉਨ੍ਹਾਂ ਦੀ ਮੌਤ ਉਸ ਯੁੱਗ ਦੀ ਸਮਾਪਤੀ ਹੈ, ਜਿਸ ਨੇ ਇਰਾਨ ਨੂੰ ਇੱਕ ਕੱਟੜ ਅਮਰੀਕਾ-ਵਿਰੋਧੀ ਤਾਕਤ ਵਿੱਚ ਬਦਲ ਦਿੱਤਾ ਅਤੇ ਦੇਸ਼ ਦੇ ਅੰਦਰ ਉੱਠਣ ਵਾਲੀ ਹਰ ਵਿਰੋਧੀ ਆਵਾਜ਼ ਨੂੰ ਲੋਹੇ ਦੇ ਹੱਥਾਂ ਨਾਲ ਕੁਚਲਿਆ।

**ਕੌਣ ਸੀ ਆਇਤੁੱਲਾ ਖਮੇਨੇਈ ਅਤੇ ਸੱਤਾ ਦੇ ਸਿਖਰ ਤੱਕ ਕਿਵੇਂ ਪਹੁੰਚਿਆ ?**

ਸ਼ੁਰੂਆਤੀ ਜੀਵਨ ਅਤੇ ਜੇਲ੍ਹ: ਆਇਤੁੱਲਾ ਖਮੇਨੇਈ ਦਾ ਜਨਮ ਅਪਰੈਲ 1939 ਵਿੱਚ ਉੱਤਰ-ਪੂਰਬੀ ਇਰਾਨ ਦੇ ਮਸ਼ਹਦ ਵਿੱਚ ਹੋਇਆ ਸੀ। 11 ਸਾਲ ਦੀ ਉਮਰ ਵਿੱਚ ਹੀ ਉਹ ਮੌਲਵੀ ਬਣ ਗਏ ਸਨ। ਉਨ੍ਹਾਂ ਦੇ ਪਿਤਾ ਧਰਮ ਅਤੇ ਰਾਜਨੀਤੀ ਨੂੰ ਵੱਖ ਰੱਖਣ ਦੇ ਪੱਖ ਵਿੱਚ ਸਨ, ਪਰ ਆਇਤੁੱਲਾ ਖਮੇਨੇਈ ਨੇ ਇਸ ਦੇ ਉਲਟ ਇਸਲਾਮੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਪਣਾਇਆ। 1963 ਵਿੱਚ 24 ਸਾਲ ਦੀ ਉਮਰ ਵਿੱਚ ਰਾਜਨੀਤਿਕ ਗਤੀਵਿਧੀਆਂ ਕਾਰਨ ਉਹ ਪਹਿਲੀ ਵਾਰ ਜੇਲ੍ਹ ਗਏ, ਜਿੱਥੇ ਉਨ੍ਹਾਂ ਨੂੰ ਸਖ਼ਤ ਤਸੀਹੇ ਦਿੱਤੇ ਗਏ।

**ਸੱਤਾ ਦਾ ਸਫਰ**

1979 ਦੀ ਕ੍ਰਾਂਤੀ ਤੋਂ ਬਾਅਦ ਉਹ ਰੱਖਿਆ ਉਪ-ਮੰਤਰੀ ਬਣੇ ਅਤੇ 1980-88 ਦੇ ਇਰਾਨ-ਇਰਾਕ ਯੁੱਧ ਵਿੱਚ ਅਹਿਮ ਭੂਮਿਕਾ ਨਿਭਾਈ। ਇੱਕ ਕੁਸ਼ਲ ਬੁਲਾਰਾ ਹੋਣ ਦੇ ਕਾਰਨ ਉਨ੍ਹਾਂ ਨੂੰ ਜੁਮੇ ਦੀ ਨਮਾਜ਼ ਦਾ ਇਮਾਮ ਬਣਾਇਆ ਗਿਆ ਅਤੇ ਬਾਅਦ ਵਿੱਚ ਉਹ ਦੇਸ਼ ਦੇ ਰਾਸ਼ਟਰਪਤੀ (ਇਸ ਅਹੁਦੇ 'ਤੇ ਪਹੁੰਚਣ ਵਾਲੇ ਪਹਿਲੇ ਮੌਲਵੀ) ਬਣੇ।

**ਸਰਵਉੱਚ ਨੇਤਾ (ਸੁਪਰੀਮ ਲੀਡਰ)**

1989 ਵਿੱਚ ਇਸਲਾਮਿਕ ਰਿਪਬਲਿਕ ਦੇ ਸੰਸਥਾਪਕ ਆਇਤੁੱਲਾ ਰੂਹੁੱਲਾ ਖ਼ੁਮੈਨੀ ਦੇ ਦਿਹਾਂਤ ਤੋਂ ਬਾਅਦ ਉਨ੍ਹਾਂ ਨੂੰ ਸਰਬਉੱਚ ਨੇਤਾ ਚੁਣਿਆ ਗਿਆ। ਸ਼ੁਰੂ ਵਿੱਚ ਉਨ੍ਹਾਂ ਨੂੰ ਕਮਜ਼ੋਰ ਮੰਨਿਆ ਜਾਂਦਾ ਸੀ, ਪਰ 1981 ਦੇ ਇੱਕ ਜਾਨਲੇਵਾ ਹਮਲੇ (ਜਿਸ ਵਿੱਚ ਉਨ੍ਹਾਂ ਦਾ ਸੱਜਾ ਹੱਥ ਲਕਵਾਗ੍ਰਸਤ ਹੋ ਗਿਆ ਸੀ) ਤੋਂ ਬਾਅਦ ਉਹ ਬੇਹੱਦ ਸਤਰਕ ਹੋ ਗਏ ਸਨ। ਜਲਦੀ ਹੀ ਉਨ੍ਹਾਂ ਨੇ ਹਥਿਆਰਬੰਦ ਬਲਾਂ, ਨਿਆਂਪਾਲਿਕਾ ਅਤੇ ਸੁਰੱਖਿਆ ਏਜੰਸੀਆਂ 'ਤੇ ਆਪਣਾ ਪੂਰਨ ਨਿਯੰਤਰਣ ਸਥਾਪਿਤ ਕਰ ਲਿਆ ਅਤੇ ਆਪਣੇ ਕਰੀਬੀਆਂ ਨੂੰ ਸ਼ਕਤੀਸ਼ਾਲੀ ਰਿਵੋਲਿਊਸ਼ਨਰੀ ਗਾਰਡਸ ਦਾ ਕਮਾਂਡਰ ਨਿਯੁਕਤ ਕੀਤਾ।



**ਅਮਰੀਕਾ ਅਤੇ ਇਜ਼ਰਾਇਲ ਨਾਲ ਦੁਸ਼ਮਣੀ ਦੀਆਂ ਜੜ੍ਹਾਂ ?**

ਆਇਤੁੱਲਾ ਖਮੇਨੇਈ ਨੇ ਆਪਣੇ 36 ਸਾਲਾਂ ਦੇ ਸ਼ਾਸਨ ਵਿੱਚ ਅਮਰੀਕਾ ਦਾ ਸਖ਼ਤ ਵਿਰੋਧ ਕੀਤਾ ਅਤੇ ਅਕਸਰ ਭਾਸ਼ਣਾਂ ਵਿੱਚ ਉਸ ਨੂੰ 'ਗ੍ਰੇਟ ਸੈਟਨ' (ਵੱਡਾ ਸ਼ੈਤਾਨ) ਕਹਿ ਕੇ ਉਸ ਦੀ ਨਿੰਦਾ ਕੀਤੀ।

**ਪਰਮਾਣੂ ਵਿਵਾਦ ਅਤੇ ਫਤਵਾ**

ਆਇਤੁੱਲਾ ਖਮੇਨੇਈ ਨੇ 1990 ਦੇ ਦਹਾਕੇ ਵਿੱਚ ਪਰਮਾਣੂ ਹਥਿਆਰਾਂ ਦੇ ਵਿਰੁੱਧ ਫਤਵਾ ਜਾਰੀ ਕੀਤਾ ਸੀ। 2015 ਵਿੱਚ ਰਾਸ਼ਟਰਪਤੀ ਹਸਨ ਰੂਹਾਨੀ ਦੇ ਕਾਰਜਕਾਲ ਵਿੱਚ ਹੋਏ ਪਰਮਾਣੂ ਸਮਝੌਤੇ ਦਾ ਉਨ੍ਹਾਂ ਨੇ ਸਾਵਧਾਨੀ ਨਾਲ ਸਮਰਥਨ ਕੀਤਾ। ਪਰ 2018 ਵਿੱਚ ਜਦੋਂ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸਮਝੌਤੇ ਤੋਂ ਪਿੱਛੇ ਹਟੇ ਅਤੇ ਸਖ਼ਤ ਪਾਬੰਦੀਆਂ ਲਗਾਈਆਂ, ਤਾਂ ਇਹ ਕੁੜੱਤਣ ਹੋਰ ਵਧ ਗਈ। 2025 ਵਿੱਚ ਟਰੰਪ ਦੇ ਨਵੇਂ ਸਮਝੌਤੇ ਦੇ ਦਬਾਅ ਨੂੰ ਵੀ ਉਨ੍ਹਾਂ ਨੇ ਸਿਰੇ ਤੋਂ ਨਕਾਰ ਦਿੱਤਾ।

**ਇਜ਼ਰਾਇਲ ਨਾਲ ਸਿੱਧਾ ਯੁੱਧ**

ਕਈ ਸਾਲਾਂ ਤੱਕ ਇਰਾਨ ਅਤੇ ਇਜ਼ਰਾਈਲ ਦੇ ਵਿਚਕਾਰ 'ਸ਼ੈਡੋ ਵਾਰ' (ਲੁਕਿਆ ਹੋਇਆ ਯੁੱਧ) ਚੱਲਿਆ, ਜਿਸ ਵਿੱਚ ਇਜ਼ਰਾਈਲ ਨੇ ਇਰਾਨ ਦੇ ਕਈ ਪਰਮਾਣੂ ਵਿਗਿਆਨੀਆਂ ਨੂੰ ਮਾਰਿਆ। ਅਪ੍ਰੈਲ 2024 ਵਿੱਚ ਦਮਿਸ਼ਕ ਦੂਤਾਵਾਸ 'ਤੇ ਹਮਲੇ ਦੇ ਜਵਾਬ ਵਿੱਚ ਇਰਾਨ ਨੇ ਇਜ਼ਰਾਈਲ 'ਤੇ ਮਿਜ਼ਾਈਲਾਂ ਦਾਗੀਆਂ।

**ਤਣਾਅ ਦਾ ਸਿਖਰ**

ਜੂਨ 2025 ਵਿੱਚ ਇਜ਼ਰਾਇਲ ਦੀ ਫ਼ੌਜ ਨੇ ਇਰਾਨ ਦੇ ਪਰਮਾਣੂ ਅਤੇ ਫ਼ੌਜੀ ਟਿਕਾਣਿਆਂ 'ਤੇ ਸੈਂਕੜੇ ਲੜਾਕੂ ਜਹਾਜ਼ਾਂ ਨਾਲ ਵੱਡੇ ਹਮਲੇ ਕੀਤੇ, ਜਿਸ ਨਾਲ ਇਹ ਸੰਘਰਸ਼ ਪੂਰਨ ਯੁੱਧ ਵਿੱਚ ਬਦਲ ਗਿਆ। ਅਮਰੀਕਾ ਵੀ 12 ਦਿਨ ਚੱਲੇ ਇਸ ਹਵਾਈ ਹਮਲੇ ਵਿੱਚ ਸ਼ਾਮਲ ਹੋਇਆ। ਇਸੇ ਕੜੀ ਵਿੱਚ ਹੋਏ ਹੁਣ ਤੱਕ ਦੇ ਸਭ ਤੋਂ ਵੱਡੇ ਹਮਲੇ ਵਿੱਚ ਖਮੇਨੇਈ ਦੀ ਮੌਤ ਹੋ ਗਈ।

**ਮੱਧ ਪੂਰਬ ਵਿੱਚ ਕੀ ਸੀ ਖਮੇਨੇਈ ਦਾ 'ਐਕਸਿਸ ਆਫ ਰੇਜ਼ਿਸਟੈਂਸ' ?**

ਖਮੇਨੇਈ ਨੇ ਮੱਧ ਪੂਰਬ ਵਿੱਚ ਅਮਰੀਕਾ ਅਤੇ ਇਜ਼ਰਾਇਲ ਨੂੰ ਚੁਣੌਤੀ ਦੇਣ ਲਈ 'ਐਕਸਿਸ ਆਫ ਰੇਜ਼ਿਸਟੈਂਸ' (ਪ੍ਰਤੀਰੋਧ ਦੀ ਧੁਰੀ) ਦਾ ਨਿਰਮਾਣ ਕੀਤਾ ਸੀ।

ਉਨ੍ਹਾਂ ਨੇ ਇਰਾਕ ਅਤੇ ਲਿਬਨਾਨ ਵਿੱਚ ਸ਼ੀਆ ਮਿਲੀਸ਼ੀਆ, ਸੀਰੀਆ ਵਿੱਚ ਬਸ਼ਰ ਅਲ-ਅਸਦ, ਹਮਾਸ (ਫਲਸਤੀਨ) ਅਤੇ ਯਮਨ ਦੇ ਹੂਤੀਆਂ ਨੂੰ ਤਾਕਤਵਰ ਬਣਾਉਣ ਲਈ ਚਾਰ ਦਹਾਕਿਆਂ ਵਿੱਚ ਅਰਬਾਂ ਡਾਲਰ ਖਰਚ ਕੀਤੇ।

2024 ਵਿੱਚ ਇਹ ਗਠਜੋੜ ਟੁੱਟਣ ਲੱਗਾ। ਸੀਰੀਆ ਵਿੱਚ ਅਸਦ ਦੀ ਸੱਤਾ ਖੁੱਸ ਗਈ ਅਤੇ ਇਜ਼ਰਾਇਲ ਨੇ ਲਿਬਨਾਨ ਵਿੱਚ ਹਿਜ਼ਬੁੱਲਾ ਅਤੇ ਗਾਜ਼ਾ ਵਿੱਚ ਹਮਾਸ ਨੂੰ ਭਾਰੀ ਨੁਕਸਾਨ ਪਹੁੰਚਾਇਆ, ਜਿਸ ਵਿੱਚ ਉਨ੍ਹਾਂ ਦੇ ਚੋਟੀ ਦੇ ਨੇਤਾਵਾਂ ਦਾ ਮਾਰਿਆ ਜਾਣਾ ਵੀ ਸ਼ਾਮਲ ਹੈ।

**ਇਰਾਨ ਵਿੱਚ ਖਮੇਨੇਈ ਦਾ ਸ਼ਾਸਨ**

ਦੇਸ਼ ਦੇ ਅੰਦਰ ਖਮੇਨੇਈ ਦਾ ਸ਼ਬਦ ਹੀ ਕਾਨੂੰਨ ਸੀ। ਉਨ੍ਹਾਂ ਨੇ ਸੁਤੰਤਰ ਸੋਚ ਵਾਲੇ ਰਾਸ਼ਟਰਪਤੀਆਂ ਦੀਆਂ ਇੱਛਾਵਾਂ ਨੂੰ ਕੁਚਲਿਆ ਅਤੇ ਆਪਣੀਆਂ ਨੀਤੀਆਂ ਨਾਲ ਇਰਾਨ ਨੂੰ ਵਿਸ਼ਵ ਪੱਧਰ 'ਤੇ ਅਲੱਗ-ਥਲੱਗ ਕਰ ਦਿੱਤਾ।

1999, 2002 ਅਤੇ 2009 ਵਿੱਚ ਹੋਏ ਪ੍ਰਦਰਸ਼ਨਾਂ ਨੂੰ ਉਨ੍ਹਾਂ ਨੇ ਸਖ਼ਤੀ ਨਾਲ ਦਬਾਇਆ। 2022 ਵਿੱਚ ਪੁਲਿਸ ਹਿਰਾਸਤ ਵਿੱਚ 22 ਸਾਲਾ ਮਹਸਾ ਅਮੀਨੀ ਦੀ ਮੌਤ ਤੋਂ ਬਾਅਦ ਭੜਕੇ ਵੱਡੇ ਪ੍ਰਦਰਸ਼ਨਾਂ ਦਾ ਖਮੇਨੇਈ ਨੇ ਬੇਰਹਿਮੀ ਨਾਲ ਜਵਾਬ ਦਿੱਤਾ ਅਤੇ ਕਈ ਪ੍ਰਦਰਸ਼ਨਕਾਰੀਆਂ ਨੂੰ ਸ਼ਰੇਆਮ ਕ੍ਰੇਨ ਨਾਲ ਲਟਕਾ ਕੇ ਫਾਂਸੀ ਦੇ ਦਿੱਤੀ।



# ਅਰਬਾਂ ਡਾਲਰ ਦਾ ਸਾਮਰਾਜ

ਉਨ੍ਹਾਂ ਨੇ 'ਸੇਤਾਦ' ਨਾਮ ਦੇ ਸੰਗਠਨ ਦੇ ਜ਼ਰੀਏ ਇੱਕ ਵਿਸ਼ਾਲ ਵਿੱਤੀ ਸਾਮਰਾਜ 'ਤੇ ਕੰਟਰੋਲ ਰੱਖਿਆ, ਜਿਸ ਦੀ ਸੰਪੱਤੀ ਅਰਬਾਂ ਡਾਲਰ ਆਂਕੀ ਗਈ ਹੈ। ਉਨ੍ਹਾਂ ਨੇ 1989 ਵਿੱਚ ਖ਼ੁਮੈਨੀ ਵੱਲੋਂ ਲੇਖਕ ਸਲਮਾਨ ਰੁਸ਼ਦੀ ਦੇ ਵਿਰੁੱਧ ਜਾਰੀ ਮੌਤ ਦੇ ਫਤਵੇ ਦਾ ਸਮਰਥਨ ਕੀਤਾ ਸੀ। ਇਸੇ ਦੇ ਚਲਦਿਆਂ 2022 ਵਿੱਚ ਰੁਸ਼ਦੀ 'ਤੇ ਚਾਕੂ ਨਾਲ ਜਾਨਲੇਵਾ ਹਮਲਾ ਹੋਇਆ ਸੀ।

ਖਮੇਨੇਈ ਦੇ ਜਾਣ ਤੋਂ ਬਾਅਦ ਇਰਾਨ ਇੱਕ ਡੂੰਘੀ ਅਨਿਸ਼ਚਿਤਤਾ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇੱਕ ਪਾਸੇ ਬਾਹਰੀ ਦੇਸ਼ਾਂ (ਅਮਰੀਕਾ-ਇਜ਼ਰਾਇਲ) ਦੇ ਹਮਲੇ ਹਨ, ਤਾਂ ਦੂਜੇ ਪਾਸੇ ਘਰ ਦੇ ਅੰਦਰ ਨੌਜਵਾਨਾਂ ਦਾ ਵਧਦਾ ਅਸੰਤੋਸ਼ ਹੈ।

2026 ਦੀ ਸ਼ੁਰੂਆਤ ਵਿੱਚ ਆਈ ਰਾਇਟਰਜ਼ ਦੀ ਰਿਪੋਰਟ ਦੇ ਅਨੁਸਾਰ, 25 ਸਾਲਾ ਬੇਰੁਜ਼ਗਾਰ ਗ੍ਰੈਜੂਏਟ ਮੀਨਾ ਵਰਗੇ ਨੌਜਵਾਨਾਂ ਦਾ ਸਪੱਸ਼ਟ ਮੰਨਣਾ ਹੈ ਕਿ ਪਰਮਾਣੂ ਪ੍ਰੋਗਰਾਮ, ਖੇਤਰੀ ਹਥਿਆਰਬੰਦ ਗੁੱਟਾਂ ਦਾ ਸਮਰਥਨ ਅਤੇ ਅਮਰੀਕਾ ਨਾਲ ਦੁਸ਼ਮਣੀ ਦੀਆਂ ਨੀਤੀਆਂ 1979 ਵਿੱਚ ਸਹੀ ਹੋ ਸਕਦੀਆਂ ਸਨ, ਪਰ ਅੱਜ ਨਹੀਂ। ਉਹ ਹੁਣ ਇੱਕ ਸ਼ਾਂਤੀਪੂਰਨ ਅਤੇ ਆਮ ਜੀਵਨ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਮੁਤਾਬਕ, ਦੁਨੀਆ ਹੁਣ ਬਹੁਤ ਬਦਲ ਚੁੱਕੀ ਹੈ।

# ਅਮਰੀਕਾ ਨੇ ਕਿਉਂ ਕੀਤਾ ਇਰਾਨ 'ਤੇ ਹਮਲਾ ?

ਇਰਾਨੀਆਂ ਨੂੰ ਆਪਣੇ ਧਾਰਮਿਕ ਸ਼ਾਸਕਾਂ ਦਾ ਤਖ਼ਤਾ ਪਲਟਨ ਦੀ ਤਾਕੀਦ ਕਰਦਿਆਂ ਯੂ.ਐਸ. ਨੇ ਇਜ਼ਰਾਇਲ ਨਾਲ ਮਿਲ ਕੇ ਪਿਛਲੇ ਦਿਨੀਂ ਇਰਾਨ ਖ਼ਿਲਾਫ਼ 'ਵੱਡੇ ਜੰਗੀ ਅਭਿਆਨ' ਦੀ ਸ਼ੁਰੂਆਤ ਕਰ ਦਿੱਤੀ। ਯੂ.ਐਸ. ਇਸ ਅਪਰੇਸ਼ਨ ਨੂੰ 'ਐਪਿਕ ਫਿਓਰੀ' ਕਹਿ ਰਿਹਾ ਹੈ, ਜਦਕਿ ਇਜ਼ਰਾਇਲੀ ਇਸ ਨੂੰ 'ਸ਼ੇਰ ਦੀ ਦਹਾੜ' ਦੱਸ ਰਹੇ ਹਨ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਇਰਾਨ ਲੰਬੀ ਪਹੁੰਚ ਵਾਲੀਆਂ ਮਿਜ਼ਾਈਲਾਂ ਵਿਕਸਿਤ ਕਰ ਰਿਹਾ ਸੀ ਜੋ ਕਿ ਯੂਰਪ ਅਤੇ ਵਿਦੇਸ਼ਾਂ ਵਿੱਚ ਅਮਰੀਕੀ ਫ਼ੌਜੀਆਂ ਲਈ ਖ਼ਤਰਾ ਬਣ ਸਕਦੀਆਂ ਹਨ, ਇੱਥੋਂ ਤੱਕ ਕਿ ਅਮਰੀਕੀ ਸਰਜ਼ਮੀਨ ਤੱਕ ਵੀ ਪਹੁੰਚ ਸਕਦੀਆਂ ਹਨ।

ਉਨ੍ਹਾਂ ਨੇ ਤਹਿਰਾਨ ਵਿੱਚ ਯੂਐਸ ਦੇ ਦੂਤਾਵਾਸ 'ਤੇ 1979 'ਚ ਹੋਏ ਹਿੰਸਕ ਕਬਜ਼ੇ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਉਸ ਦੌਰਾਨ ਦਰਜਨਾਂ ਅਮਰੀਕੀਆਂ ਨੂੰ 444 ਦਿਨਾਂ ਲਈ ਬੰਧਕ ਬਣਾਇਆ ਗਿਆ ਸੀ।

ਟਰੰਪ ਨੇ 1983 ਵਿੱਚ ਇਰਾਨ ਦੇ ਪ੍ਰੌਕਸੀਆਂ ਵੱਲੋਂ ਬੇਰੂਤ ਵਿੱਚ ਯੂਐਸ ਮਰੀਨ ਬੈਰਕਾਂ 'ਤੇ ਕੀਤੀ ਬੰਬਾਰੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਦੌਰਾਨ 241 ਲੋਕ ਮਾਰੇ ਗਏ ਸਨ।

ਅਮਰੀਕਾ ਦੇ ਰਾਸ਼ਟਰਪਤੀ ਨੇ ਜਨਵਰੀ ਵਿੱਚ ਵੀ ਦਖਲ ਦੇਣ ਦਾ ਅਹਿਦ ਲਿਆ ਸੀ ਜਦੋਂ ਇਰਾਨ ਦੇ ਸੁਰੱਖਿਆ ਬਲਾਂ ਨੇ ਆਰਥਿਕ ਸੰਕਟ ਦੌਰਾਨ ਵਿਰੋਧ ਪ੍ਰਦਰਸ਼ਨਾਂ ਨੂੰ ਕੁਚਲ ਦਿੱਤਾ ਸੀ।

ਪਿਛਲੇ ਸਾਲ ਜੂਨ ਮਹੀਨੇ ਵਿੱਚ ਯੂ.ਐਸ. ਨੇ ਇਰਾਨ ਦੇ ਤਿੰਨ ਪ੍ਰਮਾਣੂ ਟਿਕਾਣਿਆਂ 'ਤੇ ਬੰਬ ਸੁੱਟੇ ਸੀ। ਟਰੰਪ ਨੇ



ਕਿਹਾ ਕਿ ਯੂ.ਐਸ. ਦੇ ਅਪਰੇਸ਼ਨ 'ਮਿਡ-ਨਾਈਟ ਹੈਮਰ' ਨੇ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਬਰਬਾਦ ਕਰ ਦਿੱਤਾ ਸੀ। ਪਿਛਲੀਆਂ ਗਰਮੀਆਂ ਵਿੱਚ ਯੂ.ਐਸ. ਦੇ ਹਮਲਿਆਂ ਨੇ ਇਰਾਨ ਅਤੇ ਇਜ਼ਰਾਇਲ ਵਿਚਕਾਰ 12 ਦਿਨ ਤੱਕ ਚੱਲੇ ਟਕਰਾਅ ਦੌਰਾਨ ਜੰਗਬੰਦੀ ਦਾ ਰਾਹ ਪੱਧਰਾ ਕੀਤਾ ਸੀ।

ਇਜ਼ਰਾਇਲ ਨੇ ਇਰਾਨ ਦੇ ਪ੍ਰਮਾਣੂ, ਫ਼ੌਜੀ ਅਤੇ ਬੁਨਿਆਦੀ ਢਾਂਚੇ ਵਾਲੇ ਟਿਕਾਣਿਆਂ 'ਤੇ ਹਵਾਈ ਹਮਲੇ ਕੀਤੇ ਸਨ। ਤਹਿਰਾਨ ਨੇ ਸੈਂਕੜੇ ਰਾਕੇਟ ਅਤੇ ਡਰੋਨ ਦਾਗ ਕੇ ਇਜ਼ਰਾਇਲ ਖ਼ਿਲਾਫ਼ ਜਵਾਬੀ ਕਾਰਵਾਈ ਕੀਤੀ ਸੀ।

ਆਪਣੇ ਵੀਡੀਓ ਸੰਦੇਸ਼ ਵਿੱਚ ਟਰੰਪ ਨੇ ਇਰਾਨ 'ਤੇ ਕੀਤੇ ਗਏ ਅਮਰੀਕੀ-ਇਜ਼ਰਾਇਲੀ ਹਮਲਿਆਂ ਨੂੰ 'ਵੱਡੀ ਜੰਗੀ ਕਾਰਵਾਈ' ਕਿਹਾ ਹੈ।

ਅਮਰੀਕੀ ਸੰਵਿਧਾਨ ਦੇ ਆਰਟੀਕਲ 1 ਮੁਤਾਬਕ, ਰਸਮੀ ਤੌਰ 'ਤੇ ਜੰਗ ਦਾ ਐਲਾਨ ਕਰਨ ਦੀ ਤਾਕਤ ਕਾਂਗਰਸ ਕੋਲ ਹੈ, ਪਰ ਹਾਲੇ ਤੱਕ ਕਾਂਗਰਸ ਨੇ ਅਜਿਹਾ ਰਸਮੀ ਐਲਾਨ ਨਹੀਂ ਕੀਤਾ ਹੈ। ਹਾਲਾਂਕਿ ਸੰਵਿਧਾਨ, ਰਾਸ਼ਟਰਪਤੀ ਨੂੰ ਮਿਲਟਰੀ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਅਧਿਕਾਰ ਦਿੰਦਾ ਹੈ। ਇਹੀ ਵਿਸ਼ਾ ਵਾਸ਼ਿੰਗਟਨ ਵਿੱਚ ਹਾਲ ਹੀ ਵਿੱਚ ਕਾਫ਼ੀ ਬਹਿਸ ਦਾ ਕਾਰਨ ਰਿਹਾ ਹੈ। ਇਰਾਨ 'ਤੇ ਯੂਐਸ-ਇਜ਼ਰਾਇਲ ਹਮਲੇ ਬਾਰੇ ਕੈਪੀਟਲ ਹਿੱਲ 'ਤੇ ਪ੍ਰਤੀਕਿਰਿਆਵਾਂ ਪਾਰਟੀ ਲਾਈਨਾਂ ਮੁਤਾਬਕ ਨਜ਼ਰ ਆਈਆਂ ਹਨ। ਕਾਂਗਰਸ ਦੇ ਦੋਹਾਂ ਚੈਂਬਰਾਂ 'ਤੇ ਕਾਬਜ਼ ਰਿਪਬਲੀਕਨ ਜ਼ਿਆਦਾਤਾਰ ਇਸ ਹਮਲੇ ਦੇ ਹੱਕ ਵਿੱਚ ਸਨ।

ਲੰਬੇ ਸਮੇਂ ਤੋਂ ਇਰਾਨ 'ਤੇ ਅਮਰੀਕੀ ਹਮਲੇ ਦੀ ਮੰਗ ਕਰ ਰਹੇ ਦੱਖਣੀ ਕੈਰੋਲੀਨਾ ਸੈਨੇਟਰ ਲਿੰਡਸੇ ਗ੍ਰਾਹਮ ਨੇ ਐਕਸ 'ਤੇ ਲਿਖਿਆ, 'ਇਹ ਕਾਰਵਾਈ ਜ਼ਰੂਰੀ ਹੈ ਅਤੇ ਜਾਇਜ਼ ਹੈ।'

ਰਿਪਬਲਿਕਨ ਲੀਡਰ ਅਤੇ ਹਾਊਸ ਸਪੀਕਰ ਮਾਈਕ ਜੌਹਨਸਨ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਹਮਲਿਆਂ ਤੋਂ ਪਹਿਲਾਂ 'ਗੈਂਗ ਆਫ ਏਟ' ਕਾਂਗਰਸ ਲੀਡਰਾਂ ਦੇ ਦੋ-ਪੱਖੀ ਸਮੂਹ ਨੂੰ ਸੂਚਿਤ ਕੀਤਾ ਸੀ।

(ਬਾਕੀ ਸਫ਼ਾ 26 'ਤੇ)

## ਚੋਣਾਂ ਤੋਂ ਪਹਿਲਾਂ ਭਖਿਆ ਪੰਜਾਬ ਦਾ ਸਿਆਸੀ ਅਖਾੜਾ

# ਬੇਅਦਬੀਆਂ, ਨਸ਼ੇ, ਗੈਂਗਸਟਰ, ਝੂਠੇ ਪੁਲਿਸ ਮੁਕਾਬਲੇ ਬਣੇ ਵੱਡੇ ਮੁੱਦੇ

## ਚੋਣ ਰਣਨੀਤੀਆਂ ਘੜਨ ਲੱਗੀਆਂ ਸਿਆਸੀ ਪਾਰਟੀਆਂ, ਪੰਜਾਬ ਦੀ ਸਿਆਸੀ ਹਵਾ ਕਿੱਧਰ ਨੂੰ ਵਗੇਗੀ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

### ਕੀ ਵਾਪਸੀ ਕਰ ਸਕੇਗਾ ਅਕਾਲੀ ਦਲ ?



ਮਾਰਚ 2026 ਦਾ ਸਮਾਂ ਪੰਜਾਬ ਦੀ ਰਾਜਨੀਤੀ ਲਈ ਬਹੁਤ ਮਹੱਤਵਪੂਰਨ ਹੈ। ਇੱਕ ਪਾਸੇ ਜਿੱਥੇ ਆਮ ਆਦਮੀ ਪਾਰਟੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾ ਰਹੀ ਹੈ, ਉੱਥੇ ਹੀ ਵਿਰੋਧੀ ਧਿਰਾਂ ਲਗਾਤਾਰ ਆਪ ਸਰਕਾਰ ਦੀ ਆਲੋਚਨਾ ਕਰ ਰਹੀਆਂ ਹਨ। ਪੰਜਾਬ ਦੀ ਸੱਤਾ ’ਤੇ ਬਿਰਾਜਮਾਨ ‘ਆਪ’ ਪਾਰਟੀ ਲਈ ਆਉਣ ਵਾਲਾ ਸਮਾਂ ‘ਅਗਨੀ ਪ੍ਰੀਖਿਆ’ ਤੋਂ ਘੱਟ ਨਹੀਂ ਹੈ। ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਅਤੇ ‘ਮੇਰੀ ਰਸੋਈ’ ਵਰਗੀਆਂ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ, ਪਰ ਜ਼ਮੀਨੀ ਪੱਧਰ ’ਤੇ ਸਥਿਤੀ ਵੱਖਰੀ ਹੈ। ਪੰਜਾਬੀ ‘ਆਪ’ ਪਾਰਟੀ ਤੋਂ ਨਿਰਾਸ਼ ਤੇ ਬੇਚੈਨ ਜਾਪਦੇ ਹਨ। ਪਰ ਆਪ ਸਰਕਾਰ ਆਪਣੀਆਂ ਮੁਫ਼ਤ ਬਿਜਲੀ ਸਕੀਮਾਂ ਅਤੇ ਸਿਹਤ ਸੇਵਾਵਾਂ ਨੂੰ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਮੰਨਦੀ ਹੈ। ਕਿਸਾਨਾਂ ਨਾਲ ਟਕਰਾਅ ਅਤੇ ਮੁਲਾਜ਼ਮਾਂ ਦੀ ਨਾਰਾਜ਼ਗੀ ਤੇ ਪੰਥਕ ਮੁੱਦਿਆਂ ਉੱਪਰ ਸਿੱਖ ਭਾਈਚਾਰੇ ਦੀ ਨਰਾਜ਼ਗੀ ਨੇ ਸਰਕਾਰ ਦੇ ਅਕਸ ਨੂੰ ਢਾਹ ਲਾਈ ਹੈ। ਸੂਬੇ ਵਿੱਚ ਵਧ ਰਹੀ ਗੈਂਗਸਟਰ ਹਿੰਸਾ, ਬੇਰੁਜ਼ਗਾਰੀ ਅਤੇ ਮਹਿੰਗਾਈ ਨੇ ਵੀ ਪੰਜਾਬੀਆਂ ਨੂੰ ਨਿਰਾਸ਼ ਕੀਤਾ ਹੈ।

ਵਿਰੋਧੀ ਪਾਰਟੀਆਂ ਲਈ ਇਹ ਸਮਾਂ ਆਪਣਾ ਵਜੂਦ ਬਚਾਉਣ ਅਤੇ ਲੋਕਾਂ ਦਾ ਭਰੋਸਾ ਜਿੱਤਣ ਦਾ ਹੈ। ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਦੀ ਬਰਨਾਲਾ ਰੈਲੀ ਨੇ ਕਾਂਗਰਸ ਵਿੱਚ ਨਵੀਂ ਜਾਨ ਫੂਕਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਮੁੱਖ ਧਿਆਨ ਕਿਸਾਨੀ ਮੁੱਦਿਆਂ ਅਤੇ ਮਨਰੇਗਾ ਵਰਗੀਆਂ ਸਕੀਮਾਂ ’ਤੇ ਹੈ।

ਅਕਾਲੀ ਦਲ ਬਾਦਲ ਲਈ ਇਹ ਸਭ ਤੋਂ ਔਖਾ ਦੌਰ ਹੈ। ਆਪਣਾ ਗੁਆਚਿਆ ਵੋਟ ਬੈਂਕ ਵਾਪਸ ਲਿਆਉਣ ਲਈ ਪਾਰਟੀ ਹਲਕਾ ਵਾਰ ਭਰਵੀਆਂ ਰੈਲੀਆਂ ਕਰ ਰਹੀ ਹੈ, ਪਰ ਅੰਦਰੂਨੀ ਕਲੇਸ਼ ਅਤੇ ਪਿਛਲੇ ਦੌਰ ਦੀਆਂ ਨਾਕਾਮੀਆਂ ਅਜੇ ਵੀ ਉਨ੍ਹਾਂ ਲਈ ਰੁਕਾਵਟ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪਾਰਟੀ ਨਵੇਂ ਚਿਹਰਿਆਂ ਅਤੇ ਪੰਜਾਬ ਤੇ ਪੰਥਕ ਮੁੱਦਿਆਂ ਨੂੰ ਅੱਗੇ ਲਿਆਉਂਦੀ ਹੈ, ਤਾਂ ਹੀ ਕੁਝ ਬਦਲਾਅ ਦੀ ਉਮੀਦ ਕੀਤੀ ਜਾ ਸਕਦੀ ਹੈ।

‘ਵਾਰਿਸ ਪੰਜਾਬ ਦੇ’ ਵਰਗੀਆਂ ਸੰਸਥਾਵਾਂ ਦੀ ਸਰਗਰਮੀ ਪੰਜਾਬ ਵਿੱਚ ਇੱਕ ਵੱਖਰੀ ਕਿਸਮ ਦੀ ਚੇਤਨਾ ਪੈਦਾ ਕਰ ਰਹੀ ਹੈ। ਉਹ ਸਿੱਧੇ ਤੌਰ ’ਤੇ ਚੋਣਾਂ ਵਿੱਚ ਹਿੱਸਾ ਲੈਣ ਨਾਲੋਂ ਪੰਥਕ ਅਤੇ ਸਮਾਜਿਕ ਮੁੱਦਿਆਂ ’ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿ ਵੋਟਾਂ ਦੇ ਧਰੁਵੀਕਰਨ ਵਿੱਚ ਵੱਡੀ ਭੂਮਿਕਾ ਨਿਭਾ ਸਕਦਾ ਹੈ।

ਭਾਜਪਾ ਦਾ ਪੰਜਾਬ ਵਿੱਚ ਪੈਰ ਪਸਾਰਨ ਦਾ ਸੁਪਨਾ ਅਜੇ ਵੀ ਕਿਸਾਨਾਂ ਦੇ ਵਿਰੋਧ ਕਾਰਨ ਉਲਝਿਆ ਹੋਇਆ ਹੈ। 14 ਮਾਰਚ ਨੂੰ ਅਮਿਤ ਸ਼ਾਹ ਦੀ ਮੋਗਾ ਰੈਲੀ ਪਾਰਟੀ ਲਈ ਇੱਕ ਨਵੀਂ ਸ਼ੁਰੂਆਤ ਹੋ ਸਕਦੀ ਹੈ।

ਕੀ ਹਨ ਪੰਜਾਬ ਦੇ ਸੰਕਟ ਤੇ ਮੁੱਦੇ ?

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬੀਆਂ ਦੇ ਮਨ ਵਿੱਚ ਕੁਝ ਸਵਾਲ ਬਹੁਤ ਡੂੰਘੇ ਹਨ, ਜੋ ਆਉਣ ਵਾਲੀਆਂ ਚੋਣਾਂ ਦਾ ਰੁਖ ਤੈਅ ਕਰਨਗੇ। ਨਸ਼ਿਆਂ ਦਾ ਮੁੱਦਾ ਪੰਜਾਬ ਦੀ ਸਿਆਸਤ ਵਿੱਚ ਹਮੇਸ਼ਾ ਤੋਂ ਗਰਮ ਰਿਹਾ ਹੈ। ‘ਆਪ’ ਸਰਕਾਰ ਨੇ ਨਸ਼ੇ ਖਤਮ ਕਰਨ ਦੇ ਦਾਅਵੇ ਕੀਤੇ ਸਨ, ਪਰ ਗਰਾਊਂਡ ਰਿਪੋਰਟਾਂ ਦੱਸਦੀਆਂ ਹਨ ਕਿ ਨਸ਼ਾ ਅਜੇ ਵੀ ਨੌਜਵਾਨਾਂ ਦੀਆਂ ਜਾਨਾਂ ਲੈ ਰਿਹਾ ਹੈ। ਅਜਿਹੀ ਸਥਿਤੀ ਲਈ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਦਾ ਨੁਕਸਦਾਰ ਸ਼ਾਸਨ ਪ੍ਰਬੰਧ ਹੀ ਇਸ ਲਈ ਜ਼ਿੰਮੇਵਾਰ ਰਿਹਾ ਹੈ। ਹਾਕਮ ਧਿਰਾਂ ਨੇ ਨੌਜਵਾਨਾਂ ਲਈ ਕੋਈ ਉਸਾਰੂ ਨੀਤੀਆਂ ਨਹੀਂ ਬਣਾਈਆਂ, ਜਿਸ ਦੇ ਬੁਰੇ ਨਤੀਜੇ ਅੱਜ ਸਭ ਦੇ ਸਾਹਮਣੇ ਹਨ। ਨਸ਼ਿਆਂ ਨੇ ਨੌਜਵਾਨ ਪੀੜ੍ਹੀ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ। ਹੁਣ ਸਾਰੀਆਂ ਸਿਆਸੀ ਪਾਰਟੀਆਂ ਨਸ਼ੇ ਦੇ ਫ਼ੈਲਾਅ ਲਈ ਇਕ-ਦੂਜੇ ’ਤੇ ਚਿੱਕੜ ਸੁੱਟ ਰਹੀਆਂ ਹਨ, ਪਰ ਹਾਲਾਤ ਬਦਤਰ ਦੇ ਬਦਤਰ ਹੀ ਹਨ।

ਸਿਆਸੀ ਮਾਹਿਰ ਸੁਖਦੇਵ ਸਿੰਘ ਚੰਡੀਗੜ੍ਹ ਸੀਨੀਅਰ ਪੱਤਰਕਾਰ ਦਾ ਮੰਨਣਾ ਹੈ ਕਿ ਵੱਡੀ ਗਿਣਤੀ ਵਿੱਚ ਨੌਜਵਾਨ ਨਸ਼ਿਆਂ ਦੀ ਲਪੇਟ ਵਿੱਚ ਆ ਕੇ ਜਾਨ ਗਵਾ ਰਹੇ ਹਨ। ਮਾਰਚ 2025 ਤੋਂ ਲੈ ਕੇ ਸਾਲ ਦੇ ਅਖੀਰ ਤੱਕ 50,000 ਦੇ ਕਰੀਬ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। 33 ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ ਸਨ, ਪਰ ਇਹ ਸਵਾਲ ਹਾਲੇ ਵੀ ਬਰਕਰਾਰ ਹੈ ਕਿ ਏਨੇ ਕੇਸ ਦਰਜ ਕੀਤੇ ਹਨ, ਏਨੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਨਸ਼ਾ ਫ਼ਿਰ ਵੀ ਕਿਉਂ ਕੰਟਰੋਲ ਨਹੀਂ ਹੋ ਰਿਹਾ।

ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਤਸਕਰਾਂ ਨਾਲੋਂ ਵਧੇਰੇ ਨਸ਼ੇੜੀਆਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ। ਜੇਕਰ ਤਸਕਰ ਜੇਲ੍ਹਾਂ ਵਿੱਚ ਹੁੰਦੇ ਤਾਂ ਸੂਬੇ ਦੇ ਹਾਲਾਤ ਹੋਰ ਹੋਣੇ ਸੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਸ਼ੇ ਦੇ ਖੁੱਲ੍ਹੇ ਰੁਝਾਨ ਦਾ ਇਕ ਕਾਰਨ ਇਹ ਵੀ ਹੈ ਕਿ ਇਸ ਨੂੰ ਕੁਝ ਹੱਦ ਤੱਕ ਸਰਕਾਰੀ ਸਰਪ੍ਰਸਤੀ ਹਾਸਿਲ ਹੈ। ਲੰਘੇ ਸਮੇਂ ਵਿੱਚ ਨਸ਼ੇ ਵਿੱਚ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਦਾ ਖੁਲਾਸਾ ਵੀ ਹੋ ਚੁੱਕਾ ਹੈ। ਸਾਰਾ ਪ੍ਰਬੰਧ ਪੁਲਿਸ ਪ੍ਰਸ਼ਾਸਨ ਦੇ ਹਵਾਲੇ ਕਰ ਦਿੱਤਾ ਗਿਆ ਹੈ। ਸਿਵਲ ਪ੍ਰਸ਼ਾਸਨ ਤੇ ਸਮਾਜਿਕ ਸੰਗਠਨਾਂ ਦੀ ਜਵਾਬਦੇਹੀ ਖ਼ਤਮ ਕਰ ਦਿੱਤੀ ਗਈ ਹੈ।

ਸਿੱਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਪਹਿਲਾਂ ਸੂਬੇ ’ਚ ਨਸ਼ਿਆਂ ਕਾਰਨ ਹੁੰਦੀਆਂ ਮੌਤਾਂ ਦੀ ਚੁਣੌਤੀ ਸੀ। ਹੁਣ ਤਾਂ ਫ਼ਿਰੌਤੀਆਂ ਦੇ ਨਾਂਅ ’ਤੇ ਕਤਲਾਂ ਦੀ ਨਵੀਂ ਚੁਣੌਤੀ ਉੱਭਰ ਆਈ ਹੈ। ਗੈਂਗਸਟਰਾਂ ਵਲੋਂ ਗੈਂਗਵਾਰ ਦੀਆਂ ਘਟਨਾਵਾਂ ਤਾਂ ਆਮ ਹੀ ਵਾਪਰ ਰਹੀਆਂ ਹਨ, ਫ਼ਿਰੌਤੀਆਂ ਨਾ ਮਿਲਣ ’ਤੇ ਹੁਣ ਤੱਕ ਅਨੇਕਾਂ ਕਾਰੋਬਾਰੀਆਂ, ਵਪਾਰੀਆਂ, ਦੁਕਾਨਦਾਰਾਂ ਦੀਆਂ ਹੱਤਿਆਵਾਂ ਕੀਤੀਆਂ ਗਈਆਂ ਹਨ। ਪੰਜਾਬ ’ਚ ਪਿਛਲੇ 5 ਸਾਲਾਂ ’ਚ 226 ਫ਼ੀਸਦੀ ਅਪਰਾਧਕ ਘਟਨਾਵਾਂ ਵਿਚ ਵਾਧਾ ਹੋਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਰੁਜ਼ਗਾਰ ਦੇ ਮੌਕੇ ਨਾਂਹ ਦੇ ਬਰਾਬਰ ਹਨ। ਨੌਜਵਾਨਾਂ ਨੂੰ ਸੂਬੇ ਵਿੱਚ ਆਪਣਾ ਭਵਿੱਖ ਹਨੇਰੇ ਵਿੱਚ ਦਿਸਦਾ ਹੈ। ਅਜਿਹੀ ਸਥਿਤੀ ਤੋਂ ਅੱਕੇ ਲੋਕ ਜੇਕਰ ਪਹੁੰਚ ਹੋਵੇ ਤਾਂ ਵਿਦੇਸ਼ ਚਲੇ ਜਾਂਦੇ ਹਨ ਜਾਂ ਫ਼ਿਰ ਨਸ਼ੇ ਵਰਗੀਆਂ ਅਲਾਮਤਾਂ ਲਗਾ ਬੈਠਦੇ ਹਨ।

ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ ‘ਝੂਠੇ ਪੁਲਿਸ ਮੁਕਾਬਲਿਆਂ’ ਦਾ ਜ਼ਿਕਰ ਪੰਜਾਬ ਦੇ ਇਤਿਹਾਸ ਵਿੱਚ ਬਹੁਤ ਸੰਵੇਦਨਸ਼ੀਲ ਰਿਹਾ ਹੈ। ਜਦੋਂ ਵੀ ਅਜਿਹਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ, ਤਾਂ ਲੋਕਾਂ ਦੇ ਮਨਾਂ ਵਿੱਚ ਪੁਰਾਣੇ ਦੌਰ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਗੁਰਦਾਸਪੁਰ ਵਿੱਚ ਹੋਏ ਪੁਲਿਸ ਮੁਕਾਬਲੇ ਦੌਰਾਨ ਰਣਜੀਤ ਸਿੰਘ ਦੀ ਹੋਈ ਮੌਤ ਦਾ ਮਾਮਲਾ ਮਹਿਜ਼ ਇੱਕ ਕਾਨੂੰਨ-ਵਿਵਸਥਾ ਦਾ ਕੇਸ ਨਹੀਂ ਰਿਹਾ, ਸਗੋਂ ਇਹ ਆਪ ਸਰਕਾਰ ਲਈ ਇੱਕ ਗੰਭੀਰ ਸਿਆਸੀ ਚੁਣੌਤੀ ਬਣ ਕੇ ਉੱਭਰਿਆ ਹੈ। ਡਾਕਟਰ ਖੁਸ਼ਹਾਲ ਸਿੰਘ ਚੰਡੀਗੜ੍ਹ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਰਣਜੀਤ ਸਿੰਘ ਦੀ ਜਾਂਚ ਵਿੱਚ ਦੇਰੀ ਕਰਦੀ ਹੈ ਤਾਂ ਜਨਤਕ ਰੋਸ ਵਧੇਗਾ। ਇਹ ਆਪ ਲਈ ‘ਸਿਆਸੀ ਨੁਕਸਾਨ’ ਦਾ ਕਾਰਨ ਬਣੇਗਾ। ਪਰਿਵਾਰ ਵੱਲੋਂ ਪੀ.ਜੀ.ਆਈ. ਤੋਂ ਪੋਸਟਮਾਰਟਮ ਅਤੇ ਸੀ.ਬੀ.ਆਈ. ਜਾਂਚ ਦੀ ਮੰਗ ਸਿੱਧੇ ਤੌਰ ’ਤੇ ਪੰਜਾਬ ਪੁਲਿਸ ਦੀ ਜਾਂਚ ਪ੍ਰਕਿਰਿਆ ’ਤੇ ਅਵਿਸ਼ਵਾਸ ਪ੍ਰਗਟਾਉਂਦੀ ਹੈ। ਇੱਕ ਸੂਬਾ ਸਰਕਾਰ ਲਈ ਇਹ ਮੰਨਣਾ ਕਿ “ਸਾਡੀ ਪੁਲਿਸ ਜਾਂਚ ਕਰਨ ਦੇ ਸਮਰੱਥ ਨਹੀਂ ਹੈ,” ਬਹੁਤ ਵੱਡਾ ਸਿਆਸੀ ਝਟਕਾ ਹੁੰਦਾ ਹੈ। ਇਸੇ ਲਈ ਸਰਕਾਰ ਇਸ ਮੰਗ ਨੂੰ ਮੰਨਣ ਤੋਂ ਕਤਰਾ ਰਹੀ ਹੈ, ਪਰ ਇਨਕਾਰ ਕਰਨਾ ਲੋਕਾਂ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਨੂੰ ਹੋਰ ਵੀ ਦੋਸ਼ੀ ਸਾਬਤ ਕਰ ਰਿਹਾ ਹੈ।

ਮਨੁੱਖੀ ਅਧਿਕਾਰ ਸੰਗਠਨ ਅਤੇ ਸਿਵਲ ਸੁਸਾਇਟੀ ਲਗਾਤਾਰ ਪੁਲਿਸ ਦੀ ਕਾਰਜਸ਼ੈਲੀ ’ਤੇ ਸਵਾਲ ਚੁੱਕ ਰਹੇ ਹਨ। ਜੇਕਰ ਚੋਣਾਂ ਵਿੱਚ ਇਹ ਮੁੱਦਾ ਭਖਦਾ ਹੈ, ਤਾਂ ਇਹ ਸੱਤਾਧਾਰੀ ਧਿਰ ਲਈ ਮੁਸੀਬਤ ਬਣ ਸਕਦਾ ਹੈ।

ਮਾਰਚ ਮਹੀਨਾ ਬਜਟ ਸੈਸ਼ਨ ਨਾਲ ਸ਼ੁਰੂ ਹੋ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀਆਂ ਰੈਲੀਆਂ ਅਤੇ ਸਰਕਾਰੀ ਐਲਾਨ ਇਹ ਤੈਅ ਕਰਨਗੇ ਕਿ ਪੰਜਾਬ ਦੀ ਸਿਆਸੀ ਦਿਸ਼ਾ ਕੀ ਹੋਵੇਗੀ। ਧਰਮ ਪਰਿਵਰਤਨ ਵਰਗੇ ਮੁੱਦੇ ਜਿਨ੍ਹਾਂ ਨੂੰ ਕੇਂਦਰੀ ਆਗੂ ਉਭਾਰ ਰਹੇ ਹਨ, ਉਹ ਵੀ ਚੋਣਾਂ ਵਿੱਚ ਇੱਕ ਨਵਾਂ ਮੋੜ ਲਿਆ ਸਕਦੇ ਹਨ।

ਪੰਜਾਬ ਦੇ ਲੋਕਾਂ ਨੂੰ ਇੱਕ ਮਜ਼ਬੂਤ ਅਤੇ ਇਮਾਨਦਾਰ ਲੀਡਰਸ਼ਿਪ ਦੀ ਭਾਲ ਹੈ। ਜੋ ਵੀ ਪਾਰਟੀ ਨਸ਼ਿਆਂ, ਬੇਰੁਜ਼ਗਾਰੀ ਅਤੇ ਖੇਤੀਬਾੜੀ ਦੇ ਮੁੱਦਿਆਂ ’ਤੇ ਠੋਸ ਅਤੇ ਵਿਹਾਰਕ ਹੱਲ ਪੇਸ਼ ਕਰੇਗੀ, ਪੰਜਾਬੀ ਉਸੇ ਨੂੰ ਅਪਣਾਉਣਗੇ।

ਪੰਜਾਬ ਦੀਆਂ ਜੇਲ੍ਹਾਂ ਲਈ ਸਿਰਦਰਦੀ ਬਣੇ ‘ਭਗੌੜੇ ਕੈਦੀ’

ਪੰਜਾਬ ਦੀਆਂ ਜੇਲ੍ਹਾਂ ਸਿਰਫ਼ ਅਪਰਾਧੀਆਂ ਨੂੰ ਸੁਧਾਰਨ ਦਾ ਮਾਧਿਅਮ ਨਹੀਂ ਰਹੀਆਂ, ਸਗੋਂ ਹੁਣ ਇਹ ‘ਸੁਰੱਖਿਅਤ ਪਨਾਹਗਾਹਾਂ’ ਅਤੇ ‘ਭਗੌੜੇ ਕੈਦੀਆਂ ਦੇ ਅੱਡੇ’ ਵਜੋਂ ਉੱਭਰ ਰਹੀਆਂ ਹਨ। ਕੌਮੀ ਪੱਧਰ ’ਤੇ ਜਾਰੀ ਹੋਏ ਤਾਜ਼ਾ ਅੰਕੜਿਆਂ ਮੁਤਾਬਕ, ਪੰਜਾਬ ਦੀਆਂ ਜੇਲ੍ਹਾਂ ਵਿੱਚੋਂ 154 ਕੈਦੀ ਅਜਿਹੇ ਹਨ ਜੋ ਪੈਰੋਲ ਲੈ ਕੇ ਗਏ ਸਨ ਪਰ ਮੁੜ ਵਾਪਸ ਨਹੀਂ ਆਏ। ਜੇਲ੍ਹ ਨਿਯਮਾਂ ਅਨੁਸਾਰ, ਇੱਕ ਕੈਦੀ 4 ਮਹੀਨੇ ਦੀ ਸਜ਼ਾ ਭੁਗਤਣ ਤੋਂ ਬਾਅਦ ਪੈਰੋਲ ਦਾ ਹੱਕਦਾਰ ਹੋ ਜਾਂਦਾ ਹੈ। (ਬਾਕੀ ਸਫ਼ਾ 26 ’ਤੇ)


# ‘ਆਪ’ ਵਿੱਚ ਬਗ਼ਾਵਤ ਦਾ ਖ਼ਤਰਾ ! ਕਿਹੜੇ ਵਿਧਾਇਕਾਂ ਦੀ ਕੱਟੀ ਜਾਵੇਗੀ ਟਿਕਟ ?

## ਸਿਆਸੀ ਗਲਿਆਰਿਆਂ ਵਿੱਚ ਚਰਚਾ: ਪੰਜਾਬ ‘ਆਪ’ ਕਿਉਂ ਹੈ ਅਸੁਰੱਖਿਅਤ ?

## ਕੀ ‘ਆਪ’ ਦੇ ਵਿਧਾਇਕ ਬਦਲਣਗੇ ਰਾਹ ? ਪੰਜਾਬ ਦੀ ਸਿਆਸਤ ’ਚ ਭੱਖਿਆ ਮਾਹੌਲ

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਬਗਾਵਤ ਦਾ ਖ਼ਤਰਾ ਮੰਡਰਾ ਰਿਹਾ ਹੈ, ਜਿਸ ਦੇ ਸੰਕੇਤ ਸਿਆਸੀ ਸੂਤਰਾਂ ਤੋਂ ਮਿਲੇ ਹਨ, ਜਿਸ ਵਿੱਚ ਵਿਧਾਇਕਾਂ ਨੂੰ ਨਜ਼ਰਅੰਦਾਜ਼ ਕਰ ਕੇ ਦਿੱਲੀ ਟੀਮ ਜ਼ਰੀਏ ਡਿਟੇਲ ਜੁਟਾਈ ਜਾ ਰਹੀ ਹੈ। ਜੇਕਰ ਪੰਜਾਬ ਦੇ ਸਿਆਸੀ ਮਾਹੌਲ ਦੀ ਗੱਲ ਕਰੀਏ ਤਾਂ ਕਿਸੇ ਵੀ ਚੋਣਾਂ ਤੋਂ ਪਹਿਲਾਂ ਨੇਤਾਵਾਂ ਦੇ ਵੱਡੇ ਪੱਧਰ ’ਤੇ ਪਾਰਟੀਆਂ ਬਦਲਣ ਦੀ ਰਵਾਇਤ ਚੱਲ ਰਹੀ ਹੈ। ਇਹੀ ਹਾਲਾਤ 2027 ਦੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਕ ਵਾਰ ਫ਼ਿਰ ਆਮ ਆਦਮੀ ਪਾਰਟੀ ਦੇ ਸਾਹਮਣੇ ਪੈਦਾ ਹੋਣ ਵਾਲੇ ਹਨ, ਕਿਉਂਕਿ ਆਮ ਆਦਮੀ ਪਾਰਟੀ ਦੀ ਪਤਲੀ ਹਾਲਤ ਨੂੰ ਧਿਆਨ ਰੱਖਦੇ ਹੋਏ ਕਈ ਵਿਧਾਇਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵਾਂ ਰਾਹ ਲੱਭ ਰਹੇ ਹਨ।

ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀ ਹਲਚਲ ਮਚੀ ਹੋਈ ਹੈ। 2022 ਵਿੱਚ ਭਰਵੀਂ ਜਿੱਤ ਤੋਂ ਬਾਅਦ ਆਪ ਨੇ ਭਗਵੰਤ ਮਾਨ ਦੀ ਅਗਵਾਈ ਵਿਚ ਸਰਕਾਰ ਬਣਾਈ ਸੀ ਅਤੇ 92 ਸੀਟਾਂ ਨਾਲ ਇਤਿਹਾਸ ਰਚਿਆ ਸੀ। ਪਰ ਹੁਣ ਪੰਜਾਬੀਆਂ ਵਿੱਚ ਆਪ ਤੋਂ ਨਿਰਾਸ਼ਾ ਵਧਦੀ ਜਾ ਰਹੀ ਹੈ। ਦਿੱਲੀ ਵਿੱਚ ਫਰਵਰੀ 2025 ਵਿੱਚ ਹੋਈ ਹਾਰ ਤੋਂ ਬਾਅਦ ਪੰਜਾਬ ਵਿੱਚ ਵੀ ਬਗਾਵਤ ਦੀਆਂ ਅਫਵਾਹਾਂ ਫੈਲ ਰਹੀਆਂ ਹਨ। ਬੀਤੇ ਸਮੇਂ ਦੌਰਾਨ ਕਾਂਗਰਸ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦਾਅਵਾ ਕੀਤਾ ਸੀ ਕਿ ਲਗਭਗ 30 ਤੋਂ ਵੱਧ ਆਪ ਵਿਧਾਇਕ ਉਨ੍ਹਾਂ ਨਾਲ ਸੰਪਰਕ ਵਿੱਚ ਹਨ ਅਤੇ ਪਾਰਟੀ ਬਦਲਣ ਲਈ ਤਿਆਰ ਹਨ। ਭਗਵੰਤ ਮਾਨ ਨੇ ਇਸ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਆਪ ਵਿੱਚ ਕੋਈ ਬਗਾਵਤ ਨਹੀਂ, ਬਲਕਿ ਇਹ ਵਿਰੋਧੀਆਂ ਦੀ ਬੇਬੁਨਿਆਦ ਚਾਲ ਹੈ। ਪਰ ਹਕੀਕਤ ਇਹ ਹੈ ਕਿ ਪਾਰਟੀ ਅੰਦਰ ਅਸੰਤੋਸ਼ ਵਧ ਰਿਹਾ ਹੈ।



ਇਸ ਅਸੰਤੋਸ਼ ਦੀਆਂ ਕਈ ਵਜ੍ਹਾਂ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਵਿਧਾਇਕਾਂ ਨੂੰ ਆਪਣੇ ਹਲਕੇ ਵਿੱਚ ਕੰਮ ਕਰਨ ਦੀ ਆਜ਼ਾਦੀ ਨਹੀਂ ਮਿਲ ਰਹੀ। ਇੱਕ ਵਿਧਾਇਕ ਨੇ ਨਾਮ ਗੁਪਤ ਰੱਖਣ ਦੀ ਸ਼ਰਤ ’ਤੇ ਦੱਸਿਆ, ‘ਦਿੱਲੀ ਤੋਂ ਆਉਂਦੇ ਹੁਕਮਾਂ ਤੋਂ ਬਿਨਾਂ ਇੱਕ ਫਾਈਲ ਵੀ ਨਹੀਂ ਹਿਲਦੀ। ਮੁੱਖ ਮੰਤਰੀ ਭਗਵੰਤ ਮਾਨ ਖੁਦ ਦਿੱਲੀ ਟੀਮ ਦੇ ਅਧੀਨ ਹਨ।’ ਇਸੇ ਲਈ ਪਾਰਟੀ ਵੱਲੋਂ ਵਿਧਾਇਕਾਂ ਨੂੰ ਸਾਈਡਲਾਈਨ ਕਰਕੇ ਦਿੱਲੀ ਟੀਮ, ਖਾਸ ਕਰਕੇ ਮਨੀਸ਼ ਸਿਸੋਦੀਆ ਅਤੇ ਸਤਿੰਦਰ ਜੈਨ ਨੂੰ ਪੰਜਾਬ ਵਿੱਚ ਭੇਜਿਆ ਗਿਆ ਹੈ। ਉਨ੍ਹਾਂ ਵੱਲੋਂ ਹਰ ਹਲਕੇ ਵਿੱਚ ਐਕਟਿਵ ਵਰਕਰਾਂ, ਲੋਕਲ ਆਗੂਆਂ ਅਤੇ ਜਨਤਾ ਤੋਂ ਫੀਡਬੈਕ ਲਿਆ ਜਾ ਰਿਹਾ ਹੈ। ਇਸ ਨੂੰ ਲੈ ਕੇ ਵਿਧਾਇਕਾਂ ਵਿੱਚ ਰੋਸ ਹੈ ਕਿ ਉਨ੍ਹਾਂ ਨੂੰ ਬਾਈਪਾਸ ਕੀਤਾ ਜਾ ਰਿਹਾ ਹੈ।

ਲੁਧਿਆਣਾ ਦੇ ਦੋ ਸ਼ਹਿਰੀ ਵਿਧਾਇਕਾਂ ਦੇ ਨਾਂਅ ਦੀ ਚਰਚਾ ਸਭ ਤੋਂ ਜ਼ਿਆਦਾ ਹੋ ਰਹੀ ਹੈ। ਇਸ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਵੀ ਬਗਾਵਤ ਨਾਲ ਨਜਿੱਠਣ ਲਈ ਦੂਜੇ ਬਦਲਾਂ ’ਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਤਹਿਤ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਐਕਟਿਵ ਵਰਕਰਾਂ ਦੀ ਲਿਸਟ ਤਿਆਰ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਟਿਕਟ ਦੇਣ ਦੀ ਤਿਆਰੀ ਹੈ।

ਕਈਆਂ ਵਿਧਾਇਕਾਂ ਦੀ ਟਿਕਟ ਬਦਲਣ ਤੋਂ ਲੈ ਕੇ ਕੱਟਣ ਤੱਕ ਦੀ ਚਰਚਾ ਤੇਜ਼ ਹੈ। ਆਪ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਈ ਵਿਧਾਇਕਾਂ ਦੀ ਟਿਕਟ ਬਦਲਣ ਤੋਂ ਲੈ ਕੇ ਕੱਟਣ ਤੱਕ ਦੀ ਚਰਚਾ ਹੋ ਰਹੀ ਹੈ। ਇਨ੍ਹਾਂ ਵਿੱਚ ਮੁੱਖ ਤੌਰ ’ਤੇ ਉਹ ਵਿਧਾਇਕ ਸ਼ਾਮਲ ਹਨ, ਜਿਨ੍ਹਾਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ ਜਾਂ ਉਨ੍ਹਾਂ ਨਾਲ ਜੁੜੇ ਵਿਵਾਦ ਸਾਹਮਣੇ ਆਏ ਹਨ। ਇਸ ਸਬੰਧੀ ਫੀਡਬੈਕ ਆਮ ਆਦਮੀ ਪਾਰਟੀ ਕੋਲ ਪਹੁੰਚਿਆ ਹੈ ਤੇ ਵੱਖਰਾ ਸਰਵੇ ਵੀ ਕਰਵਾਇਆ ਜਾ ਰਿਹਾ ਹੈ। ਜਿਸ ਦੇ ਅਧਾਰ ’ਤੇ ਪਬਲਿਕ ਦੇ ਨੈਗੇਟਿਵ ਰਿਸਪਾਂਸ ਵਾਲੇ ਵਿਧਾਇਕਾਂ ਦੀ ਛੁੱਟੀ ਕਰਨ ਦਾ ਫ਼ੈਸਲਾ ਕੀਤਾ ਜਾ ਸਕਦਾ ਹੈ।

ਰਾਜਨੀਤਕ ਵਿਸ਼ਲੇਸ਼ਕਾਂ ਅਨੁਸਾਰ ਇਸ ਤਰ੍ਹਾਂ ਦੇ 15 ਤੋਂ 20 ਵਿਧਾਇਕਾਂ ’ਤੇ ਟਿਕਟ ਕੱਟਣ ਦਾ ਖ਼ਤਰਾ ਮੰਡਰਾ ਰਿਹਾ ਹੈ।

ਪੰਜਾਬੀਆਂ ਨੂੰ ‘ਆਪ’ ਤੋਂ ਨਿਰਾਸ਼ਾ ਕਿਉਂ ਹੋ ਰਹੀ ਹੈ ?

ਪਹਿਲੀ ਵੱਡੀ ਵਜ੍ਹਾ ਡਰੱਗਸ ਦਾ ਮਸਲਾ ਹੈ। ਭਗਵੰਤ ਮਾਨ ਨੇ ਚੋਣਾਂ ਵਿੱਚ ਵਾਅਦਾ ਕੀਤਾ ਸੀ ਕਿ ਤਿੰਨ ਮਹੀਨਿਆਂ ਵਿੱਚ ਪੰਜਾਬ ਨੂੰ ਡਰੱਗ-ਫ੍ਰੀ ਬਣਾ ਦੇਣਗੇ, ਪਰ ਚਾਰ ਸਾਲ ਬੀਤ ਗਏ ਅਤੇ ਡਰੱਗਸ ਅਜੇ ਵੀ ਯੂਥ ਨੂੰ ਖੋਖਲਾ ਕਰ ਰਹੀ ਹੈ। (ਬਾਕੀ ਸਫ਼ਾ 26 ’ਤੇ)

# ਐਫ਼-1 ਵੀਜ਼ਾ ਧਾਰਕਾਂ ਲਈ ਪੜ੍ਹਾਈ ਤੋਂ ਬਾਅਦ ਦੇ ਕੰਮ ਲਈ ਨਿਯਮਾਂ ਨੂੰ ਬਦਲਣ ਲੱਗਿਆ ਅਮਰੀਕਾ






ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਪੜ੍ਹਾਈ ਕਰ ਰਹੇ ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵੱਧ ਸਕਦੀਆਂ ਹਨ। ਤਾਜ਼ਾ ਜਾਣਕਾਰੀ ਮੁਤਾਬਕ ਅਮਰੀਕਾ ਵੱਲੋਂ ਇੱਕ ਵੱਡਾ ਕਦਮ ਚੁੱਕਿਆ ਗਿਆ ਹੈ ਜੋ ਉੱਥੇ ਪੜ੍ਹ ਰਹੇ ਹਜ਼ਾਰਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਪ੍ਰਭਾਵਿਤ ਕਰੇਗਾ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਐਲਾਨ ਕੀਤਾ ਹੈ ਕਿ ਉਹ ਵਿਕਲਪਿਕ ਪ੍ਰੈਕਟੀਕਲ ਸਿਖਲਾਈ ਪ੍ਰੋਗਰਾਮ ਦਾ ਮੁੜ ਮੁਲਾਂਕਣ ਕਰ ਰਿਹਾ ਹੈ। ਇਸਦਾ ਮਤਲਬ ਹੈ ਕਿ ਐਫ਼-1 ਵੀਜ਼ਾ ਧਾਰਕਾਂ ਲਈ ਪੜ੍ਹਾਈ ਤੋਂ ਬਾਅਦ ਦੇ ਕੰਮ ਲਈ ਨਿਯਮਾਂ ਨੂੰ ਬਦਲਿਆ ਜਾ ਸਕਦਾ ਹੈ। ਸੈਨੇਟਰ ਐਰਿਕ ਸ਼ਮਿਟ ਨੂੰ ਲਿਖੇ ਇੱਕ ਪੱਤਰ ਵਿੱਚ ਗ੍ਰਹਿ ਸੁਰੱਖਿਆ ਸਕੱਤਰ ਕ੍ਰਿਸਟੀ ਨੋਏਮ ਨੇ ਕਿਹਾ ਕਿ ਵਿਭਾਗ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਕੀ ਮੌਜੂਦਾ ਪ੍ਰਣਾਲੀ - ਖਾਸ ਤੌਰ 'ਤੇ, ਸਿਖਲਾਈ ਦੀ ਮਿਆਦ ਅਤੇ ਦਾਇਰਾ ਕੀ ਇਹ ਅਮਰੀਕੀ ਲੇਬਰ ਮਾਰਕੀਟ, ਟੈਕਸ ਪ੍ਰਣਾਲੀ ਅਤੇ ਰਾਸ਼ਟਰੀ ਸੁਰੱਖਿਆ ਦੇ ਹਿੱਤ ਵਿੱਚ ਹੈ ਜਾਂ ਨਹੀਂ। ਨਾਲ ਹੀ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਇਹ ਵਿਵਸਥਾ ਕਾਂਗਰਸ ਦੇ ਇਰਾਦੇ ਦੇ ਅਨੁਕੂਲ ਹੈ।

**ਅਮਰੀਕਾ 'ਚ ਪੜ੍ਹ ਰਹੇ 3 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ**

300,000 ਤੋਂ ਵੱਧ ਭਾਰਤੀ ਵਿਦਿਆਰਥੀ ਇਸ ਸਮੇਂ ਸੰਯੁਕਤ ਰਾਜ ਅਮਰੀਕਾ ਵਿੱਚ ਪੜ੍ਹ ਰਹੇ ਹਨ, ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਓ.ਪੀ.ਟੀ. ਅਧੀਨ ਕੰਮ ਕਰ ਰਹੇ ਹਨ। ਜੇਕਰ ਕੋਈ ਨਵਾਂ ਨਿਯਮ ਬਣਾਇਆ ਜਾਂਦਾ ਹੈ ਤਾਂ ਵਿਦੇਸ਼ੀ ਵਿਦਿਆਰਥੀ ਖ਼ਾਸ ਕਰ ਕੇ ਭਾਰਤੀ ਵਿਦਿਆਰਥੀ ਵੀ ਪ੍ਰਭਾਵਿਤ ਹੋਣਗੇ। ਨੋਏਮ ਨੇ ਪੱਤਰ ਵਿੱਚ ਲਿਖਿਆ ਕਿ ਡੀ.ਐਚ.ਐਸ. ਇਹ ਯਕੀਨੀ ਬਣਾਉਣਾ ਚਾਹੁੰਦਾ ਹੈ ਕਿ ਇਮੀਗ੍ਰੇਸ਼ਨ ਪ੍ਰੋਗਰਾਮ ਅਮਰੀਕੀ ਕਾਮਿਆਂ ਦੇ ਹਿੱਤ ਵਿੱਚ ਹੋਣ ਅਤੇ ਰਾਸ਼ਟਰੀ ਸੁਰੱਖਿਆ ਦੀ ਰੱਖਿਆ ਕੀਤੀ ਜਾਵੇ। ਉਸਨੇ ਇਹ ਵੀ ਸਵੀਕਾਰ ਕੀਤਾ ਕਿ ਹਾਲ ਹੀ ਦੇ ਸਾਲਾਂ ਵਿੱਚ ਵਿਹਾਰਕ ਸਿਖਲਾਈ ਪ੍ਰੋਗਰਾਮਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜਿਸ ਨਾਲ ਕੁਝ ਜੋਖਮ ਅਤੇ ਚੁਣੌਤੀਆਂ ਪੈਦਾ ਹੋਈਆਂ ਹਨ।

ਪੱਤਰ ਅਨੁਸਾਰ, ਯੂਐਸ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਦਾ ਸਟੂਡੈਂਟ ਐਂਡ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ 'ਇਨ੍ਹਾਂ ਮੁਸ਼ਕਿਲਾਂ ਨੂੰ ਸਮਝਦਾ ਹੈ ਅਤੇ ਕਮਜ਼ੋਰੀਆਂ ਨੂੰ ਘਟਾਉਣ ਅਤੇ ਤੁਹਾਡੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਕਾਰਵਾਈ ਕਰ ਰਿਹਾ ਹੈ।' ਓਪੀਟੀ ਪ੍ਰੋਗਰਾਮ ਅਧੀਨ ਐਫ-1 ਵੀਜ਼ਾ 'ਤੇ ਪੜ੍ਹ ਰਹੇ ਵਿਦਿਆਰਥੀ ਆਪਣੀ ਡਿਗਰੀ ਪੂਰੀ ਕਰਨ ਤੋਂ ਬਾਅਦ ਵੱਧ ਤੋਂ ਵੱਧ 12 ਮਹੀਨਿਆਂ ਲਈ ਸੰਯੁਕਤ ਰਾਜ ਅਮਰੀਕਾ ਵਿੱਚ ਕੰਮ ਕਰ ਸਕਦੇ ਹਨ। ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਿੱਚ ਮੁਹਾਰਤ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਾਧੂ 24 ਮਹੀਨੇ ਦਿੱਤੇ ਜਾਂਦੇ ਹਨ।

ਆਪਣੇ ਪਹਿਲੇ ਪੱਤਰ ਵਿੱਚ, ਸੈਨੇਟਰ ਸ਼ਮਿਟ ਨੇ ਓਪੀਟੀ ਨੂੰ ਸਿੱਧੇ ਕਾਨੂੰਨ ਨਹੀਂ, ਸਗੋਂ ਨਿਯਮਾਂ ਦੁਆਰਾ ਬਣਾਏ ਗਏ 'ਕੰਮ ਨਾਲ ਸਬੰਧਿਤ ਲਾਭ' ਵਜੋਂ ਦੱਸਿਆ। ਉਨ੍ਹਾਂ ਨੇ ਵਿਭਾਗ ਨੂੰ ਇੱਕ ਪੂਰੀ ਸਮੀਖਿਆ ਕਰਨ ਦੀ ਅਪੀਲ ਕੀਤੀ ਤਾਂ ਜੋ ਲੋੜ ਪੈਣ 'ਤੇ ਇਸਨੂੰ ਸੋਧਿਆ ਜਾਂ ਖਤਮ ਕੀਤਾ ਜਾ ਸਕੇ। ਇਹ ਬਹਿਸ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਟਰੰਪ ਪ੍ਰਸ਼ਾਸਨ ਰੁਜ਼ਗਾਰ ਨਾਲ ਸਬੰਧਿਤ ਇਮੀਗ੍ਰੇਸ਼ਨ ਪ੍ਰੋਗਰਾਮਾਂ ਦੀ ਇੱਕ ਵਿਆਪਕ ਸਮੀਖਿਆ ਕਰ ਰਿਹਾ ਹੈ। ਪ੍ਰਸ਼ਾਸਨ ਨੇ ਸੰਕੇਤ ਦਿੱਤਾ ਹੈ ਕਿ ਕਾਰਜਕਾਰੀ ਆਦੇਸ਼ਾਂ ਰਾਹੀਂ ਬਣਾਏ ਜਾਂ ਫੈਲਾਏ ਗਏ ਪ੍ਰੋਗਰਾਮਾਂ 'ਤੇ ਮੁੜ ਵਿਚਾਰ ਕੀਤਾ ਜਾ ਸਕਦਾ ਹੈ। ਇਹ ਸਮੀਖਿਆ ਭਾਰਤ ਵਰਗੇ ਦੇਸ਼ਾਂ ਲਈ ਮਹੱਤਵਪੂਰਨ ਹੈ, ਜਿੱਥੇ ਭਾਰਤੀ ਵਿਦਿਆਰਥੀ ਐਫ਼-1 ਵੀਜ਼ਾ ਪ੍ਰਾਪਤਕਰਤਾਵਾਂ ਦੀ ਸਭ ਤੋਂ ਵੱਡੀ ਗਿਣਤੀ ਬਣਾਉਂਦੇ ਹਨ।

# ਏ.ਆਈ.ਕਾਰਨ 'ਬਲਾਕ' ਕੰਪਨੀ ਵੱਲੋਂ 4,000 ਮੁਲਾਜ਼ਮਾਂ ਦੀ ਛਾਂਟੀ ਕਰਨ ਦਾ ਐਲਾਨ




ਕੈਲੀਫ਼ੋਰਨੀਆ/ਏ.ਟੀ.ਨਿਊਜ਼: ਟਵਿੱਟਰ ਦੇ ਕੋ-ਫਾਊਂਡਰ ਜੈਕ ਡੋਰਸੀ ਦੀ ਕੰਪਨੀ 'ਬਲਾਕ' 4,000 ਤੋਂ ਵੱਧ ਟੈੱਕ ਪ੍ਰੋਫੈਸ਼ਨਲਜ਼ ਦੀ ਛਾਂਟੀ ਕਰਨ ਜਾ ਰਹੀ ਹੈ। ਡੋਰਸੀ ਨੇ ਹਾਲ ਹੀ 'ਚ 'ਐਕਸ' 'ਤੇ ਇਸ ਦਾ ਐਲਾਨ ਕਰਦੇ ਹੋਏ ਕਿਹਾ ਕਿ ਕੰਪਨੀ 4,000 ਤੋਂ ਵੱਧ ਮੁਲਾਜ਼ਮਾਂ ਦੀ ਛਾਂਟੀ ਕਰੇਗੀ। ਇਹ ਕੰਪਨੀ ਦੇ ਲੱਗਭਗ ਅੱਧੇ ਮੁਲਾਜ਼ਮਾਂ ਦੇ ਬਰਾਬਰ ਹੈ। ਇਹ ਫੈਸਲਾ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਤੇਜ਼ੀ ਨਾਲ ਵਧਦੇ ਦੌਰ ਦਰਮਿਆਨ ਲਿਆ ਗਿਆ ਹੈ।

ਡੋਰਸੀ ਨੇ ਬਿਆਨ 'ਚ ਕਿਹਾ ਕਿ ਇੰਟੈਲੀਜੈਂਸ ਟੂਲਜ਼ ਨੇ ਕੰਪਨੀ ਬਣਾਉਣ ਅਤੇ ਚਲਾਉਣ ਦਾ ਤਰੀਕਾ ਬਦਲ ਦਿੱਤਾ ਹੈ। ਅਸੀਂ ਇਸ ਨੂੰ ਆਪਣੀ ਕੰਪਨੀ ਦੇ ਅੰਦਰ ਪਹਿਲਾਂ ਹੀ ਦੇਖ ਰਹੇ ਹਾਂ। ਛੋਟੀ ਟੀਮ ਵੀ ਇਨ੍ਹਾਂ ਟੂਲਜ਼ ਦੀ ਮਦਦ ਨਾਲ ਜ਼ਿਆਦਾ ਅਤੇ ਬਿਹਤਰ ਕੰਮ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਅਸੀਂ ਇਹ ਗੱਲ ਜਲਦੀ ਸਮਝੇ ਹਾਂ। ਮੇਰਾ ਮੰਨਣਾ ਹੈ ਕਿ ਜ਼ਿਆਦਾਤਰ ਕੰਪਨੀਆਂ ਇਸ ਸਮਝ 'ਚ ਦੇਰ ਕਰ ਰਹੀਆਂ ਹਨ। ਡੋਰਸੀ ਨੇ ਕਿਹਾ ਕਿ ਕਈ ਵਾਰ ਛੋਟੀਆਂ-ਛੋਟੀਆਂ ਛਾਂਟੀਆਂ ਕਰਨ ਦੀ ਬਜਾਏ ਕੰਪਨੀ ਨੇ ਇੱਕ ਹੀ ਵਾਰ 'ਚ ਵੱਡੀ ਛਾਂਟੀ ਕਰਨ ਦਾ ਫੈਸਲਾ ਕੀਤਾ। ਵਾਰ-ਵਾਰ ਛਾਂਟੀ ਕਰਨ ਨਾਲ ਮੁਲਾਜ਼ਮਾਂ ਦਾ ਮਨੋਬਲ, ਫੋਕਸ ਅਤੇ ਗਾਹਕਾਂ ਤੇ ਨਿਵੇਸ਼ਕਾਂ ਦਾ ਭਰੋਸਾ ਕਮਜ਼ੋਰ ਹੁੰਦਾ ਹੈ। ਡੋਰਸੀ ਨੇ ਦੱਸਿਆ ਕਿ ਜਿਨ੍ਹਾਂ ਮੁਲਾਜ਼ਮਾਂ ਦੀ ਛਾਂਟੀ ਹੋਵੇਗੀ, ਉਨ੍ਹਾਂ ਨੂੰ 20 ਹਫਤਿਆਂ ਦੀ ਸੈਲਰੀ ਦਿੱਤੀ ਜਾਵੇਗੀ। ਨਾਲ ਹੀ ਕੰਪਨੀ 'ਚ ਜਿੰਨੇ ਸਾਲ ਉਨ੍ਹਾਂ ਨੇ ਕੰਮ ਕੀਤਾ ਹੈ, ਉਸ ਦੇ ਹਿਸਾਬ ਨਾਲ ਹਰ ਸਾਲ ਲਈ ਇਕ ਹਫਤੇ ਦੀ ਵਾਧੂ ਸੈਲਰੀ ਵੀ ਮਿਲੇਗੀ। ਉਨ੍ਹਾਂ ਨੂੰ 6 ਮਹੀਨਿਆਂ ਦੀ ਹੈਲਥ ਕੇਅਰ ਸਹੂਲਤ, ਕੰਪਨੀ ਦੇ ਦਿੱਤੇ ਗਏ ਡਿਵਾਈਸ ਅਤੇ 5,000 ਡਾਲਰ ਵੀ ਦਿੱਤੇ ਜਾਣਗੇ, ਤਾਂ ਜੋ ਉਹ ਇਸ ਬਦਲਾਅ ਦੇ ਸਮੇਂ 'ਚ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ।

## ਅਮਰੀਕਾ ਸਰਕਾਰ ਅਤੇ ਏ.ਆਈ. ਕੰਪਨੀ ਵਿਚਾਲੇ ਨਾ ਹੋਇਆ ਸਮਝੌਤਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸਰਕਾਰ ਨੇ ਸਾਰੀਆਂ ਅਮਰੀਕੀ ਸਰਕਾਰੀ ਏਜੰਸੀਆਂ ਨੂੰ ਐਂਥਰੋਪਿਕ ਕੰਪਨੀ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਦੀ ਵਰਤੋਂ ਤੁਰੰਤ ਬੰਦ ਕਰਨ ਦੇ ਹੁਕਮ ਦਿੱਤੇ ਹਨ। ਇਹ ਫੈਸਲਾ ਸਰਕਾਰ ਅਤੇ ਕੰਪਨੀ ਵਿਚਾਲੇ ਏ.ਆਈ. ਦੀ ਸੁਰੱਖਿਆ ਅਤੇ ਇਸ ਦੀ ਫ਼ੌਜੀ ਵਰਤੋਂ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਲਿਆ ਗਿਆ ਹੈ। ਰਾਸ਼ਟਰਪਤੀ ਟਰੰਪ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਸੋਸ਼ਲ ਮੀਡੀਆ 'ਤੇ ਕੰਪਨੀ ਦੀ ਨਿਖੇਧੀ ਕਰਦਿਆਂ ਦੋਸ਼ ਲਾਇਆ ਹੈ ਕਿ ਕੰਪਨੀ ਨੇ ਅਮਰੀਕੀ ਫ਼ੌਜ ਨੂੰ ਆਪਣੀ ਤਕਨਾਲੋਜੀ ਦੀ ਬਿਨਾਂ ਕਿਸੇ ਰੋਕ-ਟੋਕ ਦੇ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਨਾਲ ਕੌਮੀ ਸੁਰੱਖਿਆ ਨੂੰ ਖਤਰਾ ਪੈਦਾ ਹੋ ਸਕਦਾ ਹੈ। ਟਰੰਪ ਨੇ ਸਾਫ ਕਿਹਾ ਹੈ ਕਿ ਉਹ ਹੁਣ ਇਸ ਕੰਪਨੀ ਨਾਲ ਕੋਈ ਕਾਰੋਬਾਰ ਨਹੀਂ ਕਰਨਾ ਚਾਹੁੰਦੇ।

(**ਬਾਕੀ ਸਫ਼ਾ 27 'ਤੇ**)

## ਐਫ.ਬੀ.ਆਈ. ਵੱਲੋਂ ਆਪਣੇ 10 ਮੁਲਾਜ਼ਮ ਬਰਖ਼ਾਸਤ

ਨਵੀਂ ਦਿੱਲੀ/ਏ.ਟੀ.ਨਿਊਜ਼: ਐਫ.ਬੀ.ਆਈ. ਨੇ ਆਪਣੇ 10 ਮੁਲਾਜ਼ਮਾਂ ਨੂੰ ਬਰਖ਼ਾਸਤ ਕਰ ਦਿੱਤਾ ਹੈ ਜਿਨ੍ਹਾਂ ਨੇ ਪਹਿਲੇ ਕਾਰਜਕਾਲ ਤੋਂ ਬਾਅਦ ਡੋਨਾਲਡ ਟਰੰਪ ਵੱਲੋਂ ਗੁਪਤ ਦਸਤਾਵੇਜ਼ਾਂ ਦੀ ਸਾਂਭ-ਸੰਭਾਲ ਦੀ ਜਾਂਚ ਕੀਤੀ ਸੀ। ਐਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਨੇ ਦੱਸਿਆ ਕਿ ਮੌਜੂਦਾ ਵ੍ਹਾਈਟ ਹਾਊਸ ਚੀਫ਼ ਆਫ਼ ਸਟਾਫ ਸੂਸੀ ਵਿਲਸ ਦੇ ਫੋਨ ਰਿਕਾਰਡ ਵੀ ਜਾਂਚ ਦੇ ਹਿੱਸੇ ਵਜੋਂ ਉਦੋਂ ਮੰਗੇ ਗਏ ਸਨ ਜਦੋਂ ਉਹ ਇੱਕ ਆਮ ਨਾਗਰਿਕ ਸੀ। ਪਟੇਲ ਨੇ ਬਰਖਾਸਤ ਕੀਤੇ ਗਏ ਐਫ.ਬੀ.ਆਈ. ਮੁਲਾਜ਼ਮਾਂ ਵੱਲੋਂ ਕੀਤੀ ਗਈ ਕਿਸੇ ਵੀ ਗਲਤ ਹਰਕਤ ਦਾ ਕੋਈ ਸਬੂਤ ਪੇਸ਼ ਨਹੀਂ ਕੀਤਾ।

**ਕੀ ਸੀ ਮਾਮਲਾ ?**

2021 ਵਿੱਚ ਟਰੰਪ ਦੇ ਵ੍ਹਾਈਟ ਹਾਊਸ ਛੱਡਣ ਤੋਂ ਬਾਅਦ ਵਿਸ਼ੇਸ਼ ਵਕੀਲ ਜੈਕ ਸਮਿਥ ਨੇ ਹੁਣ ਰਾਸ਼ਟਰਪਤੀ ਬਣ ਚੁੱਕੇ ਟਰੰਪ ਵਿਰੁੱਧ ਦੋ ਸੰਘੀ ਜਾਂਚਾਂ ਦੀ ਅਗਵਾਈ ਕੀਤੀ ਸੀ। ਇੱਕ ਮਾਮਲਾ ਇਸ 'ਤੇ ਕੇਂਦਰਿਤ ਸੀ ਕਿ ਕੀ ਟਰੰਪ ਨੇ 2020 ਦੇ ਚੋਣ ਨਤੀਜਿਆਂ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ ਸੀ। ਦੂਜਾ ਮਾਮਲਾ ਉਨ੍ਹਾਂ ਗੁਪਤ ਦਸਤਾਵੇਜ਼ਾਂ ਨਾਲ ਸਬੰਧਿਤ ਸੀ ਜਿਨ੍ਹਾਂ ਨੂੰ ਟਰੰਪ ਫਲੋਰੀਡਾ 'ਚ ਆਪਣੇ

(**ਬਾਕੀ ਸਫ਼ਾ 27 'ਤੇ**)

## ਇੱਕ ਦਿਨ ਆਧੁਨਿਕ ਆਮਦਨ ਟੈਕਸ ਪ੍ਰਣਾਲੀ ਦੀ ਥਾਂ ਲੈ ਲੈਣਗੇ ਟੈਰਿਫ਼: ਟਰੰਪ



ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਸੰਸਦ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਆਪਣੀ ਵਿਆਪਕ ਟੈਰਿਫ਼ ਨੀਤੀ ਦੀ ਜ਼ੋਰਦਾਰ ਢੰਗ ਨਾਲ ਵਕਾਲਤ ਕੀਤੀ ਹੈ। ਉਨ੍ਹਾਂ ਭਾਰਤ ਸਣੇ ਵੱਖ-ਵੱਖ ਮੁਲਕਾਂ 'ਤੇ ਲਾਏ ਟੈਰਿਫ਼ਾਂ ਨੂੰ 'ਸ਼ਾਨਦਾਰ ਆਰਥਿਕ ਤਬਦੀਲੀ' ਦੱਸਿਆ। ਉਨ੍ਹਾਂ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਨੂੰ ਮੰਦਭਾਗਾ ਦੱਸਦਿਆਂ ਇਸ ਦੀ ਰੱਜ ਕੇ ਨੁਕਤਾਚੀਨੀ ਕੀਤੀ। ਇਸ ਮੌਕੇ ਸਦਨ ਦੇ ਚੈਂਬਰ ਵਿੱਚ ਸੁਪਰੀਮ ਕੋਰਟ ਦੇ ਉਹ ਚਾਰ ਜੱਜ ਵੀ ਮੌਜੂਦ ਸਨ, ਜਿਨ੍ਹਾਂ ਟਰੰਪ ਦੀ ਟੈਰਿਫ਼ ਨੀਤੀ 'ਤੇ ਰੋਕ ਲਾਈ ਸੀ।

'ਸਟੇਟ ਆਫ਼ ਦਿ ਯੂਨੀਅਨ ਅਡਰੈੱਸ' ਦੌਰਾਨ ਟਰੰਪ ਨੇ ਵਪਾਰਕ ਟੈਕਸਾਂ ਨੂੰ ਆਪਣੇ ਪ੍ਰਸ਼ਾਸਨ ਦੀ ਆਰਥਿਕ ਰਣਨੀਤੀ ਦਾ ਕੇਂਦਰੀ ਥੰਮ੍ਹ ਦੱਸਿਆ। ਉਨ੍ਹਾਂ ਕਿਹਾ, "ਕੁੱਝ ਦਿਨ ਪਹਿਲਾਂ ਅਮਰੀਕੀ ਸੁਪਰੀਮ ਕੋਰਟ ਨੇ ਮੰਦਭਾਗਾ ਫ਼ੈਸਲਾ ਦਿੱਤਾ ਪਰ ਚੰਗੀ ਖ਼ਬਰ ਹੈ ਕਿ ਲਗਪਗ ਸਾਰੇ ਮੁਲਕ ਉਨ੍ਹਾਂ ਵਪਾਰਕ ਸਮਝੌਤਿਆਂ 'ਤੇ ਕਾਇਮ ਹਨ, ਜੋ ਉਨ੍ਹਾਂ ਨੇ ਪਹਿਲਾਂ ਹੀ ਕਰ ਲਏ ਹਨ। ਉਹ ਜਾਣਦੇ ਹਨ ਕਿ ਰਾਸ਼ਟਰਪਤੀ ਹੋਣ ਦੇ ਨਾਤੇ, ਮੇਰੇ ਕੋਲ ਨਵਾਂ ਸਮਝੌਤਾ ਕਰਨ ਦੀ ਕਾਨੂੰਨੀ ਸ਼ਕਤੀ ਹੈ, ਜੋ ਉਨ੍ਹਾਂ ਲਈ ਬਹੁਤ ਮਾੜੀ ਹੋ ਸਕਦੀ ਹੈ। ਇਸ ਲਈ, ਉਹ ਉਨ੍ਹਾਂ ਇਕਰਾਰਨਾਮਿਆਂ 'ਤੇ ਕੰਮ ਜਾਰੀ ਰੱਖਣਗੇ।" ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਪਹਿਲਾਂ 'ਸਭ ਕੁਝ ਠੀਕ' ਚੱਲ ਰਿਹਾ ਸੀ। ਹੁਣ ਉਹ ਦਰਾਮਦਾਂ 'ਤੇ ਟੈਕਸ ਲਾਉਣ ਲਈ ਬਦਲਵੇਂ ਕਾਨੂੰਨਾਂ ਦੀ

(**ਬਾਕੀ ਸਫ਼ਾ 27 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਕੈਨੇਡੀਅਨ ਅਖ਼ਬਾਰ, 'ਦਿ ਗਲੋਬ ਐਂਡ ਮੇਲ' ਨੇ ਕੀਤਾ ਦਾਅਵਾ

# ਖ਼ਾਲਿਸਤਾਨੀ ਆਗੂ ਨਿੱਝਰ ਦੇ ਕਤਲ 'ਚ ਭਾਰਤੀ ਖ਼ੁਫ਼ੀਆ ਅਧਿਕਾਰੀ ਸੀ ਸ਼ਾਮਲ

ਸਰੀ/ਏ.ਟੀ.ਨਿਊਜ਼: ਇੱਕ ਪ੍ਰਮੁੱਖ ਕੈਨੇਡੀਅਨ ਅਖ਼ਬਾਰ, 'ਦਿ ਗਲੋਬ ਐਂਡ ਮੇਲ' ਨੇ ਸਨਸਨੀਖੇਜ਼ ਦਾਅਵੇ ਪ੍ਰਕਾਸ਼ਿਤ ਕੀਤੇ ਹਨ ਕਿ ਕੈਨੇਡੀਅਨ ਅਧਿਕਾਰੀਆਂ ਕੋਲ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਵਿੱਚ ਤਾਇਨਾਤ ਇੱਕ ਖ਼ੁਫ਼ੀਆ ਅਧਿਕਾਰੀ ਨੂੰ ਸਿੱਖ ਕਾਰਕੁੰਨ ਹਰਦੀਪ ਸਿੰਘ ਨਿੱਝਰ ਦੇ 2023 ਦੇ ਕਤਲ ਨਾਲ ਜੋੜਨ ਵਾਲੇ ਸਬੂਤ ਮੌਜੂਦ ਹਨ।

ਰਾਸ਼ਟਰੀ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਾਲੇ ਸਰੋਤਾਂ ਦਾ ਹਵਾਲਾ ਦਿੰਦੇ ਹੋਏ, ਰਿਪੋਰਟ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਵੈਨਕੂਵਰ ਵਿੱਚ ਕੌਂਸਲਰ ਸਟਾਫ ਨੇ ਕਥਿਤ ਤੌਰ 'ਤੇ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਨਿੱਝਰ ਦੀ ਹੱਤਿਆ ਵਿੱਚ ਸਹਾਇਤਾ ਲਈ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਸੀ। ਖਾਸ ਤੌਰ 'ਤੇ ਇੱਕ ਅਧਿਕਾਰੀ, 'ਜਿਸ ਨੇ ਵੀਜ਼ਾ ਅਧਿਕਾਰੀ ਵਜੋਂ ਸੇਵਾ ਨਿਭਾਈ ਸੀ' ਬਾਰੇ ਮੰਨਿਆ ਜਾਂਦਾ ਹੈ ਕਿ ਉਹ ਭਾਰਤ ਦੀ ਬਾਹਰੀ ਖ਼ੁਫ਼ੀਆ ਏਜੰਸੀ, ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਲਈ ਇੱਕ ਗੁਪਤ ਏਜੰਟ ਸੀ।



ਰਿਪੋਰਟ ਅਨੁਸਾਰ, ਇੱਕ ਅਧਿਕਾਰੀ, ਜੋ ਕਥਿਤ ਤੌਰ 'ਤੇ ਵੀਜ਼ਾ ਅਧਿਕਾਰੀ ਸੀ, ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਭਾਰਤ ਦੀ ਖ਼ੁਫ਼ੀਆ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਲਈ ਇੱਕ ਗੁਪਤ ਏਜੰਟ ਵਜੋਂ ਕੰਮ ਕੀਤਾ ਅਤੇ ਸਥਾਨਕ ਭਾਰਤੀ ਪ੍ਰਵਾਸੀਆਂ ਨਾਲ ਜੁੜ ਕੇ ਨਿੱਝਰ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਆਪਣੇ ਡਿਪਲੋਮੈਟਿਕ ਕਵਰ ਦੀ ਵਰਤੋਂ ਕੀਤੀ।

ਇਹ ਖੁਲਾਸਾ ਉਨ੍ਹਾਂ ਯਤਨਾਂ ਦੇ ਵਿਚਕਾਰ ਹੋਇਆ ਹੈ ਜੋ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ 2023 ਦੇ ਨਿੱਝਰ ਦੀ ਮੌਤ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਟੁੱਟੇ ਸਬੰਧਾਂ ਨੂੰ ਸੁਧਾਰਨ ਲਈ ਕੀਤੇ ਜਾ ਰਹੇ ਸਨ। 'ਗਲੋਬ ਐਂਡ ਮੇਲ' ਦੇ ਲੇਖ ਦਾ ਸਮਾਂ, ਜੋ ਉਸੇ ਸਮੇਂ ਸਾਹਮਣੇ ਆਇਆ ਜਦੋਂ ਕਾਰਨੀ ਅਤੇ ਮੋਦੀ ਨੇ ਨਵੀਂ ਦਿੱਲੀ ਦੇ ਹੈਦਰਾਬਾਦ ਹਾਊਸ ਵਿੱਚ ਗੱਲਬਾਤ ਕੀਤੀ, ਨੇ ਡਿਪਲੋਮੈਟਿਕ ਰੀਸੈੱਟ ਵਿੱਚ ਤਾਜ਼ਾ ਤਣਾਅ ਪੈਦਾ ਕਰ ਦਿੱਤਾ ਹੈ।

### ਕੌਣ ਸੀ ਨਿੱਝਰ ?

ਇੱਕ ਆਜ਼ਾਦ ਸਿੱਖ ਹੋਮਲੈਂਡ ਦੀ ਵਕਾਲਤ ਕਰਨ ਵਾਲੀ ਖ਼ਾਲਿਸਤਾਨ ਲਹਿਰ ਵਿੱਚ ਇੱਕ ਪ੍ਰਮੁੱਖ ਸ਼ਖਸੀਅਤ ਨਿੱਝਰ ਨੂੰ ਕੈਨੇਡਾ ਵਿੱਚ ਜੂਨ 2023 ਵਿੱਚ ਗੁਰਦੁਆਰਾ ਸਾਹਿਬ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਦੇ ਸਬੰਧ ਵਿੱਚ ਚਾਰ ਭਾਰਤੀ ਨਾਗਰਿਕਾਂ 'ਤੇ ਦੋਸ਼ ਲਗਾਏ ਗਏ ਹਨ ਅਤੇ ਕੈਨੇਡੀਅਨ ਜਾਂਚ ਲੰਬੇ ਸਮੇਂ ਤੋਂ ਸੰਭਾਵੀ ਵਿਦੇਸ਼ੀ ਸ਼ਮੂਲੀਅਤ ਵੱਲ ਇਸ਼ਾਰਾ ਕਰ ਰਹੀ ਹੈ। ਭਾਰਤ ਨੇ ਅਜੇ ਤੱਕ ਇਸ ਦੋਸ਼ ਦਾ ਜਵਾਬ ਨਹੀਂ ਦਿੱਤਾ ਹੈ।

## ਆਸਟ੍ਰੇਲੀਆ ਵਿੱਚ ਪਰਵਾਸ ਵਿਰੋਧੀ ਪ੍ਰਦਰਸ਼ਨਾਂ ਤੋਂ ਭਾਰਤੀ ਭਾਈਚਾਰਾ ਚਿੰਤਤ

ਬ੍ਰਿਸਬਨ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਵਧ ਰਹੇ ਨਸਲਵਾਦ ਅਤੇ ਪਰਵਾਸ ਵਿਰੋਧੀ ਪ੍ਰਦਰਸ਼ਨਾਂ ਨੇ ਭਾਰਤੀ, ਖਾਸ ਕਰ ਕੇ ਪੰਜਾਬੀ ਭਾਈਚਾਰੇ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ।

ਨਿਊਜ਼ੀਲੈਂਡ ਦਾ ਜੰਮਪਲ ਕੱਟੜ ਸੱਜੇ ਪੱਖੀ ਕਾਰਕੁਨ ਥਾਮਸ ਸੇਵਲ, ਜੋ ਨੈਸ਼ਨਲ ਸੋਸ਼ਲਿਸਟ ਨੈੱਟਵਰਕ ਦਾ ਆਗੂ ਹੈ, ਨੇ ਹਾਲ ਹੀ ਵਿੱਚ ਭੜਕਾਊ ਇੰਟਰਵਿਊ ਦੌਰਾਨ ਕਿਹਾ, 'ਇਹ ਗੋਰਿਆਂ ਦਾ ਦੇਸ਼ ਹੈ ਅਤੇ ਭਾਰਤੀਆਂ ਨੂੰ ਦੇਸ਼ ਛੱਡਣਾ ਚਾਹੀਦਾ ਹੈ।' ਦੱਸਣਯੋਗ ਹੈ ਕਿ ਉਹ 'ਮਾਰਚ ਫਾਰ ਆਸਟ੍ਰੇਲੀਆ' ਨਾਂ ਦੇ ਪਰਵਾਸ ਵਿਰੋਧੀ ਮੁਜ਼ਾਹਰਿਆਂ ਵਿੱਚ ਵੀ ਹਾਜ਼ਰ ਰਿਹਾ ਜਿਸ ਵਿੱਚ ਹਜ਼ਾਰਾਂ ਲੋਕ ਸ਼ਾਮਲ ਹੋਏ ਅਤੇ ਕੁਝ ਥਾਵਾਂ 'ਤੇ ਹਿੰਸਾ ਵੀ ਦੇਖਣ ਨੂੰ ਮਿਲੀ। ਹੁਣ ਭਾਰਤੀ ਅਤੇ ਖ਼ਾਸਕਰ ਪੰਜਾਬੀ ਭਾਈਚਾਰੇ ਨੇ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਾ ਜਤਾਈ ਹੈ ਦੂਜੇ ਪਾਸੇ, ਆਸਟ੍ਰੇਲੀਆ ਸਰਕਾਰ ਅਤੇ ਪੁਲਿਸ ਨੇ ਨਸਲਪ੍ਰਸਤ ਬਿਆਨਾਂ ਨੂੰ ਰੱਦ ਕਰਦਿਆਂ ਲੋਕਾਂ ਨੂੰ ਸੁਰੱਖਿਆ ਦਾ ਭਰੋਸਾ ਦਿੰਦਿਆਂ ਕਿਹਾ ਕਿ ਆਸਟ੍ਰੇਲੀਆ ਸਾਰੇ ਸੱਭਿਆਚਾਰਾਂ ਦੀ ਕਦਰ ਕਰਦਾ ਹੈ ਅਤੇ ਕਿਸੇ ਭਾਈਚਾਰੇ ਵਿਰੁੱਧ ਨਫ਼ਰਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਭਾਰਤੀ ਹਾਈ ਕਮਿਸ਼ਨ ਅਤੇ ਭਾਈਚਾਰੇ ਦੇ ਪ੍ਰਤੀਨਿਧੀਆਂ ਨੇ ਵੀ ਇਸ ਮਾਮਲੇ 'ਤੇ ਨਜ਼ਰ ਰੱਖੀ ਹੋਈ। ਉਨ੍ਹਾਂ ਲੋਕਾਂ ਨੂੰ ਚੌਕਸ ਰਹਿਣ ਅਤੇ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਸਲਾਹ ਦਿੱਤੀ ਹੈ।

## ਭਾਰਤ ਅਤੇ ਕੈਨੇਡਾ ਵਿਚਾਲੇ ਹੋਵੇਗਾ 50 ਬਿਲੀਅਨ ਡਾਲਰ ਦਾ ਵਪਾਰ

ਨਵੀਂ ਦਿੱਲੀ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਜੇ. ਕਾਰਨੀ ਦੀ ਅਗਵਾਈ ਹੇਠ ਕੈਨੇਡਾ ਨਾਲ ਸਬੰਧਾਂ ਦੇ ਵਾਧੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਦੋਵੇਂ ਦੇਸ਼ 2030 ਤੱਕ ਵਪਾਰ ਵਿੱਚ 50 ਬਿਲੀਅਨ ਅਮਰੀਕੀ ਡਾਲਰ ਨੂੰ ਛੂਹਣ ਦੇ ਟੀਚੇ ਨਾਲ ਆਪਣੇ ਆਰਥਿਕ ਸਹਿਯੋਗ ਨੂੰ ਹੋਰ ਡੂੰਘਾ ਕਰਨ ਦਾ ਇਰਾਦਾ ਰੱਖਦੇ ਹਨ। ਇਸ ਸਬੰਧ ਵਿੱਚ ਉਨ੍ਹਾਂ ਅੱਗੇ ਕਿਹਾ ਕਿ ਓਟਾਵਾ ਅਤੇ ਨਵੀਂ ਦਿੱਲੀ ਨੇ ਨੇੜਲੇ ਭਵਿੱਖ ਵਿੱਚ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਅੰਤਿਮ ਰੂਪ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਇਹ ਟਿੱਪਣੀ ਪਿਛਲੇ ਦਿਨੀਂ ਕੌਮੀ ਰਾਜਧਾਨੀ ਵਿੱਚ ਕੈਨੇਡੀਅਨ ਪੀ ਐਮ ਮਾਰਕ ਕਾਰਨੀ ਦੇ ਨਾਲ ਸਾਂਝੇ ਪ੍ਰੈਸ ਬਿਆਨ ਦੌਰਾਨ ਕੀਤੀ।



ਪੀ ਐੱਮ ਮੋਦੀ ਨੇ ਕਿਹਾ, 'ਅੱਜ, ਅਸੀਂ ਇਸ ਵਿਜ਼ਨ ਨੂੰ ਅਗਲੇ ਪੱਧਰ ਦੀ ਭਾਈਵਾਲੀ ਵਿੱਚ ਬਦਲਣ ਬਾਰੇ ਚਰਚਾ ਕੀਤੀ। ਸਾਡਾ ਟੀਚਾ 2030 ਤੱਕ 50 ਬਿਲੀਅਨ ਡਾਲਰ ਦੇ ਵਪਾਰ ਤੱਕ ਪਹੁੰਚਣਾ ਹੈ। ਆਰਥਿਕ ਸਹਿਯੋਗ ਦੀ ਪੂਰੀ ਸੰਭਾਵਨਾ ਨੂੰ ਉਜਾਗਰ ਕਰਨਾ ਸਾਡੀ ਤਰਜੀਹ ਹੈ। ਇਸ ਲਈ, ਅਸੀਂ ਜਲਦੀ ਹੀ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਨੂੰ ਅੰਤਿਮ ਰੂਪ ਦੇਣ ਦਾ ਫੈਸਲਾ ਕੀਤਾ ਹੈ।'

ਉਨ੍ਹਾਂ ਨੇ ਰੇਖਾਂਕਿਤ ਕੀਤਾ ਕਿ ਕਿਵੇਂ ਇਹ ਫੈਸਲਾ ਦੋਵਾਂ ਦੇਸ਼ਾਂ ਵਿੱਚ ਨਿਵੇਸ਼ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਖੋਲ੍ਹੇਗਾ। ਪੀ ਐੱਮ ਮੋਦੀ ਨੇ ਅੱਗੇ ਕਿਹਾ, 'ਕੈਨੇਡੀਅਨ ਪੈਨਸ਼ਨ ਫੰਡਾਂ ਨੇ ਭਾਰਤ ਵਿੱਚ 100 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਹੈ। ਇਹ ਭਾਰਤ ਦੀ ਵਿਕਾਸ ਕਹਾਣੀ ਵਿੱਚ ਉਨ੍ਹਾਂ ਦੇ ਡੂੰਘੇ ਵਿਸ਼ਵਾਸ ਦਾ ਪ੍ਰਤੀਕ ਹੈ।' ਉਨ੍ਹਾਂ ਕਿਹਾ ਕਿ ਦਿਨ ਵਿੱਚ ਬਾਅਦ ਵਿੱਚ ਆਗੂ ਕਾਰੋਬਾਰੀ ਭਾਈਚਾਰੇ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕਰਨਗੇ ਜਿਨ੍ਹਾਂ ਦੇ ਸੁਝਾਅ ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਸਹਿਯੋਗ ਲਈ ਰੋਡਮੈਪ ਤਿਆਰ ਕਰਨ ਵਿੱਚ ਮਦਦ ਕਰਨਗੇ।

ਪੀਐਮ ਮੋਦੀ ਨੇ ਕਾਰਨੀ ਦੀ ਭਾਰਤ ਯਾਤਰਾ ਨੂੰ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ। ਦੋਵਾਂ ਪ੍ਰਧਾਨ ਮੰਤਰੀਆਂ ਦੀ ਮੌਜੂਦਗੀ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਕਈ ਸਮਝੌਤਿਆਂ ਦਾ ਤਬਾਦਲਾ ਵੀ ਹੋਇਆ।

## ਯੂ.ਕੇ. ਜਾਣ ਵਾਲੇ ਭਾਰਤੀਆਂ ਨੂੰ ਹੁਣ ਲੈਣਾ ਪਵੇਗਾ ਈ-ਵੀਜ਼ਾ



ਲੰਡਨ/ਏ.ਟੀ.ਨਿਊਜ਼: ਯੂ ਕੇ ਨੇ ਡਿਜੀਟਲ ਰਾਹਦਾਰੀ ਸਿਸਟਮ ਵੱਲ ਕਦਮ ਪੁੱਟਦਿਆਂ ਨਵੇਂ ਨਿਯਮਾਂ ਤਹਿਤ ਭਾਰਤੀ ਯਾਤਰੀਆਂ ਲਈ ਈ-ਵੀਜ਼ੇ ਅਤੇ ਅਜਿਹੇ ਵਿਜ਼ਿਟਰ, ਜਿਨ੍ਹਾਂ ਨੂੰ ਵੀਜ਼ੇ ਦੀ ਲੋੜ ਨਹੀਂ, ਲਈ ਇਲੈਕਟ੍ਰੌਨਿਕ ਟਰੈਵਲ ਆਥੋਰਾਈਜ਼ੇਸ਼ਨ (ਈ ਟੀ ਏ) ਲਾਜ਼ਮੀ ਕਰ ਦਿੱਤੀ ਹੈ। ਨਵੇਂ ਨਿਯਮ ਬੀਤੇ ਦਿਨ ਤੋਂ ਅਮਲ ਵਿੱਚ ਆ ਗਏ ਹਨ। ਇਹ ਨਵੀਂ ਪ੍ਰਕਿਰਿਆ ਹਾਲੀਆ ਸਾਲਾਂ ਵਿੱਚ ਪੜਾਅਵਾਰ ਪ੍ਰੋਗਰਾਮ ਤਹਿਤ ਪੇਪਰ ਆਧਾਰਿਤ ਵੀਜ਼ਾ ਸਟਿੱਕਰਾਂ ਦੀ ਥਾਂ ਲਏਗੀ। ਨਵੇਂ ਪ੍ਰਬੰਧ ਤਹਿਤ ਸਬੰਧਤ ਵਿਅਕਤੀ ਨੂੰ ਬਾਇਓਮੀਟਰਿਕ ਰਜਿਸਟਰੇਸ਼ਨ ਲਈ ਅਰਜ਼ੀ ਸੈਂਟਰ ਜਾਣਾ ਹੋਵੇਗਾ, ਇਸ ਨਾਲ ਪ੍ਰਾਸੈਸਿੰਗ ਅਰਸੇ ਦੌਰਾਨ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਲੋੜ ਖ਼ਤਮ ਹੋ ਜਾਵੇਗੀ। ਯੂ ਕੇ ਦੇ ਮਾਈਗ੍ਰੇਸ਼ਨ ਤੇ ਸਿਟੀਜ਼ਨਸ਼ਿਪ ਮੰਤਰੀ ਮਾਈਕ ਟੈਪ ਨੇ ਕਿਹਾ, "ਮੈਂ ਯੂ ਕੇ ਦੀ ਯਾਤਰਾ ਕਰਨ ਦੇ ਚਾਹਵਾਨਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਹ ਯਕੀਨੀ ਬਣਾਉਣ ਕਿ ਉਹ ਯਾਤਰਾ ਲਈ ਤਿਆਰ ਹਨ ਅਤੇ ਉਨ੍ਹਾਂ ਕੋਲ ਲੋੜੀਂਦੇ ਦਸਤਾਵੇਜ਼ ਹੋਣ ਤਾਂ ਜੋ ਉਨ੍ਹਾਂ ਦੀ ਯਾਤਰਾ ਸੁਚਾਰੂ ਬਣ ਸਕੇ।" ਸੈਲਾਨੀਆਂ ਲਈ ਯੂ ਕੇ ਦੀ ਯਾਤਰਾ ਵਾਸਤੇ ਡਿਜੀਟਲ ਪ੍ਰਵਾਨਗੀ ਲੈਣਾ ਲਾਜ਼ਮੀ ਹੋਵੇਗਾ, ਜਿਸ ਦਾ ਮਤਲਬ ਹੈ ਕਿ ਜੇ ਉਨ੍ਹਾਂ ਕੋਲ ਈ-ਵੀਜ਼ਾ, ਈ ਟੀ ਏ ਜਾਂ ਹੋਰ ਵਾਜਬ ਦਸਤਾਵੇਜ਼ ਨਹੀਂ ਹਨ ਤਾਂ ਏਅਰਲਾਈਨਾਂ ਉਨ੍ਹਾਂ ਨੂੰ ਜਹਾਜ਼ਾਂ ਵਿੱਚ ਚੜ੍ਹਨ ਤੋਂ ਰੋਕ ਸਕਦੀਆਂ ਹਨ। ਬਰਤਾਨੀਆ ਸਰਕਾਰ ਨੇ ਈ-ਵੀਜ਼ਾ ਸਿਸਟਮ ਦੀ ਸ਼ੁਰੂਆਤ ਪਿਛਲੇ ਸਾਲ ਕੀਤੀ ਸੀ ਤੇ ਇਸ ਹਫ਼ਤੇ ਤੱਕ ਤਬਾਦਲਾ (ਟਰਾਂਜ਼ਿਸ਼ਨ) ਪੜਾਅ ਦੌਰਾਨ ਫਿਜ਼ੀਕਲ ਦਸਤਾਵੇਜ਼ ਸਵੀਕਾਰ ਕੀਤੇ ਜਾ ਰਹੇ ਸਨ। ਮੁਲਕ ਦੇ ਗ੍ਰਹਿ ਵਿਭਾਗ ਨੇ ਕਿਹਾ, "ਈ-ਵੀਜ਼ਾ ਨਾ

(ਬਾਕੀ ਸਫ਼ਾ 27 'ਤੇ)


## ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਵਿੱਚ ਆਈ 45 ਫ਼ੀਸਦੀ ਦੀ ਗਿਰਾਵਟ

### ਭਾਰਤ ਦੇ ਮੈਨੇਜਮੈਂਟ ਸੰਸਥਾਵਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਵਧੀ ਦਿਲਚਸਪੀ

ਨਵੀਂ ਦਿੱਲੀ/ਏ.ਟੀ.ਨਿਊਜ਼: ਅਮਰੀਕਾ ਵਿੱਚ ਪੜ੍ਹਾਈ ਦਾ ਸੁਪਨਾ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਇੱਕ ਝਟਕੇ ਵਾਲੀ ਖ਼ਬਰ ਸਾਹਮਣੇ ਆਈ ਹੈ। ਅਗਸਤ 2025 ਵਿੱਚ ਅਮਰੀਕੀ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਵਿੱਚ ਕਰੀਬ 45 ਫ਼ੀਸਦੀ ਤੱਕ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਦੇ ਉਲਟ ਭਾਰਤ ਦੇ ਮੈਨੇਜਮੈਂਟ ਸੰਸਥਾਵਾਂ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਦਿਲਚਸਪੀ ਵਧੀ ਹੈ ਅਤੇ ਅਰਜ਼ੀਆਂ ਵਿੱਚ 25 ਫ਼ੀਸਦੀ ਤੱਕ ਦਾ ਵਾਧਾ ਹੋਇਆ ਹੈ। ਇਹ ਖੁਲਾਸਾ ਗ੍ਰੈਜੂਏਟ ਮੈਨੇਜਮੈਂਟ ਐਡਮਿਸ਼ਨ ਕੌਂਸਲ (ਜੀ. ਐੱਮ. ਏ. ਸੀ.) ਦੀ ਤਾਜ਼ਾ ਰਿਪੋਰਟ ਵਿੱਚ ਹੋਇਆ ਹੈ।

#### ਏਸ਼ੀਆ ਤੇ ਯੂਰਪ ਬਣੇ ਪਹਿਲੀ ਪਸੰਦ

ਰਿਪੋਰਟ ਮੁਤਾਬਕ, ਲੰਬੇ ਸਮੇਂ ਤੋਂ ਪੜ੍ਹਾਈ ਲਈ ਪਸੰਦੀਦਾ ਰਹੇ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਦੀ ਲੋਕਪ੍ਰਿਯਤਾ ਹੁਣ ਘਟ ਰਹੀ ਹੈ। ਇਸ ਦੀ ਵੱਡੀ ਵਜ੍ਹਾ ਵੀਜ਼ਾ ਨਿਯਮਾਂ ਵਿੱਚ ਅਨਿਸ਼ਚਿਤਤਾ, ਵਧਦੀ ਟਿਊਸ਼ਨ ਫ਼ੀਸ ਅਤੇ ਕਮਜ਼ੋਰ ਹੁੰਦਾ ਭਾਰਤੀ ਰੁਪਿਆ ਹੈ। ਜੀ. ਐੱਮ. ਏ. ਸੀ. ਦੇ 2025 ਦੇ ਸਰਵੇਖਣ ਵਿੱਚ ਪਾਇਆ ਗਿਆ ਕਿ ਯੂਰਪ



(ਯੂ. ਕੇ. ਨੂੰ ਛੱਡ ਕੇ) ਅਤੇ ਏਸ਼ੀਆ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਵਧੀਆਂ ਹਨ, ਜਦ ਕਿ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ (ਯੂ.ਕੇ.) ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। 361 ਬਿਜ਼ਨਸ ਸਕੂਲਾਂ 'ਤੇ ਹੋਏ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਏਸ਼ੀਆ-ਪ੍ਰਸ਼ਾਂਤ ਖੇਤਰ ਦੇ 54 ਫ਼ੀਸਦੀ ਸੰਸਥਾਵਾਂ ਵਿੱਚ 2025 ਵਿੱਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ, ਜਦ ਕਿ ਅਮਰੀਕਾ ਦੇ ਦੋ-ਤਿਹਾਈ ਸੰਸਥਾਵਾਂ ਵਿੱਚ ਕਮੀ ਆਈ ਹੈ।

#### ਵੀਜ਼ਾ 'ਚ ਦੇਰੀ ਕਾਰਨ ਰਹਿ ਗਈ ਐਡਮਿਸ਼ਨ

ਰਿਪੋਰਟ ਦੱਸਦੀ ਹੈ ਕਿ ਅਮਰੀਕਾ ਵਿੱਚ ਲਗਭਗ 90 ਫ਼ੀਸਦੀ ਸੰਸਥਾਵਾਂ ਨੇ ਮੰਨਿਆ ਕਿ ਭਾਰਤ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ, ਜਿਥੇ ਵਿਦਿਆਰਥੀਆਂ ਨੇ ਐਡਮਿਸ਼ਨ ਫ਼ੀਸ ਤਾਂ ਜਮ੍ਹਾ ਕਰ ਦਿੱਤੀ ਪਰ ਵੀਜ਼ਾ ਵਿੱਚ ਦੇਰੀ ਜਾਂ ਰੱਦ ਹੋਣ ਕਾਰਨ ਉਹ ਪੜ੍ਹਾਈ ਸ਼ੁਰੂ ਨਹੀਂ ਕਰ ਸਕੇ। ਅਮਰੀਕਾ ਵਿੱਚ ਪੜ੍ਹਨ ਦੀ ਇੱਛਾ ਰੱਖਣ ਵਾਲੇ ਗੈਰ-ਅਮਰੀਕੀ ਵਿਦਿਆਰਥੀਆਂ ਦਾ ਅਨੁਪਾਤ 2019 ਵਿੱਚ 57 ਫ਼ੀਸਦੀ ਸੀ, ਜੋ 2025 ਵਿੱਚ ਘਟ ਕੇ 42 ਫ਼ੀਸਦੀ ਰਹਿ ਗਿਆ ਹੈ।

#### ਕੈਨੇਡਾ, ਯੂ.ਕੇ. ਅਤੇ ਆਸਟ੍ਰੇਲੀਆ 'ਚ ਵੀ ਗਿਰਾਵਟ

ਭਾਰਤ ਦੀ ਸਥਿਤੀ ਫ਼ਿਲਹਾਲ ਦੋਹਰੀ ਨਜ਼ਰ ਆ ਰਹੀ ਹੈ। ਇੱਕ ਪਾਸੇ ਭਾਰਤ ਅਜੇ ਵੀ ਅਮਰੀਕਾ ਨੂੰ ਵਿਦਿਆਰਥੀ ਭੇਜਣ ਵਾਲਾ ਇੱਕ ਵੱਡਾ ਦੇਸ਼ ਹੈ, ਤਾਂ ਦੂਜੇ ਪਾਸੇ ਭਾਰਤ ਖ਼ੁਦ ਪੜ੍ਹਾਈ ਦਾ ਇੱਕ ਉੱਭਰਦਾ ਹੋਇਆ ਕੇਂਦਰ ਬਣਦਾ ਜਾ ਰਿਹਾ ਹੈ। ਕੈਨੇਡਾ ਨੇ 2024 ਵਿੱਚ ਅੰਤਰਰਾਸ਼ਟਰੀ ਸਟੱਡੀ ਪਰਮਿਟਾਂ 'ਤੇ ਹੱਦ ਤੈਅ ਕੀਤੀ, ਜਿਸ ਕਾਰਨ ਅਰਜ਼ੀਆਂ ਅਤੇ ਦਾਖਲੇ

(ਬਾਕੀ ਸਫ਼ਾ 26 'ਤੇ)

# ਫ਼ੀਫ਼ਾ ਵਿਸ਼ਵ ਕੱਪ ਦੇ ਨਾਂਅ ’ਤੇ ਵੱਡੀ ਠੱਗੀ: ਏਜੰਟਾਂ ਦੇ ਝਾਂਸੇ ਤੋਂ ਬਚੋ !

## ਕੈਨੇਡਾ ਸਰਕਾਰ ਦਾ ਸਪੱਸ਼ਟ ਐਲਾਨ: ਕੋਈ ਵਿਸ਼ੇਸ਼ ਵੀਜ਼ਾ ਕੈਟਾਗਰੀ ਨਹੀਂ

## ਗ਼ਲਤ ਦਸਤਾਵੇਜ਼ ਵਰਤਣ ਵਾਲਿਆਂ ਉੱਪਰ ਲੱਗ ਸਕਦੀ ਹੈ 5 ਸਾਲ ਦੀ ਪਾਬੰਦੀ

ਆਉਣ ਵਾਲੇ ਸਮੇਂ ਵਿੱਚ ਫ਼ੁੱਟਬਾਲ ਦੇ ਦੀਵਾਨਿਆਂ ਲਈ ਇੱਕ ਵੱਡਾ ਖੇਡ ਮੇਲਾ ਆ ਰਿਹਾ ਹੈ—‘ਫ਼ੀਫ਼ਾ ਵਿਸ਼ਵ ਕੱਪ 2026’। ਇਸ ਖੇਡ ਮਹਾਕੁੰਭ ਦਾ ਆਯੋਜਨ 11 ਜੂਨ ਤੋਂ 19 ਜੁਲਾਈ 2026 ਤੱਕ ਤਿੰਨ ਦੇਸ਼ਾਂ—ਕੈਨੇਡਾ, ਅਮਰੀਕਾ ਅਤੇ ਮੈਕਸੀਕੋ ਵਿੱਚ ਹੋਣ ਜਾ ਰਿਹਾ ਹੈ। ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਸ਼ਹਿਰ ਵੀ ਇਸ ਅੰਤਰਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰਨਗੇ। ਪਰ ਇਹ ਖੇਡ ਪ੍ਰੇਮੀਆਂ ਲਈ ਇੱਕ ਸੁਨਹਿਰਾ ਮੌਕਾ ਹੈ, ਉੱਥੇ ਹੀ ਕੁਝ ਠੱਗ ਏਜੰਟਾਂ ਨੇ ਇਸ ਨੂੰ ਆਪਣੀ ਕਮਾਈ ਦਾ ਜ਼ਰੀਆ ਬਣਾ ਲਿਆ ਹੈ। ਸੋਸ਼ਲ ਮੀਡੀਆ ਉੱਤੇ ‘ਫ਼ੀਫ਼ਾ ਵਿਸ਼ਵ ਕੱਪ’ ਦੇ ਬਹਾਨੇ ਕੈਨੇਡਾ ਦਾ ਵੀਜ਼ਾ ਦਿਵਾਉਣ ਦੇ ਦਾਅਵੇ ਕਰਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ, ਜਿਸ ਤੋਂ ਬਚਣ ਲਈ ਕੈਨੇਡਾ ਸਰਕਾਰ ਨੇ ਸਖ਼ਤ ਚਿਤਾਵਨੀ ਜਾਰੀ ਕੀਤੀ ਹੈ।

ਸੋਸ਼ਲ ਮੀਡੀਆ ’ਤੇ ਏਜੰਟਾਂ ਦਾ ਜਾਲ

ਅੱਜ-ਕੱਲ ਇੰਸਟਾਗ੍ਰਾਮ, ਫ਼ੇਸਬੁੱਕ ਅਤੇ ਹੋਰ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਰੀਲਾਂ ਦੀ ਭਰਮਾਰ ਹੈ, ਜਿੱਥੇ ਕੈਨੇਡਾ ਜਾਣ ਦੇ ਚਾਹਵਾਨਾਂ ਨੂੰ ਲੁਭਾਉਣੇ ਸੁਪਨੇ ਦਿਖਾਏ ਜਾ ਰਹੇ ਹਨ। ਇਨ੍ਹਾਂ ਰੀਲਾਂ ਵਿੱਚ ਏਜੰਟ ਦਾਅਵਾ ਕਰਦੇ ਹਨ: ‘ਕੈਨੇਡਾ ਵਿੱਚ ਫ਼ੀਫ਼ਾ ਵਰਲਡ ਕੱਪ ਹੋਣ ਜਾ ਰਿਹਾ ਹੈ, ਤੁਹਾਡੇ ਲਈ ਇਹ ਸੁਨਹਿਰਾ ਮੌਕਾ ਹੈ। ਬਿਨਾਂ ਸਪਾਂਸਰਸ਼ਿਪ, ਸਿਰਫ਼ ਹੋਟਲ ਬੁਕਿੰਗ ਦੇ ਆਧਾਰ ’ਤੇ ਵੀਜ਼ਾ ਲਗਵਾਓ।’

ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਜਿਵੇਂ ਕਿ ਬਟਾਲਾ ਅਤੇ ਕੋਟਕਪੂਰਾ ਦੇ ਕੁਝ ਏਜੰਟਾਂ ਵੱਲੋਂ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਪਹਿਲਾਂ ਹੀ ਕਈ ਵੀਜ਼ੇ ਲਗਵਾ ਦਿੱਤੇ ਹਨ। ਇੱਕ ਏਜੰਟ ਦਾ ਦਾਅਵਾ ਹੈ ਕਿ ਉਹ 50,000 ਰੁਪਏ ਦੀ ਫ਼ੀਸ ਲੈ ਕੇ ਵੀਜ਼ਾ ਅਪਲਾਈ ਕਰਨ ਵਿੱਚ ਮਦਦ ਕਰੇਗਾ ਅਤੇ ਫ਼ੰਡ ਵੀ ਖੁਦ ਦਿਖਾਏਗਾ। ਇਹ ਸਭ ਸਿਰਫ਼ ਲੋਕਾਂ ਨੂੰ ਫ਼ਸਾਉਣ ਲਈ ਬਣਾਏ ਗਏ ਝੂਠੇ ਦਾਅਵੇ ਹਨ, ਜਿਨ੍ਹਾਂ ਦਾ ਅਸਲੀਅਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਯੂਨਿਟ ਵੀ ਇਨ੍ਹਾਂ ਟੈਲੀਗ੍ਰਾਮ ਚੈਨਲਾਂ ਅਤੇ ਰੀਲਾਂ ’ਤੇ ਨਜ਼ਰ ਰੱਖ ਰਹੀ ਹੈ। ਹਾਲਾਂਕਿ ਅਜੇ ਤੱਕ ਫ਼ੀਫ਼ਾ ਵੀਜ਼ਾ ਘੋਟਾਲੇ ਵਿੱਚ ਕੋਈ ਵੱਡੀ ਗ੍ਰਿਫ਼ਤਾਰੀ ਨਹੀਂ ਹੋਈ, ਪਰ ਚੰਡੀਗੜ੍ਹ ਪੁਲਿਸ ਨੇ ਇਮੀਗ੍ਰੇਸ਼ਨ ਫ਼ਰਮਾਂ ਖਿਲਾਫ਼ ਐਫ਼ਆਈਆਰਾਂ ਦਰਜ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

**ਇਮੀਗ੍ਰੇਸ਼ਨ ਵਿਭਾਗ ਦੀ ਸਪੱਸ਼ਟ ਚਿਤਾਵਨੀ**

ਕੈਨੇਡਾ ਦੇ ਇਮੀਗ੍ਰੇਸ਼ਨ, ਰਿਫ਼ਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਅਜਿਹੀਆਂ ਗਤੀਵਿਧੀਆਂ ਦਾ ਸਖ਼ਤ ਨੋਟਿਸ ਲਿਆ ਹੈ। ਵਿਭਾਗ ਨੇ ਆਪਣੀ ਵੈੱਬਸਾਈਟ ਰਾਹੀਂ ਸਪੱਸ਼ਟ ਕੀਤਾ ਹੈ ਕਿ ਫ਼ੀਫ਼ਾ ਵਿਸ਼ਵ ਕੱਪ-2026 ਦੇ ਲਈ ਕੋਈ ਵੀ ਸਪੈਸ਼ਲ ਵੀਜ਼ਾ ਕੈਟਾਗਰੀ ਜਾਰੀ ਨਹੀਂ ਕੀਤੀ ਗਈ ਹੈ।

ਆਈ.ਆਰ.ਸੀ.ਸੀ ਨੇ ਕਿਹਾ ਹੈ ਕਿ ਜਿਹੜੇ ਲੋਕ ਫ਼ੁੱਟਬਾਲ ਮੈਚ ਦੇਖਣ ਲਈ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਆਮ ‘ਵਿਜ਼ਟਰ ਵੀਜ਼ਾ’ ਲਈ ਹੀ ਅਪਲਾਈ ਕਰਨਾ ਹੋਵੇਗਾ। ਕੋਈ ਵੀ ਖਾਸ ਵੀਜ਼ਾ ਅਜਿਹਾ ਨਹੀਂ ਹੈ ਜੋ ਤੁਹਾਨੂੰ ਕੈਨੇਡਾ ਵਿੱਚ ਕੰਮ ਕਰਨ ਜਾਂ ਉੱਥੇ ਰਹਿਣ ਦੀ ਇਜਾਜ਼ਤ ਦੇਵੇ। ਇੰਨਾ ਹੀ ਨਹੀਂ, ਫ਼ੀਫ਼ਾ ਮੈਚ ਦੀ ਟਿਕਟ ਹੋਣ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਤੁਹਾਡਾ ਵੀਜ਼ਾ ਮਨਜ਼ੂਰ ਹੋ ਜਾਵੇਗਾ। ਵੀਜ਼ਾ ਦੇਣਾ ਜਾਂ ਨਾ ਦੇਣਾ ਪੂਰੀ ਤਰ੍ਹਾਂ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਅਧਿਕਾਰ ਖੇਤਰ ਵਿੱਚ ਹੈ।




**5 ਸਾਲ ਦੀ ਪਾਬੰਦੀ ਦਾ ਖਤਰਾ**

ਕੈਨੇਡਾ ਸਰਕਾਰ ਨੇ ਲੋਕਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਤੁਸੀਂ ਕਿਸੇ ਏਜੰਟ ਦੇ ਰਾਹੀਂ ਕੋਈ ਗਲਤ ਜਾਣਕਾਰੀ ਜਾਂ ਫ਼ਰਜ਼ੀ ਦਸਤਾਵੇਜ਼ ਆਪਣੀ ਅਰਜ਼ੀ ਵਿੱਚ ਲਗਾਉਂਦੇ ਹੋ, ਤਾਂ ਇਸ ਦਾ ਖਮਿਆਜ਼ਾ ਤੁਹਾਨੂੰ ਭੁਗਤਣਾ ਪਵੇਗਾ। ਆਈ.ਆਰ.ਸੀ.ਸੀ ਦੇ ਨਿਯਮਾਂ ਮੁਤਾਬਕ, ਬਿਨੈਕਾਰ ਆਪਣੀ ਅਰਜ਼ੀ ਵਿੱਚ ਦਿੱਤੀ ਗਈ ਹਰ ਜਾਣਕਾਰੀ ਲਈ ਖੁਦ ਜ਼ਿੰਮੇਵਾਰ ਹੈ, ਭਾਵੇਂ ਉਹ ਅਰਜ਼ੀ ਕਿਸੇ ਏਜੰਟ ਜਾਂ ਪ੍ਰਤੀਨਿਧੀ ਨੇ ਹੀ ਕਿਉਂ ਨਾ ਭਰੀ ਹੋਵੇ।

ਜੇਕਰ ਅਰਜ਼ੀ ਵਿੱਚ ਕੋਈ ਵੀ ਗਲਤ ਦਸਤਾਵੇਜ਼ ਪਾਇਆ ਜਾਂਦਾ ਹੈ, ਤਾਂ ਬਿਨੈਕਾਰ ’ਤੇ 5 ਸਾਲ ਦੀ ਪਾਬੰਦੀ ਲੱਗ ਸਕਦੀ ਹੈ, ਜਿਸ ਨਾਲ ਉਸ ਦਾ ਕੈਨੇਡਾ ਜਾਣ ਦਾ ਸੁਪਨਾ ਹਮੇਸ਼ਾ ਲਈ ਖਤਮ ਹੋ ਸਕਦਾ ਹੈ।

ਇਮੀਗ੍ਰੇਸ਼ਨ ਮਾਮਲਿਆਂ ਦੇ ਮਾਹਿਰ ਰੁਪਿੰਦਰ ਸਿੰਘ ਦਾ ਕਹਿਣਾ ਹੈ ਕਿ ਏਜੰਟ ਅਕਸਰ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ ਜੋ ਸਰਕਾਰੀ ਨਿਯਮਾਂ ਦੀ ਖੁਦ ਜਾਂਚ-ਪੜਤਾਲ ਨਹੀਂ ਕਰਦੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਏਜੰਟ ਦੇ ਗੁੰਮਰਾਹਕੁੰਨ ਦਾਅਵਿਆਂ ਵਿੱਚ ਨਾ ਆਓ।

ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਸਪੋਰਟਸ ਸਟਾਫ਼, ਮੀਡੀਆ ਅਤੇ ਵਲੰਟੀਅਰਾਂ ਲਈ ਵੀ ਕੁਝ ਖਾਸ ਨਿਯਮ ਹਨ, ਪਰ ਇੱਕ ਆਮ ਸੈਲਾਨੀ ਲਈ ਕੋਈ ‘ਸ਼ਾਰਟਕੱਟ’ ਨਹੀਂ ਹੈ। ਰੁਪਿੰਦਰ ਸਿੰਘ ਨੇ ਜ਼ੋਰ ਦਿੱਤਾ, ‘ਫ਼ੀਫ਼ਾ ਵਰਲਡ ਕੱਪ ਕੈਨੇਡਾ ਵਿੱਚ ਸ਼ਰਨ ਲੈਣ ਜਾਂ ਕੰਮ ਕਰਨ ਦਾ ਕੋਈ ਮੌਕਾ ਨਹੀਂ ਹੈ। ਜੋ ਵੀ ਵਿਜ਼ਟਰ ਆਵੇਗਾ, ਉਸ ਨੂੰ ਤੈਅ ਸਮਾਂ ਮੁਕੰਮਲ ਹੋਣ ’ਤੇ ਵਾਪਸ ਜਾਣਾ ਪਵੇਗਾ।’

ਫ਼ੀਫ਼ਾ ਵਿਸ਼ਵ ਕੱਪ ਦਾ ਨਾਮ ਵਰਤ ਕੇ ਲੋਕਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੀ ਕੈਨੇਡਾ ਜਾਣ ਦੀ ਇੱਛਾ ਦਾ ਫ਼ਾਇਦਾ ਚੁੱਕਣਾ ਇੱਕ ਗੰਭੀਰ ਅਪਰਾਧ ਹੈ। ਕੈਨੇਡਾ ਸਰਕਾਰ ਦੀਆਂ ਹਦਾਇਤਾਂ ਬਿਲਕੁਲ ਸਾਫ਼ ਹਨ:

ਕੋਈ ਵੀ ਵਿਅਕਤੀ ਤੁਹਾਨੂੰ ਵੀਜ਼ੇ ਦੀ ‘ਗਾਰੰਟੀ’ ਨਹੀਂ ਦੇ ਸਕਦਾ। ਫ਼ੀਫ਼ਾ ਵਿਸ਼ਵ ਕੱਪ ਲਈ ਕੋਈ ਵਿਸ਼ੇਸ਼ ਵੀਜ਼ਾ ਸ਼੍ਰੇਣੀ ਨਹੀਂ ਹੈ। ਆਪਣੇ ਦਸਤਾਵੇਜ਼ਾਂ ਦੀ ਜਾਂਚ ਖੁਦ ਕਰੋ ਅਤੇ ਅਧਿਕਾਰਤ ਆਈਆਰਸੀਸੀ ਵੈੱਬਸਾਈਟ ਤੋਂ ਹੀ ਜਾਣਕਾਰੀ ਲਓ। ਇਸ ਲਈ, ਸੋਸ਼ਲ ਮੀਡੀਆ ’ਤੇ ਮਿਲਣ ਵਾਲੇ ‘ਸੁਨਹਿਰੇ ਮੌਕਿਆਂ’ ਤੋਂ ਸੁਚੇਤ ਰਹੋ ਅਤੇ ਕਿਸੇ ਵੀ ਅਜਿਹੇ ਏਜੰਟ ’ਤੇ ਭਰੋਸਾ ਨਾ ਕਰੋ ਜੋ ਸਰਕਾਰੀ ਨਿਯਮਾਂ ਦੇ ਉਲਟ ਜਾ ਕੇ ਵੀਜ਼ਾ ਲਗਵਾਉਣ ਦੇ ਦਾਅਵੇ ਕਰਦਾ ਹੈ। ਆਪਣੀ ਮਿਹਨਤ ਦੀ ਕਮਾਈ ਅਤੇ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਹਮੇਸ਼ਾ ਕਾਨੂੰਨੀ ਅਤੇ ਪਾਰਦਰਸ਼ੀ ਤਰੀਕੇ ਹੀ ਅਪਣਾਓ। ਵਿਸ਼ਵ ਕੱਪ ਦੀਆਂ ਟਿਕਟਾਂ ਸਿਰਫ਼ ਫ਼ੀਫ਼ਾ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਹੀ ਜਾਰੀ ਕੀਤੀਆਂ ਜਾਂਦੀਆਂ ਹਨ। ਕਿਸੇ ਵੀ ਥਰਡ-ਪਾਰਟੀ ਏਜੰਟ ਜਾਂ ਗੈਰ-ਅਧਿਕਾਰਤ ਵੈੱਬਸਾਈਟ ਤੋਂ ਟਿਕਟਾਂ ਖਰੀਦਣ ਦਾ ਦਾਅਵਾ ਕਰਨ ਵਾਲਿਆਂ ਤੋਂ ਸਾਵਧਾਨ ਰਹੋ, ਕਿਉਂਕਿ ਇਹ ਧੋਖਾਧੜੀ ਦਾ ਕਾਰਨ ਬਣ ਸਕਦਾ ਹੈ ਅਤੇ ਅਜਿਹੀਆਂ ਟਿਕਟਾਂ ਮਾਨਤਾ ਪ੍ਰਾਪਤ ਨਹੀਂ ਹੁੰਦੀਆਂ।

**ਕੀ ਹੈ ਫ਼ੀਫ਼ਾ ਵਿਸ਼ਵ ਕੱਪ ?**

ਫ਼ੀਫ਼ਾ ਵਿਸ਼ਵ ਕੱਪ ਦੁਨੀਆ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਫ਼ੁੱਟਬਾਲ ਟੂਰਨਾਮੈਂਟ ਹੈ। ਇਹ ਖੇਡਾਂ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਮੁਕਾਬਲਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਇਸ ਦਾ ਆਯੋਜਨ ‘ਫ਼ੀਫ਼ਾ’ ਦੁਆਰਾ ਕੀਤਾ ਜਾਂਦਾ ਹੈ, ਜੋ ਕਿ ਫ਼ੁੱਟਬਾਲ ਦੀ ਗਲੋਬਲ ਗਵਰਨਿੰਗ ਬਾਡੀ ਹੈ।

ਇਹ ਟੂਰਨਾਮੈਂਟ ਹਰ ਚਾਰ ਸਾਲ ਬਾਅਦ ਕਰਵਾਇਆ (ਬਾਕੀ ਸਫ਼ਾ 26 ’ਤੇ)

# ਸਪੇਨ ਵਿੱਚ ਪੰਜਾਬੀਆਂ ਦੀ ਖੁੱਲ੍ਹੀ ਕਿਸਮਤ: 5 ਲੱਖ ਪ੍ਰਵਾਸੀਆਂ ਨੂੰ ਪੱਕਾ ਕਰਨ ਦਾ ਐਲਾਨ

## ਖੇਤੀਬਾੜੀ ਤੇ ਨਿਰਮਾਣ ਸੈਕਟਰ ਵਿੱਚ ਕਿਰਤੀਆਂ ਦੀ ਲੋੜ

## 15 ਹਜ਼ਾਰ ਪੰਜਾਬੀਆਂ ਦੀ ਖੁੱਲ੍ਹੇਗੀ ਕਿਸਮਤ, ਕੀ ਹਨ ਪੱਕਾ ਹੋਣ ਦੀਆਂ ਸ਼ਰਤਾਂ ?

ਯੂਰਪੀ ਦੇਸ਼ ਸਪੇਨ ਨੇ ਇੱਕ ਅਜਿਹਾ ਇਤਿਹਾਸਕ ਕਦਮ ਚੁੱਕਿਆ ਹੈ ਜਿਸ ਨੇ ਦੁਨੀਆ ਭਰ ਦੇ ਪ੍ਰਵਾਸੀਆਂ, ਖਾਸ ਕਰਕੇ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਜਦੋਂ ਇੱਕ ਪਾਸੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀਆਂ ਨੀਤੀਆਂ ਬਣਾ ਰਹੇ ਹਨ, ਉੱਥੇ ਹੀ ਸਪੇਨ ਦੇ ਪ੍ਰਧਾਨ ਮੰਤਰੀ ਪੈਡਰੋ ਸਾਂਚੇਜ਼ ਨੇ 5 ਲੱਖ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਾਨੂੰਨੀ ਦਰਜਾ (ਰੇਜ਼ੀਡੈਂਸੀ) ਦੇਣ ਦਾ ਐਲਾਨ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਇਸ ਯੋਜਨਾ ਦਾ ਸਭ ਤੋਂ ਵੱਡਾ ਲਾਭ ਉਨ੍ਹਾਂ ਪੰਜਾਬੀ ਨੌਜਵਾਨਾਂ ਨੂੰ ਹੋਣ ਜਾ ਰਿਹਾ ਹੈ ਜੋ ਪਿਛਲੇ ਕਈ ਸਾਲਾਂ ਤੋਂ ‘ਸਖਤ ਮਿਹਨਤ’ ਤੇ ਬਿਨਾਂ ਕਾਗਜ਼ਾਂ ਦੇ ਕੰਮ ਕਰਕੇ ਆਪਣੀ ਹੋਂਦ ਸਪੇਨ ਵਿੱਚ ਸਥਾਪਿਤ ਕਰ ਰਹੇ ਸਨ।

**ਸਪੇਨ ਸਰਕਾਰ ਨੇ ਕਿਉਂ ਲਿਆ ਇਹ ਫੈਸਲਾ ?**

ਸਪੇਨ ਇਸ ਵੇਲੇ ਦੋ ਮੁੱਖ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਬੁੱਢੀ ਹੁੰਦੀ ਆਬਾਦੀ ਅਤੇ ਕਾਮਿਆਂ ਦੀ ਭਾਰੀ ਕਿੱਲਤ ਹੈ। ਪ੍ਰਧਾਨ ਮੰਤਰੀ ਸਾਂਚੇਜ਼ ਦਾ ਮੰਨਣਾ ਹੈ ਕਿ ਦੇਸ਼ ਦੀ ਆਰਥਿਕਤਾ ਨੂੰ ਗਤੀਸ਼ੀਲ ਰੱਖਣ ਲਈ ਹਰ ਸਾਲ ਲੱਖਾਂ ਨਵੇਂ ਕਾਮਿਆਂ ਦੀ ਲੋੜ ਹੈ। ਹੁਣ ਸਪੇਨ ਦੀ ਜੀ.ਡੀ.ਪੀ. ਵਿੱਚ 2.8 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਆਰਥਿਕ ਮਾਹਿਰਾਂ ਅਨੁਸਾਰ, ਜੇਕਰ ਇਹ 5 ਲੱਖ ਪ੍ਰਵਾਸੀ ਸਿਸਟਮ ਦਾ ਹਿੱਸਾ ਬਣਦੇ ਹਨ, ਤਾਂ ਉਹ ਟੈਕਸ ਦੇਣਗੇ, ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੱਡਾ ਫਾਇਦਾ ਹੋਵੇਗਾ। ਸਪੇਨ ਵਿੱਚ ਬੇਰੁਜ਼ਗਾਰੀ ਦਰ 10 ਫੀਸਦੀ ਤੋਂ ਹੇਠਾਂ ਆ ਗਈ ਹੈ, ਜਿਸਦਾ ਮਤਲਬ ਹੈ ਕਿ ਸਥਾਨਕ ਲੋਕਾਂ ਕੋਲ ਕੰਮ ਹੈ, ਪਰ ਕਈ ਅਜਿਹੇ ਸੈਕਟਰ ਹਨ ਜਿੱਥੇ ਕੰਮ ਕਰਨ ਵਾਲੇ ਬੰਦੇ ਨਹੀਂ ਮਿਲ ਰਹੇ।






**ਕਿਹੜੇ ਖੇਤਰਾਂ ਵਿੱਚ ਹੈ ਪੰਜਾਬੀਆਂ ਦੀ ਸਭ ਤੋਂ ਵੱਧ ਲੋੜ ?**

ਪੰਜਾਬੀ ਆਪਣੀ ਸਖ਼ਤ ਮਿਹਨਤ ਲਈ ਜਾਣੇ ਜਾਂਦੇ ਹਨ। ਸਪੇਨ ਵਿੱਚ ਹੇਠ ਲਿਖੇ ਖੇਤਰਾਂ ਵਿੱਚ ਪੰਜਾਬੀਆਂ ਦੀ ਮੰਗ ਸਭ ਤੋਂ ਜ਼ਿਆਦਾ ਹੈ:

**ਕੰਸਟ੍ਰਕਸ਼ਨ (ਉਸਾਰੀ) ਸੈਕਟਰ:** ਇਕੱਲੇ ਇਸ ਖੇਤਰ ਵਿੱਚ ਹੀ 7 ਲੱਖ ਤੋਂ ਵੱਧ ਕਾਮਿਆਂ ਦੀ ਲੋੜ ਹੈ। ਪੰਜਾਬੀ ਗੱਭਰੂ ਇਸ ਖੇਤਰ ਵਿੱਚ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਕੰਮ ਕਰ ਰਹੇ ਹਨ।

ਸਪੇਨ ਨੂੰ ਯੂਰਪ ਦਾ ‘ਬਗੀਚਾ’ ਕਿਹਾ ਜਾਂਦਾ ਹੈ। ਜੈਤੂਨ, ਅੰਗੂਰ ਅਤੇ ਸਬਜ਼ੀਆਂ ਦੀ ਖੇਤੀ ਵਿੱਚ ਪੰਜਾਬੀ ਮਾਹਿਰ ਮੰਨੇ ਜਾਂਦੇ ਹਨ।

ਸਪੇਨ ਵਿੱਚ ਭਾਰੀ ਵਾਹਨਾਂ ਦੇ ਡਰਾਈਵਰਾਂ ਦੀ ਵੱਡੀ ਘਾਟ ਹੈ। ਪੱਕੇ ਹੋਣ ਤੋਂ ਬਾਅਦ ਪੰਜਾਬੀ ਨੌਜਵਾਨ ਲਾਇਸੈਂਸ ਬਣਵਾ ਕੇ ਇਸ ਖੇਤਰ ਵਿੱਚ ਮੋਟੀ ਕਮਾਈ ਕਰ ਸਕਦੇ ਹਨ।

ਹੋਟਲਾਂ ਅਤੇ ਰੈਸਟੋਰੈਂਟਾਂ ਵਿੱਚ ਵੀ ਵੱਡੀ ਗਿਣਤੀ ਵਿੱਚ ਮਦਦਗਾਰ ਹੱਥਾਂ ਦੀ ਲੋੜ ਹੈ।

**ਪੰਜਾਬੀਆਂ ਦੀ ਸਪੇਨ ਵਿੱਚ ਸਥਿਤੀ: ਇੱਕ ਵਿਸ਼ਲੇਸ਼ਣ**

ਸਪੇਨ ਵਿੱਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਜਿਨ੍ਹਾਂ ਵਿੱਚੋਂ ਬਹੁਗਿਣਤੀ ਪੰਜਾਬੀਆਂ ਦੀ ਹੈ। ਅੰਦਾਜ਼ਨ ਸਪੇਨ ਵਿੱਚ 1 ਲੱਖ ਤੋਂ ਵੱਧ ਪੰਜਾਬੀ ਰਹਿ ਰਹੇ ਹਨ, ਜੋ ਮੁੱਖ ਤੌਰ ’ਤੇ ਬਾਰਸੀਲੋਨਾ, ਵੈਲੈਂਸੀਆ, ਮੈਡਰਿਡ ਅਤੇ ਮੈਲੋਰਕਾ ਵਰਗੇ ਸ਼ਹਿਰਾਂ ਵਿੱਚ ਵਸੇ ਹੋਏ ਹਨ।

ਪੰਜਾਬੀ ਭਾਈਚਾਰਾ ਸਪੇਨ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣ ਰਿਹਾ ਹੈ। ਸ਼ੁਰੂਆਤੀ ਦੌਰ ਵਿੱਚ ਨੌਜਵਾਨ ਖੇਤਾਂ ਜਾਂ ਦਿਹਾੜੀ ’ਤੇ ਕੰਮ ਕਰਦੇ ਹਨ, ਪਰ ਸਮਾਂ ਬੀਤਣ ਨਾਲ ਉਹ ਆਪਣੇ ਕਾਰੋਬਾਰ ਜਿਵੇਂ ਕਿ ਕਰਿਆਨਾ ਸਟੋਰ, ਰੈਸਟੋਰੈਂਟ ਅਤੇ ਮੋਬਾਈਲ ਰਿਪੇਅਰ ਦੀਆਂ ਦੁਕਾਨਾਂ ਖੋਲ੍ਹ ਲੈਂਦੇ ਹਨ। ਬਾਰਸੀਲੋਨਾ ਦੇ ਕਈ ਇਲਾਕੇ ਤਾਂ ਅਜਿਹੇ ਹਨ ਜਿੱਥੇ ਤੁਹਾਨੂੰ ਲੱਗੇਗਾ ਕਿ ਤੁਸੀਂ ਪੰਜਾਬ ਦੇ ਕਿਸੇ ਬਾਜ਼ਾਰ ਵਿੱਚ ਹੋ।

ਪੰਜਾਬੀ ਸਪੇਨੀ ਸਮਾਜ ਵਿੱਚ ਚੰਗੀ ਤਰ੍ਹਾਂ ਘੁਲ-ਮਿਲ ਗਏ ਹਨ। ਸਪੇਨ ਦੇ ਲੋਕ ਮਿਲਣਸਾਰ ਹਨ, ਜਿਸ ਕਾਰਨ ਪੰਜਾਬੀਆਂ ਨੂੰ ਉੱਥੇ ਨਸਲਵਾਦ ਦਾ ਸਾਹਮਣਾ ਘੱਟ ਕਰਨਾ ਪੈਂਦਾ ਹੈ। ਗੁਰਦੁਆਰਾ ਸਾਹਿਬਾਨ ਦੀ ਵੱਡੀ ਗਿਣਤੀ ਅਤੇ ਉੱਥੇ ਲੱਗਣ ਵਾਲੇ ਲੰਗਰਾਂ ਨੇ ਸਥਾਨਕ ਲੋਕਾਂ ਦੇ ਦਿਲਾਂ ਵਿੱਚ ਪੰਜਾਬੀਆਂ ਖਾਸ ਕਰਕੇ ਸਿੱਖਾਂ ਲਈ ਇੱਕ ਸਤਿਕਾਰਤ ਥਾਂ ਬਣਾਈ ਹੈ।

?ਹਾਲਾਂਕਿ ਹਾਲੇ ਵੀ ਪੰਜਾਬੀਆਂ ਦੀ ਸਿੱਧੀ ਰਾਜਨੀਤਕ ਸ਼ਮੂਲੀਅਤ ਘੱਟ ਹੈ, ਪਰ ਵੋਟ ਬੈਂਕ ਵਜੋਂ ਉਨ੍ਹਾਂ ਦੀ ਅਹਿਮੀਅਤ ਵਧ ਰਹੀ ਹੈ। ਪੱਕੇ ਹੋਣ ਵਾਲੇ 5 ਲੱਖ ਲੋਕਾਂ ਵਿੱਚੋਂ 15,000 ਪੰਜਾਬੀ ਜਦੋਂ ਵੋਟ ਪਾਉਣ ਦੇ ਯੋਗ ਹੋਣਗੇ, ਤਾਂ ਸਥਾਨਕ ਸਰਕਾਰਾਂ ਵਿੱਚ ਉਨ੍ਹਾਂ ਦੀ ਆਵਾਜ਼ ਹੋਰ ਬੁਲੰਦ ਹੋਵੇਗੀ।

**ਪੱਕਾ ਹੋਣ ਲਈ ਜ਼ਰੂਰੀ ਸ਼ਰਤਾਂ**

ਸਪੇਨ ਸਰਕਾਰ ਨੇ ਇਸ ਪ੍ਰਕਿਰਿਆ ਨੂੰ ਪਾਰਦਰਸ਼ੀ ਰੱਖਣ ਲਈ ਕੁਝ ਸਖ਼ਤ ਪਰ ਵਾਜਬ ਸ਼ਰਤਾਂ ਰੱਖੀਆਂ ਹਨ:

**ਰਿਹਾਇਸ਼ ਦਾ ਸਬੂਤ:** ਬਿਨੈਕਾਰ 31 ਦਸੰਬਰ 2025 ਤੋਂ ਪਹਿਲਾਂ ਲਗਾਤਾਰ ਪੰਜ ਮਹੀਨੇ ਸਪੇਨ ਵਿੱਚ ਰਿਹਾ ਹੋਵੇ।

**ਸਾਫ਼ ਰਿਕਾਰਡ: ਕਿਸੇ ਵੀ ਤਰ੍ਹਾਂ ਦਾ ਅਪਰਾਧਿਕ ਰਿਕਾਰਡ ਨਹੀਂ ਹੋਣਾ ਚਾਹੀਦਾ।**

ਅਰਜ਼ੀਆਂ ਦੀ ਪ੍ਰਕਿਰਿਆ ਅਪ੍ਰੈਲ 2026 ਵਿੱਚ ਸ਼ੁਰੂ ਹੋਵੇਗੀ ਅਤੇ 30 ਜੂਨ 2026 ਤੱਕ ਚੱਲੇਗੀ।

**ਪੰਜਾਬੀਆਂ ਦਾ ਵਿਰੋਧ ਕੌਣ ਕਰ ਰਿਹਾ ?**

ਜਿੱਥੇ ਪੰਜਾਬੀਆਂ ਵਿੱਚ ਖੁਸ਼ੀ ਹੈ, ਉੱਥੇ ਹੀ ਸਪੇਨ ਦੀ ਵਿਰੋਧੀ ਧਿਰ ਇਸ ਫੈਸਲੇ ਦੀ ਆਲੋਚਨਾ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਪੱਕਾ ਕਰਨ ਨਾਲ ਸਿਹਤ ਸੇਵਾਵਾਂ ਅਤੇ ਸਕੂਲਾਂ ’ਤੇ ਬੋਝ ਵਧੇਗਾ। ਦੂਜੇ ਪਾਸੇ, ਇੰਮੀਗ੍ਰੇਸ਼ਨ ਵਕੀਲਾਂ ਨੇ ਚਿਤਾਵਨੀ ਦਿੱਤੀ ਹੈ ਕਿ ਫਾਈਲਾਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਪੇਪਰ ਮਿਲਣ ਵਿੱਚ ਇੱਕ ਸਾਲ ਤੋਂ ਵੱਧ ਦਾ ਸਮਾਂ ਲੱਗ ਸਕਦਾ ਹੈ।ਸਪੇਨ ਦਾ ਇਹ ਫੈਸਲਾ ਪੰਜਾਬੀ ਮਾਵਾਂ ਦੇ ਉਨ੍ਹਾਂ ਪੁੱਤਾਂ ਲਈ ਇੱਕ ਨਵੀਂ ਜ਼ਿੰਦਗੀ ਵਾਂਗ ਹੈ ਜੋ ਸਾਲਾਂ ਤੋਂ ‘ਲੁਕ-ਛਿਪ’ ਕੇ ਰਹਿ ਰਹੇ ਸਨ। ਹੁਣ ਉਹ ਨਾ ਸਿਰਫ਼ ਖੁੱਲ੍ਹ ਕੇ ਕੰਮ ਕਰ ਸਕਣਗੇ, ਸਗੋਂ ਆਪਣੇ ਪਰਿਵਾਰਾਂ ਨੂੰ ਵੀ ਯੂਰਪ ਸੱਦਣ ਦੇ ਯੋਗ ਹੋਣਗੇ। ਬਾਰਸੀਲੋਨਾ ਦੇ ਕੌਂਸਲੇਟ ਬਾਹਰ ਲੱਗੀਆਂ ਲੰਬੀਆਂ ਕਤਾਰਾਂ ਇਸ ਗੱਲ ਦਾ ਸਬੂਤ ਹਨ ਕਿ ਪੰਜਾਬੀ ਹੁਣ ਸਪੇਨ ਦੀ ਧਰਤੀ ’ਤੇ ਆਪਣੀਆਂ ਜੜ੍ਹਾਂ ਹੋਰ ਮਜ਼ਬੂਤ ਕਰਨ ਲਈ ਤਿਆਰ ਹਨ।

## ਪੁਲਿਸ ਖੁਦ ਬਣੀ 'ਜੱਜ ਤੇ ਜਲਾਦ'

# ਰਣਜੀਤ ਸਿੰਘ ਫਰਜ਼ੀ ਐਨਕਾਊਂਟਰ 'ਚ ਘਿਰੀ 'ਆਪ' ਸਰਕਾਰ

## ਅਦਾਲਤ ਦਾ ਸਖ਼ਤ ਐਕਸ਼ਨ-ਪੰਥਕ ਜਥੇਬੰਦੀਆਂ ਵੱਲੋਂ ਸੀ.ਬੀ.ਆਈ. ਜਾਂਚ ਦੀਆਂ ਮੰਗਾਂ ਤੇਜ਼, ਮਾਮਲਾ ਜਾਵੇਗਾ ਹਾਈਕੋਰਟ

ਪੰਜਾਬ ਦੀ ਧਰਤੀ ਇੱਕ ਵਾਰ ਫਿਰ ਉਸੇ ਖ਼ੂਨੀ ਅਤੇ ਹਨੇਰੀ ਰਾਤ ਵੱਲ ਵਧ ਰਹੀ ਹੈ ਜਿਸ ਨੇ 1980-90 ਦੇ ਦਹਾਕੇ ਵਿੱਚ ਹਜ਼ਾਰਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਨਹਿਰਾਂ ਵਿੱਚ ਵਹਾਇਆ ਸੀ ਤੇ ਬੇਗੁਨਾਹ ਸਿੱਖਾਂ ਨੂੰ, ਲਵਾਰਸ ਲਾਸ਼ਾਂ ਬਣਾ ਦਿਤਾ ਸੀ। ਗੁਰਦਾਸਪੁਰ ਦੇ ਪਿੰਡ ਆਦੀਆਂ ਨੇੜੇ 25 ਫਰਵਰੀ 2026 ਨੂੰ 19 ਸਾਲਾ ਨੌਜਵਾਨ ਰਣਜੀਤ ਸਿੰਘ ਦੀ ਕਥਿਤ ਪੁਲਿਸ ਮੁਕਾਬਲੇ ਵਿੱਚ ਮੌਤ ਨੇ ਪੂਰੇ ਸੂਬੇ ਨੂੰ ਹਿਲਾ ਦਿੱਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਰਣਜੀਤ ਸਿੰਘ ਆਈ.ਐੱਸ.ਆਈ. ਏਜੰਟ ਸੀ, ਉਸ ਨੇ ਦੋ ਪੁਲਿਸ ਮੁਲਾਜ਼ਮਾਂ ਦੀ ਹੱਤਿਆ ਕੀਤੀ ਅਤੇ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਪਰ ਪਰਿਵਾਰ, ਅਦਾਲਤ ਅਤੇ ਪੰਥਕ ਜਥੇਬੰਦੀਆਂ ਇਸ ਨੂੰ ਖੁਲ੍ਹਾ ਫਰਜ਼ੀ ਐਨਕਾਊਂਟਰ ਦੱਸ ਰਹੀਆਂ ਹਨ। ਗੁਰਦਾਸਪੁਰ ਦੀ ਸੀਜੀਐੱਮ ਅਦਾਲਤ ਨੇ ਪੁਲਿਸ ਦੀ ਕਹਾਣੀ ਉੱਤੇ ਗੰਭੀਰ ਸਵਾਲ ਉਠਾਉਂਦਿਆਂ ਐੱਸ.ਐੱਸ.ਪੀ., ਸੀ.ਆਈ.ਏ. ਇੰਚਾਰਜ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀਆਂ ਦੇ ਫੋਨ ਰਿਕਾਰਡ, ਜੀਪੀਐੱਸ ਲੋਕੇਸ਼ਨ, ਸੀਸੀਟੀਵੀ ਫੁਟੇਜ ਅਤੇ ਡਾਕਟਰੀ ਬੋਰਡ ਬਣਾਉਣ ਦੇ ਹੁਕਮ ਜਾਰੀ ਕਰ ਦਿੱਤੇ ਹਨ। ਇਹ ਆਦੇਸ਼ ਆਪ ਸਰਕਾਰ ਲਈ ਗਲੇ ਦੀ ਹੱਡੀ ਬਣ ਗਏ ਹਨ ਅਤੇ ਹੁਣ ਹਾਈਕੋਰਟ ਤੱਕ ਮਾਮਲਾ ਪਹੁੰਚਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਪਿਛਲੇ ਤਿੰਨ ਮਹੀਨਿਆਂ ਵਿੱਚ ਪੰਜਾਬ ਵਿੱਚ 35 ਸਿੱਖ ਨੌਜਵਾਨਾਂ ਦੇ ਹਿਰਾਸਤੀ ਕਤਲ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਇਹ ਅੰਕੜਾ ਭਗਵੰਤ ਮਾਨ ਸਰਕਾਰ ਲਈ ਇੱਕ ਨਵਾਂ ਰਿਕਾਰਡ ਹੈ। ਲੋਕ ਪੁੱਛ ਰਹੇ ਹਨ - ਕੀ ਆਪ ਸਰਕਾਰ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਫਿਰ ਉਹੀ 90ਵਿਆਂ ਵਾਲਾ 'ਪੁਲਿਸ ਰਾਜ' ਵਾਪਸ ਲਿਆ ਰਹੀ ਹੈ? ਰਣਜੀਤ ਸਿੰਘ ਮਾਮਲਾ ਇਸ ਵਰਤਾਰੇ ਦਾ ਸਭ ਤੋਂ ਤਾਜ਼ਾ ਅਤੇ ਸਭ ਤੋਂ ਖਤਰਨਾਕ ਉਦਾਹਰਣ ਬਣ ਗਿਆ ਹੈ।


ਇਥੇ ਜ਼ਿਕਰਯੋਗ ਹੈ ਕਿ 21-22 ਫਰਵਰੀ ਦੀ ਰਾਤ ਨੂੰ ਆਦੀਆਂ ਪੁਲਿਸ ਚੌਂਕੀ ਉੱਤੇ ਏ.ਐੱਸ.ਆਈ. ਗੁਰਨਾਮ ਸਿੰਘ ਅਤੇ ਹੋਮ ਗਾਰਡ ਅਸ਼ੋਕ ਕੁਮਾਰ ਦੀ ਹੱਤਿਆ ਹੋਈ ਸੀ। ਪੁਲਿਸ ਨੇ ਤਿੰਨ ਨੌਜਵਾਨਾਂ - ਰਣਜੀਤ ਸਿੰਘ, ਇੰਦਰਜੀਤ ਸਿੰਘ ਅਤੇ ਦਿਲਾਵਰ ਸਿੰਘ - ਨੂੰ ਮੁਲਜ਼ਮ ਠਹਿਰਾਇਆ ਸੀ। ਪੁਲਿਸ ਨੇ ਇਸ ਕੇਸ ਵਿੱਚ ਕੁੱਲ ਤਿੰਨ ਮੁੱਖ ਮੁਲਜ਼ਮਾਂ ਦੀ ਪਛਾਣ ਕੀਤੀ ਸੀ, ਜਿਨ੍ਹਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਸੀ:

ਦਿਲਾਵਰ ਸਿੰਘ: ਪੁਲਿਸ ਨੇ ਇਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਰਣਜੀਤ ਸਿੰਘ: ਪੁਲਿਸ ਦੇ ਦਾਅਵੇ ਅਨੁਸਾਰ ਉਸਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਬਾਅਦ ਵਿੱਚ ਪੁਲਿਸ ਮੁਕਾਬਲੇ ਦੌਰਾਨ ਉਸਦੀ ਮੌਤ ਹੋ ਗਈ ਸੀ।

ਇੰਦਰਜੀਤ ਸਿੰਘ: ਇਹ ਤੀਜਾ ਮੁਲਜ਼ਮ ਸੀ ਜਿਸਦੀ ਭਾਲ ਕੀਤੀ ਜਾ ਰਹੀ ਸੀ।

ਇਨ੍ਹਾਂ ਤਿੰਨਾਂ ਤੋਂ ਇਲਾਵਾ, ਪੁਲਿਸ ਨੇ ਮੁਲਜ਼ਮ ਇੰਦਰਜੀਤ ਸਿੰਘ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਉਸਦੀਆਂ ਦੋ ਭੈਣਾਂ ਅਤੇ ਭਾਬੀ ਨੂੰ ਵੀ ਹਿਰਾਸਤ ਵਿੱਚ ਲਿਆ ਸੀ। ਇਸ ਕਾਰਵਾਈ ਦਾ ਕਾਫੀ ਵਿਰੋਧ ਹੋਇਆ ਸੀ, ਜਿਸ ਤੋਂ ਬਾਅਦ ਲੋਕਾਂ ਦੇ ਦਬਾਅ ਅਤੇ ਧਰਨੇ ਦੇ ਚੱਲਦਿਆਂ ਇਨ੍ਹਾਂ ਔਰਤਾਂ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ ਗਿਆ ਸੀ।




ਡੀ.ਆਈ.ਜੀ. ਸੰਦੀਪ ਗੋਇਲ ਨੇ ਪ੍ਰੈੱਸ ਕਾਨਫਰੰਸ ਵਿੱਚ ਦਾਅਵਾ ਕੀਤਾ ਸੀ ਕਿ ਇਹ ਤਿੰਨੋਂ ਆਈ.ਐੱਸ.ਆਈ. ਏਜੰਟ ਸਨ ਅਤੇ ਲਾਰੈਂਸ ਬਿਸਨੋਈ ਗੈਂਗ ਨਾਲ ਜੁੜੇ ਹੋ ਸਕਦੇ ਹਨ। ਉਨ੍ਹਾਂ ਕਿਹਾ ਸੀ ਕਿ 25 ਫਰਵਰੀ ਨੂੰ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਹਥਿਆਰ ਬਰਾਮਦ ਕਰਨ ਲਈ ਲਿਜਾਇਆ ਗਿਆ ਸੀ ਤਾਂ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਸੀ। ਗੱਡੀ ਪਲਟਣ ਤੋਂ ਬਾਅਦ ਰਣਜੀਤ ਧੁੰਦ ਦਾ ਫਾਇਦਾ ਉਠਾਕੇ ਭੱਜ ਗਿਆ ਸੀ ਅਤੇ ਫਿਰ ਸਵੇਰੇ 3 ਵਜੇ ਪੁਰਾਣਾ ਸ਼ਾਲਾ ਇਲਾਕੇ ਵਿੱਚ ਉਸ ਨੇ ਪੁਲਿਸ ਉੱਤੇ ਫਾਇਰਿੰਗ ਕੀਤੀ। ਜਵਾਬੀ ਕਾਰਵਾਈ ਵਿੱਚ ਉਹ ਮਾਰਿਆ ਗਿਆ ਸੀ। ਸੀ.ਆਈ.ਏ. ਇੰਚਾਰਜ ਗੁਰਮੀਤ ਸਿੰਘ ਵੀ ਇਸ ਮੁਕਾਬਲੇ ਵਿੱਚ ਜ਼ਖ਼ਮੀ ਹੋ ਗਿਆ ਸੀ।

ਪਰ ਪਰਿਵਾਰ ਇਸ ਕਹਾਣੀ ਨੂੰ ਪੂਰੀ ਤਰ੍ਹਾਂ ਝੂਠਾ ਦੱਸ ਰਿਹਾ ਹੈ। ਰਣਜੀਤ ਸਿੰਘ ਦੀ ਮਾਤਾ ਸੁਖਜਿੰਦਰ ਕੌਰ ਨੇ ਅਦਾਲਤ ਵਿੱਚ ਅਰਜ਼ੀ ਦਾਖਲ ਕਰਦਿਆਂ ਕਿਹਾ ਕਿ 24 ਫਰਵਰੀ ਨੂੰ ਦੁਪਹਿਰ 4 ਵਜੇ ਪੁਲਿਸ ਘਰ ਆਈ ਸੀ ਅਤੇ ਰਣਜੀਤ ਨੂੰ ਚੁੱਕ ਕੇ ਲੈ ਗਈ। ਅੱਧੀ ਰਾਤ ਦੌਰਾਨ ਚਾਚਾ ਚੰਦਨਜੀਤ ਸਿੰਘ ਨੂੰ ਫੋਨ ਆਇਆ ਸੀ ਕਿ ਰਣਜੀਤ ਥਾਣੇ ਵਿੱਚ ਹੈ ਅਤੇ ਸਵੇਰੇ ਆ ਕੇ ਲੈ ਜਾਉ। ਪਰ ਉਸ ਤੋਂ ਪਹਿਲਾਂ ਹੀ ਸੋਸ਼ਲ ਮੀਡੀਆ ਉੱਤੇ ਐਨਕਾਊਂਟਰ ਦੀ ਖ਼ਬਰ ਆ ਗਈ। ਪਰਿਵਾਰ ਨੇ ਲਾਸ਼ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਜਦੋਂ ਤੱਕ ਪੀ.ਜੀ.ਆਈ. ਚੰਡੀਗੜ੍ਹ ਤੋਂ ਨਵਾਂ ਪੋਸਟਮਾਰਟਮ ਅਤੇ ਸੀ.ਬੀ.ਆਈ. ਜਾਂਚ ਨਾ ਹੋਵੇ, ਸਸਕਾਰ ਨਹੀਂ ਹੋਵੇਗਾ। ਰਣਜੀਤ ਦੇ ਚਾਚਾ ਹਰਵਿੰਦਰ ਸਿੰਘ ਦਾ ਮੰਨਣਾ ਹੈ ਕਿ ਪੁਲਿਸ ਨੇ ਪਿੰਡ ਦੇ ਸਾਰੇ ਸੀਸੀਟੀਵੀ ਡੀਵੀਆਰ ਕਬਜ਼ੇ ਵਿੱਚ ਲੈ ਲਏ। ਇਹ ਸਬੂਤ ਮਿਟਾਉਣ ਦੀ ਕੋਸ਼ਿਸ਼ ਹੈ।

### ਅਦਾਲਤ ਨੇ ਪੁਲਿਸ ਉੱਤੇ ਕੀਤਾ ਸ਼ਿਕੰਜਾ

ਗੁਰਦਾਸਪੁਰ ਦੀ ਸੀਜੀਐੱਮ ਜੱਜ ਸੁਰੇਖਾ ਡਡਵਾਲ ਨੇ ਰਣਜੀਤ ਦੀ ਮਾਤਾ ਦੀ ਅਰਜ਼ੀ ਉੱਤੇ ਸੁਣਵਾਈ ਕਰਦਿਆਂ ਇਤਿਹਾਸਕ ਆਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਪੁਲਿਸ ਦੀ ਉਸ ਦਲੀਲ ਨੂੰ ਰੱਦ ਕਰ ਦਿੱਤਾ ਜਿਸ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਐੱਸਐੱਸਪੀ ਆਦਿਤਿਆ ਸ਼ਰਮਾ, ਸੀਆਈਏ ਇੰਚਾਰਜ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀਆਂ ਦੇ 20 ਤੋਂ 28 ਫਰਵਰੀ ਤੱਕ ਦੇ ਕਾਲ ਡਿਟੇਲ ਰਿਕਾਰਡ (ਸੀਡੀਆਰ) ਅਤੇ ਜੀਪੀਐੱਸ ਲੋਕੇਸ਼ਨ ਦੇਣ ਨਾਲ ਉਨ੍ਹਾਂ ਦੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਜੱਜ ਨੇ ਸਪੱਸ਼ਟ ਕਿਹਾ ਕਿ ਆਰਟੀਕਲ 21 ਤਹਿਤ ਸੱਚਾਈ ਸਾਹਮਣੇ ਲਿਆਉਣਾ ਅਤੇ ਨਿਰਪੱਖ ਜਾਂਚ ਵਧੇਰੇ ਮਹੱਤਵਪੂਰਨ ਹੈ।

ਅਦਾਲਤ ਨੇ ਤਿੰਨ ਡਾਕਟਰਾਂ ਦਾ ਬੋਰਡ ਬਣਾਉਣ ਦੇ ਹੁਕਮ ਦਿੱਤੇ ਹਨ ਤਾਂ ਜੋ ਗੁਰਮੀਤ ਸਿੰਘ ਦੀ ਬਾਂਹ ਵਾਲੀ ਗੋਲੀ ਖੁਦ ਲੱਗੀ ਜਾਂ ਮਾਰੀ ਗਈ ਇਸ ਦੀ ਜਾਂਚ ਹੋ ਸਕੇ। ਘਟਨਾ ਸਥਾਨ ਆਲੇ-ਦੁਆਲੇ ਦੀਆਂ ਸਾਰੀਆਂ ਸੀਸੀਟੀਵੀ ਫੁਟੇਜ ਕਬਜ਼ੇ ਵਿੱਚ ਲੈਣ ਅਤੇ ਰਣਜੀਤ ਸਿੰਘ ਦੇ ਫੋਨ ਰਿਕਾਰਡ ਵੀ ਸੁਰੱਖਿਅਤ ਰੱਖਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਪੁਲਿਸ ਵੱਲੋਂ ਗਠਿਤ ਕੀਤੀ ਐੱਸਆਈਟੀ 'ਹਿੱਤਾਂ ਦਾ ਟਕਰਾਅ' ਵਾਲੀ ਹੈ ਅਤੇ ਇਸ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿੱਚ ਡਾਕਟਰਾਂ ਦਾ ਬੋਰਡ ਬਣਾਉਣ ਅਤੇ ਵੀਡੀਓਗ੍ਰਾਫੀ ਕਰਨ ਦੇ ਹੁਕਮ ਵੀ ਜਾਰੀ ਹੋ ਚੁੱਕੇ ਹਨ। ਪਰਿਵਾਰ ਵੱਲੋਂ ਪੀਜੀਆਈ ਜਾਂ ਏਮਜ਼ ਤੋਂ ਪੋਸਟਮਾਰਟਮ ਦੀ ਮੰਗ ਠੁਕਰਾ ਦਿੱਤੀ ਗਈ ਹੈ। ਇਹ ਮਾਮਲਾ ਹੁਣ ਹਾਈਕੋਰਟ ਵੱਲ ਵਧ ਰਿਹਾ ਹੈ। ਰਣਜੀਤ ਸਿੰਘ ਦੇ ਐਨਕਾਊਂਟਰ ਮਾਮਲੇ ਨੂੰ ਹਾਈਕੋਰਟ ਵਿੱਚ ਲਿਜਾਣ ਅਤੇ ਉੱਥੇ ਕੇਸ ਲੜਨ ਦਾ ਐਲਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਇਮਾਨ ਸਿੰਘ ਮਾਨ ਵੱਲੋਂ ਕੀਤਾ ਗਿਆ ਸੀ। ਇਸ ਮਾਮਲੇ ਦੀ ਪੈਰਵੀ ਲਈ ਇੱਕ ਮਜ਼ਬੂਤ ਕਾਨੂੰਨੀ ਟੀਮ ਗਠਿਤ ਕੀਤੀ ਗਈ ਹੈ, ਜਿਸ ਵਿੱਚ ਸ਼ਾਮਲ ਹਨ:

ਐਡਵੋਕੇਟ ਅਜੈ ਮਰਵਾਹਾ (ਸੁਪਰੀਮ ਕੋਰਟ)

ਐਡਵੋਕੇਟ ਰਵੀ ਦੀਪ ਬਡਿਆਲ (ਸੁਪਰੀਮ ਕੋਰਟ)

ਐਡਵੋਕੇਟ ਭਜਨਪ੍ਰੀਤ ਸਿੰਘ (ਗੁਰਦਾਸਪੁਰ)

### ਸਿਆਸੀ ਆਗੂ ਤੇ ਪੰਥਕ ਜਥੇਬੰਦੀਆਂ ਮਨੁੱਖੀ ਅਧਿਕਾਰਾਂ ਲਈ ਸਰਗਰਮ

ਸ਼੍ਰੋਮਣੀ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਐਡਹਾਕ ਡੀਜੀਪੀ ਗੌਰਵ ਯਾਦਵ ਦੇ ਅਸਤੀਫਿਆਂ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ, ਅਦਾਲਤ ਵੱਲੋਂ ਉਠਾਏ ਗਏ ਸਵਾਲਾਂ ਤੋਂ ਭਗਵੰਤ ਮਾਨ ਅਤੇ ਡੀਜੀਪੀ ਬੇਨਕਾਬ ਹੋ ਚੁੱਕੇ ਹਨ। ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ, ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ ਆਦਿ ਪਰਿਵਾਰ ਨਾਲ ਮਿਲੇ ਅਤੇ ਸੀਬੀਆਈ ਜਾਂਚ ਦੀ ਮੰਗ ਕੀਤੀ। ਖਹਿਰਾ ਨੇ ਐੱਸ.ਐੱਸ.ਪੀ. ਗੌਰਵ ਤੂੜਾ ਉੱਤੇ ਵੀ ਤਿੱਖਾ ਹਮਲਾ ਬੋਲਿਆ ਅਤੇ ਮਾਨਸਾ ਵਿੱਚ ਸਿੱਧੂ ਮੂਸੇਵਾਲਾ ਕਤਲ ਦੌਰਾਨ ਉਸ ਦੀ ਭੂਮਿਕਾ ਉੱਤੇ ਸਵਾਲ ਉਠਾਏ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ, ਕਾਨੂੰਨ ਦਾ ਰਾਜ ਹੋਣਾ ਚਾਹੀਦਾ ਹੈ, ਨਾ ਕਿ ਪੁਲਿਸ ਦਾ।

ਵਾਰਿਸ ਪੰਜਾਬ ਜਥੇਬੰਦੀ ਦੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਸ ਨੂੰ ਆਪ ਸਰਕਾਰ ਦਾ 'ਐਂਟੀ-ਸਿੱਖ ਚਿਹਰਾ' ਦੱਸਿਆ।

ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਅਤੇ ਪੀਐੱਚਆਰਓ ਨੇ ਹਾਈਕੋਰਟ ਵਿੱਚ ਸੁਓ ਮੋਟੋ ਨੋਟਿਸ ਲੈਣ ਦੀ ਅਪੀਲ ਕੀਤੀ ਹੈ।

ਬੁੜੈਲ ਜੇਲ੍ਹ ਵਿੱਚ ਬੰਦ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਨਾਲ ਜੁੜੇ ਭਾਈ ਜਗਤਾਰ ਸਿੰਘ ਤਾਰਾ ਨੇ ਵਕੀਲ ਇਮਾਨ ਸਿੰਘ ਖਾਰਾ ਰਾਹੀਂ ਸੁਨੇਹਾ ਭੇਜਿਆ ਹੈ ਕਿ ਪੰਜਾਬ ਨੂੰ ਮੁੜ ਪੁਲਿਸ ਰਾਜ ਬਣਨ ਤੋਂ ਰੋਕਣ ਲਈ ਸਿੱਖ ਕੌਮ ਇੱਕਜੁੱਟ ਹੋਵੇ। ਉਨ੍ਹਾਂ ਕਿਹਾ, '1980-90 ਵਾਂਗ ਝੂਠੇ ਮੁਕਾਬਲੇ ਹੋ ਰਹੇ ਹਨ।'

### ਧਰਨਾ ਅਤੇ ਰੋਸ

ਪਰਿਵਾਰ ਅਤੇ ਹਮਖਿਆਲੀ ਜਥੇਬੰਦੀਆਂ ਨੇ ਬਟਾਲਾ ਜੀਟੀ ਰੋਡ ਉੱਤੇ ਅਣਮਿਥੇ ਸਮੇਂ ਲਈ ਧਰਨਾ ਲਗਾਇਆ ਸੀ। ਸੁਖਪਾਲ ਖਹਿਰਾ, ਲੱਖਾ ਸਿਧਾਣਾ, ਸਤਬੀਰ ਸੁਲਤਾਨੀ, ਗੁਰਮੀਤ ਸਿੰਘ ਬਖਤਪੁਰ ਆਦਿ ਨੇ ਸੰਬੋਧਨ ਕੀਤਾ ਸੀ। ਇੰਦਰਜੀਤ ਸਿੰਘ ਦੀਆਂ ਦੋ ਭੈਣਾਂ ਅਤੇ ਭਾਬੀ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦਾ ਵੀ ਵਿਰੋਧ ਕੀਤਾ ਗਿਆ ਸੀ। ਭਾਰੀ ਰੋਸ ਤੋਂ ਬਾਅਦ ਸਿੱਖ ਇਸਤਰੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਪੰਥਕ ਜਥੇਬੰਦੀਆਂ ਨੇ ਰਿਹਾਈ ਤੱਕ ਮੋਰਚਾ ਚਲਾਉਣ ਦਾ ਐਲਾਨ ਕੀਤਾ।

### ਇਤਿਹਾਸ ਤੋਂ ਕੀ ਸਿੱਖਿਆ?

ਪੰਜਾਬ ਵਿੱਚ ਪਿਛਲੇ ਤਿੰਨ ਮਹੀਨਿਆਂ ਵਿੱਚ ਹਰ ਤਿੰਨ ਦਿਨ ਵਿੱਚ ਇੱਕ ਐਨਕਾਊਂਟਰ ਹੋ ਰਿਹਾ ਹੈ। ਇੱਕ ਤਿਹਾਈ ਤੋਂ ਵੱਧ ਮੁਲਜ਼ਮ ਹਿਰਾਸਤ ਵਿੱਚ ਹੋਣ ਦੇ ਬਾਵਜੂਦ 'ਹਥਿਆਰ ਬਰਾਮਦਗੀ' ਲਈ ਲਿਜਾਏ ਗਏ ਅਤੇ ਮਾਰੇ ਗਏ। ਸੇਵਾਮੁਕਤ ਆਈਪੀਐੱਸ ਗੁਰਿੰਦਰ ਸਿੰਘ ਢਿੱਲੋਂ ਅਤੇ ਵਕੀਲ ਸਰਬਜੀਤ ਸਿੰਘ ਵੇਰਕਾ ਕਹਿੰਦੇ ਹਨ ਕਿ ਪੁਲਿਸ ਅਜੇ ਵੀ ਪੁਰਾਣੀਆਂ ਤਕਨੀਕਾਂ ਉੱਤੇ ਨਿਰਭਰ ਹੈ। ਸੁਪਰੀਮ ਕੋਰਟ ਦੇ 2014 ਦੇ ਆਦੇਸ਼ਾਂ (ਪੀਯੂਸੀਐੱਲ ਬਨਾਮ ਮਹਾਰਾਸ਼ਟਰ) ਅਨੁਸਾਰ ਹਰ ਐਨਕਾਊਂਟਰ ਵਿੱਚ ਤੁਰੰਤ ਐੱਫਆਈਆਰ, ਨਿਆਂਇਕ ਮੈਜਿਸਟ੍ਰੇਟ ਪੜਤਾਲ ਅਤੇ ਐੱਨਐੱਚਆਰਸੀ ਨੂੰ 48 ਘੰਟਿਆਂ ਵਿੱਚ ਸੂਚਨਾ ਲਾਜ਼ਮੀ ਹੈ, ਪਰ ਇਸ ਦੀ ਪਾਲਣਾ ਨਹੀਂ ਹੋ ਰਹੀ।

(ਬਾਕੀ ਸਫ਼ਾ 26 'ਤੇ)

# ਪੰਜਾਬ ਸਿਰ ਕਰਜ਼ੇ ਦੀ ਪੰਡ ਚਾਰ ਲੱਖ ਕਰੋੜ ਤੋਂ ਪਾਰ

## ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਕਰਜ਼ਾ ਵਧ ਕੇ 4.17 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ

ਚੰਡੀਗੜ੍ਹ: ਪੰਜਾਬ ਸਰਕਾਰ ਸਿਰ ਹੁਣ ਕਰਜ਼ੇ ਦਾ ਬੋਝ 4 ਲੱਖ ਕਰੋੜ ਨੂੰ ਛੂਹ ਗਿਆ ਹੈ। ਅਪਰੈਲ 2025 ਤੋਂ ਜਨਵਰੀ 2026 ਦਰਮਿਆਨ ਸੂਬਾ ਸਰਕਾਰ ਨੇ 20769.63 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਹੈ ਜਿਸ ਮਗਰੋਂ ਪੰਜਾਬ ਸਿਰ ਕਰਜ਼ਾ ਵੱਧ ਕੇ 4.03 ਲੱਖ ਕਰੋੜ ਹੋ ਗਿਆ ਹੈ; ਹਾਲਾਂਕਿ ਜ਼ਿਆਦਾਤਰ ਕਰਜ਼ਿਆਂ ਦਾ ਸਬੰਧ ਵਿਰਾਸਤੀ ਕਰਜ਼ੇ ਦੀ ਅਦਾਇਗੀ ਜਾਂ ਦਹਾਕਿਆਂ ਤੋਂ ਇਕੱਠੇ ਹੋਏ ਕਰਜ਼ਿਆਂ ਦੀ ਅਦਾਇਗੀ ਨਾਲ ਰਿਹਾ ਹੈ। ਚਾਲੂ ਵਿੱਤੀ ਵਰ੍ਹੇ ਦੇ ਅੰਤ ਤੱਕ ਇਹ ਕਰਜ਼ਾ ਵਧ ਕੇ 4.17 ਲੱਖ ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ।

31 ਮਾਰਚ, 2025 ਤੱਕ ਪੰਜਾਬ 'ਤੇ 3.83 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ ਜੋ ਕੁੱਲ ਘਰੇਲੂ ਉਤਪਾਦ ਦਾ 44 ਫ਼ੀਸਦੀ ਤੋਂ ਵੱਧ ਬਣਦਾ ਹੈ। ਜਦੋਂ 'ਆਪ' ਸਰਕਾਰ ਨੇ ਹਕੂਮਤ ਸੰਭਾਲੀ ਸੀ ਤਾਂ ਉਸ ਸਮੇਂ ਸੂਬੇ 'ਤੇ 2.82 ਕਰੋੜ ਰੁਪਏ ਦਾ ਕਰਜ਼ਾ ਸੀ। ਉਸ ਤੋਂ ਪਹਿਲਾਂ ਜਦੋਂ ਕਾਂਗਰਸ ਨੇ ਸੱਤਾ ਸੰਭਾਲੀ ਸੀ ਤਾਂ 2017-18 'ਚ ਪੰਜਾਬ 'ਤੇ ਕਰਜ਼ਾ 1.82 ਲੱਖ ਕਰੋੜ ਰੁਪਏ ਸੀ। 2007-08 'ਚ ਪੰਜਾਬ 'ਤੇ 55,982 ਕਰੋੜ ਦਾ ਕਰਜ਼ਾ ਸੀ। 1952 'ਚ ਸਾਂਝੇ ਪੰਜਾਬ 'ਤੇ 78.31 ਕਰੋੜ ਰੁਪਏ ਦਾ ਕਰਜ਼ਾ ਸੀ ਜੋ 1964 'ਚ ਵਧ ਕੇ 300 ਕਰੋੜ ਰੁਪਏ ਹੋ ਗਿਆ। ਪੰਜਾਬ 'ਚ ਕਾਲੇ ਦੌਰ ਦੌਰਾਨ ਕਰਜ਼ੇ ਦਾ ਜਾਲ ਵਧਿਆ। ਕੇਂਦਰ ਸਰਕਾਰ ਨੇ ਬੇਸ਼ੱਕ ਕੁਝ ਕਰਜ਼ਾ ਮੁਆਫ਼ ਵੀ ਕਰ ਦਿੱਤਾ ਸੀ ਪਰ ਉਹ ਕਾਫ਼ੀ ਨਹੀਂ ਸੀ।

ਵਿੱਤ ਮੰਤਰੀ ਹਰਪਾਲ ਚੀਮਾ ਨੇ ਦੱਸਿਆ ਕਿ ਭਾਵੇਂ ਸੂਬੇ ਦਾ ਕਰਜ਼ਾ ਹੁਣ 4 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਿਆ ਹੈ ਪਰ ਸਰਕਾਰ ਹੁਣ ਜ਼ਿਆਦਾਤਰ ਕਰਜ਼ਾ ਪਿਛਲੇ ਸਮਿਆਂ 'ਚ ਲਏ




ਕਰਜ਼ੇ ਦੀ ਅਦਾਇਗੀ ਲਈ ਚੁੱਕਣ ਵਾਸਤੇ ਮਜਬੂਰ ਹੈ। ਉਨ੍ਹਾਂ ਵੱਲੋਂ ਜੋ ਕਰਜ਼ਾ ਲਿਆ ਗਿਆ ਹੈ, ਉਸ 'ਚੋਂ ਕਰੀਬ 85 ਫ਼ੀਸਦੀ ਤਾਂ ਵਿਰਾਸਤੀ ਕਰਜ਼ੇ ਦੀ ਅਦਾਇਗੀ ਲਈ ਵਰਤਿਆ ਗਿਆ ਹੈ। ਕਰਜ਼ਿਆਂ ਦੀ ਮੂਲ ਕਰਮ ਦਾ 35 ਫ਼ੀਸਦੀ ਭੁਗਤਾਨ ਕਰ ਦਿੱਤਾ ਹੈ।

ਚਾਲੂ ਵਿੱਤੀ ਸਾਲ (ਅਪਰੈਲ-ਜਨਵਰੀ) ਦੇ ਪਹਿਲੇ 10 ਮਹੀਨਿਆਂ ਦੇ ਵਿੱਤੀ ਸੰਕੇਤਾਂ ਅਨੁਸਾਰ ਇਸ ਸਾਲ ਕੇਂਦਰ ਤੋਂ ਗ੍ਰਾਂਟ ਵੀ ਘੱਟ ਗਈ ਹੈ। ਸ੍ਰੀ ਚੀਮਾ ਨੇ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਦੌਰਾਨ 72,340 ਕਰੋੜ ਰੁਪਏ ਜੀ ਐੱਸ ਟੀ ਮੁਆਵਜ਼ਾ ਸੈੱਸ ਪ੍ਰਾਪਤ ਹੋਇਆ ਸੀ ਜਦੋਂ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਸਿਰਫ਼ 27,832 ਕਰੋੜ ਰੁਪਏ ਇਹ ਮੁਆਵਜ਼ਾ ਪ੍ਰਾਪਤ ਹੋਇਆ ਹੈ। ਸਰਕਾਰ ਨੇ ਕਰਮਚਾਰੀਆਂ ਦੇ ਤਨਖ਼ਾਹ ਕਮਿਸ਼ਨ ਦੇ ਬਕਾਏ 8000 ਕਰੋੜ ਰੁਪਏ ਵੀ ਕਲੀਅਰ ਕੀਤੇ ਹਨ।



# ਪ੍ਰਵਾਸ ਜਿਨ੍ਹਾਂ ਦੇ ਲੇਖੀਂ ਲਿਖਿਆ...

## ਮਨੁੱਖ ਵਾਂਗ ਪੰਛੀ, ਜਾਨਵਰ ਅਤੇ ਜਲ ਜੀਵ ਵੀ ਕਰਦੇ ਹਨ ਪ੍ਰਵਾਸ

**ਜਗਮੋਹਨ ਸਿੰਘ 'ਲੱਕੀ'**

**ਕਾਦਰ ਵੱਲੋਂ ਸਾਜੀ ਇਸ ਕੁਦਰਤ ਵਿੱਚ ਜੇ ਮਨੁੱਖ, ਪੰਛੀਆਂ, ਜਲ ਜੀਵਾਂ ਅਤੇ ਜਾਨਵਰਾਂ ਵਿਚਾਲੇ ਕੁਦਰਤੀ ਸਾਂਝ ਹੈ ਤਾਂ ਹੁਣ ਇਨ੍ਹਾਂ ਸਾਰਿਆਂ ਦੀ 'ਹੋਣੀ' ਵੀ ਇਕੋ ਜਿਹੀ ਹੈ। ਮਨੁੱਖ ਸਮੇਤ ਇਹ ਸਾਰੇ ਜੀਵ ਜੰਤੂ ਹੀ ਪ੍ਰਵਾਸ ਦਾ ਦਰਦ ਹੰਢਾ ਰਹੇ ਹਨ। ਚੋਗ ਚੁਗਣ ਲਈ ਇਹ ਸਾਰੇ ਲੰਬੀਆਂ ਉਡਾਰੀਆਂ ਮਾਰ ਰਹੇ ਹਨ। ਇਹ ਸਿਲਸਿਲਾ ਅੱਜ-ਕੱਲ੍ਹ ਸ਼ੁਰੂ ਨਹੀਂ ਹੋਇਆ ਸਗੋਂ ਮਨੁੱਖ ਦੇ ਪ੍ਰਵਾਸ ਕਰਨ ਤੋਂ ਕਈ ਯੁੱਗ ਪਹਿਲਾਂ ਤੋਂ ਸ਼ੁਰੂ ਹੋ ਚੁੱਕਿਆ ਹੈ। 'ਸੁੱਤੀਆਂ ਸਦੀਆਂ' ਦੇ ਇਤਿਹਾਸ ਨੂੰ ਧਿਆਨ ਨਾਲ ਪੜ੍ਹਨ ਤੋਂ ਬਾਅਦ ਪਤਾ ਚੱਲਦਾ ਹੈ ਕਿ ਸਦੀਆਂ ਪਹਿਲਾਂ ਇਸ ਧਰਤੀ 'ਤੇ 'ਜੀਵਨ' ਦੀ ਹੋਂਦ ਦੇ ਨਾਲ ਹੀ ਜੀਵ ਜੰਤੂਆਂ ਅਤੇ ਪੰਛੀਆਂ ਦਾ ਪ੍ਰਵਾਸ ਸ਼ੁਰੂ ਹੋ ਗਿਆ ਸੀ ਜਦੋਂ ਕਿ ਮਨੁੱਖ ਨੇ ਤਾਂ ਬਹੁਤ ਬਾਅਦ ਵਿੱਚ ਜਾ ਕੇ ਪ੍ਰਵਾਸ ਕਰਨਾ ਸ਼ੁਰੂ ਕੀਤਾ।**

ਮਨੁੱਖ ਦੇ ਪ੍ਰਵਾਸ ਅਤੇ ਗ਼ੈਰ ਕਾਨੂੰਨੀ ਪ੍ਰਵਾਸ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ ਪਰ ਪੰਛੀਆਂ, ਜਾਨਵਰਾਂ ਅਤੇ ਜਲ ਜੀਵਾਂ ਦੇ ਪ੍ਰਵਾਸ ਬਾਰੇ 'ਸਾਹਿਤ ਸਿਰਜਣਾ' ਘੱਟ ਹੋਈ ਹੈ। ਜਿਸ ਕਾਰਨ ਆਮ ਲੋਕਾਂ ਨੂੰ ਜੀਵ ਜੰਤੂਆਂ ਦੇ ਪ੍ਰਵਾਸ ਬਾਰੇ ਜਾਣਕਾਰੀ ਘੱਟ ਹੁੰਦੀ ਹੈ। ਹਾਂ! ਹਰ ਸਾਲ ਸਿਆਲ ਰੁੱਤ ਸ਼ੁਰੂ ਹੁੰਦੇ ਹੀ ਦੂਰ- ਦੁਰੇਡੇ ਦੇ ਦੇਸ਼ਾਂ- ਦੇਸਾਂਤਰਾਂ ਤੋਂ ਪੰਜਾਬ ਆਉਂਦੇ ਹਜ਼ਾਰਾਂ ਪ੍ਰਵਾਸੀ ਪੰਛੀਆਂ ਬਾਰੇ ਆਮ ਲੋਕਾਂ ਨੂੰ ਜ਼ਰੂਰ ਕੁਝ ਜਾਣਕਾਰੀ ਹੁੰਦੀ ਹੈ। ਵੱਡੀ ਗਿਣਤੀ ਮਨੁੱਖਾਂ ਵਾਂਗ ਪ੍ਰਵਾਸੀ ਪੰਛੀਆਂ, ਜਲ ਜੀਵਾਂ ਅਤੇ ਜਾਨਵਰਾਂ ਦੇ 'ਲੇਖਾਂ' ਵਿੱਚ ਵੀ ਪ੍ਰਵਾਸ ਲਿਖਿਆ ਹੋਇਆ ਹੈ, ਜਿਸ ਨੂੰ ਕੋਈ ਮਨੁੱਖੀ ਸ਼ਕਤੀ ਮੇਟ ਨਹੀਂ ਸਕਦੀ। ਇਹ ਪ੍ਰਵਾਸ ਇਹਨਾਂ ਪੰਛੀਆਂ, ਜਲ ਜੀਵਾਂ ਅਤੇ ਜਾਨਵਰਾਂ ਨੂੰ ਹੰਢਾਉਣਾ ਹੀ ਪੈਂਦਾ ਹੈ। ਕੀ ਤੁਸੀਂ ਕਦੇ ਸੋਚਿਆ ਹੈ ਕਿ ਆਪਣੀ 'ਕਛੂਆ ਚਾਲ' ਲਈ ਵਿਸ਼ਵ ਪ੍ਰਸਿੱਧ 'ਕੱਛੂ' ਵੀ ਪ੍ਰਵਾਸ ਕਰਦੇ ਹਨ। ਜੀ ਹਾਂ! ਇਹ ਬਿਲਕੁਲ ਸੱਚ ਹੈ ਕਿ ਵੱਖ- ਵੱਖ ਕਿਸਮ ਦੀਆਂ ਮੱਛੀਆਂ ਅਤੇ ਹੋਰ ਜਲ ਜੀਵਾਂ ਵਾਂਗ 'ਕੱਛੂ' ਵੀ ਸਮੁੰਦਰ ਵਿੱਚ ਕਿਨਾਰਿਆਂ ਤੋਂ ਦੂਰ ਪ੍ਰਵਾਸ ਕਰਦੇ ਹਨ।



ਮਨੁੱਖ ਬਾਰੇ ਤਾਂ ਕਿਹਾ ਜਾਂਦਾ ਹੈ ਕਿ ਉਹ ਉਚੇਰੀ ਪੜ੍ਹਾਈ, ਰੁਜ਼ਗਾਰ, ਚੰਗੇਰੇ ਭਵਿੱਖ ਅਤੇ ਜ਼ਿੰਦਗੀ ਦੀਆਂ ਉੱਚ ਪੱਧਰ ਦੀਆਂ ਬੁਨਿਆਦੀ ਸਹੂਲਤਾਂ ਦਾ ਸੁੱਖ ਮਾਨਣ ਲਈ ਇੱਕ ਦੇਸ਼ ਤੋਂ ਦੂਜੇ ਦੇਸ਼ਾਂ ਵੱਲ ਖਾਸ ਕਰਕੇ ਵਿਕਸਤ ਦੇਸ਼ਾਂ ਵੱਲ ਪ੍ਰਵਾਸ ਕਰਦੇ ਹਨ। ਇਸ ਪ੍ਰਵਾਸ ਵਿੱਚ ਮਨੁੱਖ ਦਾ 'ਲਾਲਚ' ਵੀ ਵੱਡਾ ਰੋਲ ਨਿਭਾਉਂਦਾ ਹੈ ਪਰ ਪੰਛੀਆਂ, ਜਲ ਜੀਵਾਂ ਅਤੇ ਜਾਨਵਰਾਂ ਨੂੰ ਤਾਂ ਕੋਈ 'ਲਾਲਚ' ਵੀ ਨਹੀਂ ਹੁੰਦਾ ਤਾਂ ਫੇਰ ਵੀ ਉਹ ਪ੍ਰਵਾਸ ਦਾ ਦਰਦ ਆਪਣੇ ਪਿੰਡੇ 'ਤੇ ਹੰਢਾਉਣ ਲਈ ਕਿਉਂ ਮਜਬੂਰ ਹੁੰਦੇ ਹਨ? ਇਹ ਕੁਝ ਅਣਸੁਲਝੇ ਸਵਾਲ ਹਨ, ਜਿਨ੍ਹਾਂ ਦਾ 'ਰਹੱਸ' ਕੁਦਰਤ ਦੇ 'ਗੁੱਝੇ ਭੇਦਾਂ' ਅੰਦਰ ਛੁਪਿਆ ਹੋਇਆ ਹੈ। ਮਨੁੱਖ ਨੇ ਭਾਵੇਂ ਹਰ ਖੇਤਰ ਵਿੱਚ ਬਹੁਤ ਤਰੱਕੀ ਕਰ ਲਈ ਹੈ ਪਰ ਅਜੇ ਵੀ ਕੁਦਰਤ ਦੇ ਬਹੁਤ ਸਾਰੇ ਗੁੱਝੇ ਭੇਦ ਅਜਿਹੇ ਹਨ, ਜਿਨ੍ਹਾਂ ਬਾਰੇ ਮਨੁੱਖ ਕੁਝ ਵੀ ਪਤਾ ਨਹੀਂ ਕਰ ਸਕਿਆ।

ਪੰਛੀਆਂ, ਜਾਨਵਰਾਂ ਅਤੇ ਜਲ ਜੀਵਾਂ ਦਾ ਪ੍ਰਵਾਸ ਚੰਗੇ ਭੋਜਨ ਦੀ ਤਲਾਸ਼, ਸ਼ੁੱਧ ਪਾਣੀ ਦੇ ਸਰੋਤ ਲੱਭਣ ਅਤੇ ਬੱਚੇ ਪੈਦਾ ਕਰਨ ਲਈ ਢੁਕਵੀਂ ਅਤੇ ਸੁਰੱਖਿਅਤ ਥਾਂ ਦੀ ਭਾਲ ਕਾਰਨ ਹੁੰਦਾ ਹੈ। ਮਨੁੱਖ ਵਾਂਗ ਪੰਛੀਆਂ, ਜਾਨਵਰਾਂ ਅਤੇ ਜਲ ਜੀਵਾਂ ਦਾ ਪ੍ਰਵਾਸ ਵੀ ਸ਼ੌਕ ਨਹੀਂ ਸਗੋਂ ਮਜਬੂਰੀ ਹੈ। ਇਸ ਤੋਂ ਇਲਾਵਾ ਜਲਵਾਯੂ ਤਬਦੀਲੀ, ਮੌਸਮ ਵਿੱਚ ਤਬਦੀਲੀ, ਜੰਗਲਾਂ ਦੀ ਅੱਗ, ਮਨੁੱਖ ਵੱਲੋਂ ਆਪੇ ਸਹੇੜੀਆਂ ਜੰਗਾਂ ਕਾਰਨ ਵੀ ਪੰਛੀ, ਜਾਨਵਰ ਅਤੇ ਜਲ ਜੀਵ ਇੱਕ ਥਾਂ ਤੋਂ ਦੂਜੀ ਥਾਂ ਵੱਲ ਪ੍ਰਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਮਨੁੱਖ ਵਾਂਗ ਇਹਨਾਂ ਜੀਵਾਂ ਨੂੰ ਵੀ ਆਪਣੀ 'ਜੰਮਣ ਭੋਇ' ਨੂੰ ਛੱਡਣਾ ਸੌਖਾਲਾ ਨਹੀਂ ਹੁੰਦਾ ਪਰ ਆਪਣੇ ਮਨ ਦੀਆਂ ਭਾਵਨਾਵਾਂ ਨੂੰ



ਕੰਟਰੋਲ ਵਿੱਚ ਰੱਖਦਿਆਂ ਇਹ ਜੀਵ ਜੰਤੂ ਆਪਣੀ ਜਨਮ ਭੂਮੀ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਦਿੰਦੇ ਹਨ, ਜਦੋਂ ਕਿ ਵੱਡੀ ਗਿਣਤੀ ਪ੍ਰਵਾਸੀ ਪੰਛੀ ਅਤੇ ਹੋਰ ਜੀਵ ਜੰਤੂ ਉਹਨਾਂ ਇਲਾਕਿਆਂ ਵਿੱਚ ਪ੍ਰਵਾਸ ਕਰਨ ਤੋਂ ਬਾਅਦ ਵਾਪਸ ਵੀ ਆ ਜਾਂਦੇ ਹਨ, ਜਿਥੇ ਕਿ ਉਹ ਜੰਮੇ ਪਲੇ ਹੁੰਦੇ ਹਨ।

ਜਦੋਂ ਕਿਸੇ ਥਾਂ ਸੋਕਾ ਪੈ ਜਾਂਦਾ ਹੈ, ਜਾਂ ਪਾਣੀ ਦੇ ਸਰੋਤ ਸੁੱਕ ਜਾਂਦੇ ਹਨ ਅਤੇ ਭੋਜਨ ਦੀ ਘਾਟ ਆ ਜਾਂਦੀ ਹੈ। ਇਸ ਤੋਂ ਇਲਾਵਾ ਮੌਸਮ ਵੀ 'ਬੇਈਮਾਨ' ਹੋ ਜਾਂਦਾ ਹੈ ਤਾਂ ਇਹਨਾਂ ਜੀਵ- ਜੰਤੂਆਂ ਲਈ ਕਿਸੇ ਹੋਰ ਸੁਰੱਖਿਅਤ ਸਥਾਨ ਵੱਲ ਪ੍ਰਵਾਸ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿੰਦਾ। ਇਸ ਵਿਸ਼ਵ ਵਿੱਚ ਕਈ ਇਲਾਕੇ ਅਜਿਹੇ ਹਨ, ਜਿਥੇ ਸਿਆਲ ਰੁੱਤ ਦੌਰਾਨ ਹਰ ਪਾਸੇ ਬਹੁਤ ਬਰਫ਼ ਡਿੱਗਦੀ ਹੈ, ਜਿਸ ਕਾਰਨ ਉਥੇ ਪੰਛੀਆਂ ਅਤੇ ਹੋਰ ਜੀਵਾਂ ਨੂੰ ਖਾਣ ਪੀਣ ਲਈ ਕੁਝ ਨਹੀਂ ਮਿਲਦਾ, ਹਰ ਪਾਸੇ ਬਰਫ਼ ਦੀ ਚਿੱਟੀ ਚਾਦਰ ਨਜ਼ਰ ਆਉਂਦੀ ਹੈ ਤਾਂ ਇਹ ਪੰਛੀ ਅਤੇ ਜੀਵ ਜੰਤੂ ਘੱਟ ਠੰਡੇ ਇਲਾਕਿਆਂ ਵੱਲ ਪਰਵਾਸ ਕਰਦੇ ਹਨ ਅਤੇ ਬਸੰਤ ਰੁੱਤ ਸ਼ੁਰੂ ਹੁੰਦੇ ਹੀ ਮੁੜ ਆਪਣੇ ਠੰਡੇ ਇਲਾਕਿਆਂ ਵੱਲ ਮੁਹਾਰਾਂ ਮੋੜ ਦਿੰਦੇ ਹਨ।

ਕਾਲੇ ਸਾਗਰ (ਬਲੈਕ ਸੀ) ਤੋਂ ਮੰਗੋਲੀਆ ਅਤੇ ਉੱਤਰ-ਪੂਰਬੀ ਚੀਨ ਤੱਕ ਕੇਂਦਰੀ ਯੂਰੇਸ਼ੀਆ, ਤੁਰਕੀ, ਰੂਸ, ਸਾਈਬੇਰੀਆ, ਕਜ਼ਾਕਿਸਤਾਨ, ਯੂਰੋਪ ਅਤੇ ਹੋਰ ਠੰਡੇ ਮੁਲਕਾਂ ਤੋਂ ਕਰੀਬ 350 ਕਿਸਮਾਂ/ਨਸਲਾਂ ਦੇ ਪ੍ਰਵਾਸੀ ਪੰਛੀ ਹਰ ਸਾਲ ਸਿਆਲ ਦੀ ਰੁੱਤ ਸ਼ੁਰੂ ਹੁੰਦੇ ਹੀ ਭਾਰਤ ਦੇ ਵੱਖ- ਵੱਖ ਸੂਬਿਆਂ ਸਮੇਤ ਪੰਜਾਬ ਵਿੱਚ ਵੱਡੀਆਂ ਕੌਮੀ ਜਲਗਾਹਾਂ ਹਰੀਕੇ ਪੱਤਣ ਝੀਲ, ਰੋਪੜ ਜਲਗਾਹ ਅਤੇ ਕਾਂਜਲੀ ਝੀਲ ਸਮੇਤ ਹੁਸੈਨੀਵਾਲ ਝੀਲ, ਮੰਡ ਭਰਥਲਾ, ਨੰਗਲ ਝੀਲ, ਸੁਖਨਾ ਝੀਲ ਚੰਡੀਗੜ੍ਹ, ਕੇਸ਼ੋਪੁਰ ਛੰਭ ਗੁਰਦਾਸਪੁਰ ਸਮੇਤ ਹੋਰਨਾਂ ਜਲਗਾਹਾਂ ਅਤੇ ਜਲਥਾਵਾਂ ਉੱਪਰ ਆ ਕੇ ਆਪਣਾ ਡੇਰਾ ਲਗਾ ਲੈਂਦੇ ਹਨ। ਇਹਨਾਂ ਪ੍ਰਵਾਸੀ ਪੰਛੀਆਂ ਵਿੱਚ ਸਾਈਬੇਰੀਆ ਦੀਆਂ ਕੂੰਜਾਂ, ਜਲਕਾਓ, ਬਗਲੇ, ਲਮਢੀਂਗ, ਲੈਗੇ, ਗੀਜ਼, ਕੋਮਨ ਰੂਟ, ਪਿਰਟੇਲ, ਸੀਲ.ਗਜ਼, ਗ੍ਰੇਲਲੈਂਗ ਰੂਟ, ਬਲੈਕ ਕੂਟ, ਇਲਾ ਬਾਰਹੈਡਿਡ, ਸਪੁਨ, ਬਿੱਲਜ਼, ਸਾਇਬੇਰੀਅਨ ਗਲਜ਼, ਮਲਾਰਡ, ਵਿਜ਼ਨ, ਰੈਡਕ੍ਰੇਸੀਟਿਡ, ਪੋਚਿਡ, ਗੱਡਵਾਲ, ਸਨੈਕ ਬਰਡ, ਪੈਨਲੇਟ, ਸਾਵਲਰ, ਲਾਰਜ ਕਾਰਮੋਰੇਂਟ, ਗ੍ਰੇਟਈ, ਫਲੈਮਿੰਗੋ, ਰੂਡੀਸ਼ੈੱਲ ਡੱਕ, ਸਪੋਨ ਬਿੱਲਜ਼ , ਨਿਊ ਬਰਡ, ਸਟਰੋਕ, ਰੈੱਡ ਕਰੱਸਡ ਪੋਚਡ, ਗੀਜ਼, ਇਲਾ ਬਾਰਹੈਡਿਡ, ਸਪੁਨ, ਬਿੱਲਜ਼, ਗੱਡਵਾਲ, ਸਨੈਕ ਬਰਡ, ਪੈਨਲੇਟ, ਸਾਵਲਰ, ਲਾਰਜ ਕਾਰਮੋਰੇਂਟ, ਗ੍ਰੇਟਈ, ਫਲੈਮਿੰਗੋ, ਰੂਡੀਸ਼ੈੱਲ ਡੱਕ, ਸਪੋਨ ਬਿੱਲਜ਼ , ਕਾਲੀਆਂ ਮੁਰਗਾਬੀਆਂ (ਕੂਟ) , ਸੀਂਖੁਪਰ (ਪਿਨਟੇਲ), ਟੀਲ, ਬਿੰਦੀ ਚੁੰਝਾ (ਸਪਾਟ ਬਿੱਲ), ਨੀਲਸਰ (ਮੱਲਾਰਡ), ਗੈਡਵਾਲਵਿਜਨ, ਨੀਲੀ ਟੀਲ (ਗਾਰਗਨੀ), ਬੇਲਚੀ (ਸਾਵਲਰ ਪੋਚਡ), ਲਾਲ ਸਿਰੀ ਪੋਚਡ, ਸਕਾਪ ਮੁਰਗਾਬੀ, ਮੱਘ, ਕਈ ਕਿਸਮਾਂ ਦੀਆਂ ਬੱਤਖ਼ਾਂ, ਸੁਰਖਾਬ, ਜਲ ਸਿੰਘੀ ਅਤੇ ਹੋਰ ਸੈਂਕੜੇ ਕਿਸਮਾਂ ਦੇ ਪੰਛੀ ਸਿਆਲ ਰੁੱਤੇ ਪੰਜਾਬ ਦੇ ਉੱਡਣੇ ਮਹਿਮਾਨ ਬਣ ਕੇ ਆਉਂਦੇ ਹਨ ਅਤੇ ਸਿਆਲਾਂ ਦੇ ਚਾਰ ਮਹੀਨੇ ਪੰਜਾਬੀਆਂ ਦੀ ਪ੍ਰਾਹੁਣਾਚਾਰੀ ਦਾ ਆਨੰਦ ਮਾਣ ਕੇ ਮੌਸਮ ਵਿੱਚ ਤਬਦੀਲੀਆਂ ਹੁੰਦਿਆਂ ਹੀ ਮੁੜ ਆਪਣੇ ਵਤਨਾਂ ਨੂੰ ਲੰਮੀ ਉਡਾਰੀ ਮਾਰ ਜਾਂਦੇ ਹਨ। ਯੁੱਗਾਂ-ਯੁੱਗਾਤਰਾਂ ਤੋਂ ਇਹ ਪ੍ਰਵਾਸੀ ਪੰਛੀ ਪੰਜਾਬੀਆਂ ਦੀ ਪ੍ਰਾਹੁਣਾਚਾਰੀ ਦਾ ਆਨੰਦ ਮਾਣਦੇ ਆ ਰਹੇ ਹਨ ਅਤੇ ਰਹਿੰਦੀ ਦੁਨੀਆ ਤੱਕ ਮਾਣਦੇ ਰਹਿਣਗੇ।

ਬਹੁਤ ਸਾਰੇ ਜ਼ਮੀਨੀ ਅਤੇ ਜਲ ਜੀਵ ਬਚਾਅ ਤਕਨੀਕ ਵਜੋਂ ਪ੍ਰਵਾਸ ਕਰਦੇ ਹਨ। ਹਰ ਸਾਲ, ਲੱਖਾਂ ਜੰਗਲੀ ਬੀਸਟ ਅਫ਼ਰੀਕਾ ਦੇ ਸੇਰੇਨਗੇਟੀ ਮੈਦਾਨਾਂ ਵਿੱਚ ਤਾਜ਼ੀਆਂ ਤੇ ਹਰੀਆਂ ਭਰੀਆਂ ਚਰਾਂਦਾਂ ਅਤੇ ਪਾਣੀ ਦੇ ਸਰੋਤਾਂ ਦੀ ਭਾਲ ਵਿੱਚ ਪ੍ਰਵਾਸ ਕਰਦੇ ਹਨ। ਇਸੇ ਤਰ੍ਹਾਂ ਮੋਨਾਰਕ ਤਿਤਲੀਆਂ ਉੱਤਰੀ ਅਮਰੀਕਾ ਤੋਂ ਮੈਕਸੀਕੋ ਦੀ ਯਾਤਰਾ ਕਰਦੀਆਂ ਹਨ, ਜਿੱਥੇ ਉਹ ਆਪਣੇ ਪ੍ਰਜਨਨ ਖੇਤਰਾਂ ਵਿੱਚ ਸਰਦੀਆਂ ਤੋਂ ਬਚਣ ਅਤੇ ਢੁਕਵੀਆਂ ਸਰਦੀਆਂ ਬਿਤਾਉਣ ਵਾਲੀਆਂ ਥਾਂਵਾਂ ਲੱਭਣ ਲਈ ਵੱਡੀ ਗਿਣਤੀ ਵਿੱਚ ਇਕੱਠੀਆਂ ਹੁੰਦੀਆਂ ਹਨ। ਹੰਪਬੈਕ ਵ੍ਹੇਲ ਮੱਛੀਆਂ ਹਰ ਸਾਲ ਗਰਮੀਆਂ ਵਿੱਚ ਛੋਟੀਆਂ ਮੱਛੀਆਂ ਨੂੰ ਖਾਣ ਲਈ ਧਰੁਵੀ ਬਰਫ਼ ਵੱਲ ਪ੍ਰਵਾਸ ਕਰਦੀਆਂ ਹਨ ਅਤੇ ਸਰਦੀਆਂ ਦੌਰਾਨ ਗਰਮ ਪਾਣੀਆਂ ਵਿੱਚ ਵਾਪਸੀ ਦੀ ਯਾਤਰਾ ਕਰਦੀਆਂ ਹਨ।

ਵੱਖ- ਵੱਖ ਉੱਚੇ ਪਰਬਤੀਂ ਇਲਾਕਿਆਂ ਅਤੇ ਪਹਾੜੀ ਜੰਗਲਾਂ ਵਿੱਚ ਰਹਿੰਦੇ ਬਾਰਾਂਸਿੰਗੇ, ਹਿਰਨ, ਸਾਂਭਰ, ਬਘਿਆੜ, ਸ਼ੇਰ, ਚੀਤੇ, ਬਰਫ਼ੀਲੇ ਭਾਲੂ ਅਤੇ ਹੋਰ ਜਾਨਵਰ ਵੀ ਸਿਆਲ ਰੁੱਤ ਦੌਰਾਨ ਅਕਸਰ ਪਹਾੜਾਂ 'ਤੇ ਹਰ ਪਾਸੇ ਬਰਫ਼ ਪੈ ਜਾਣ ਕਾਰਨ ਘੱਟ ਬਰਫ਼ੀਲੇ ਅਤੇ ਮੈਦਾਨੀ ਇਲਾਕਿਆਂ ਵੱਲ ਦੌੜ ਲਗਾ ਦਿੰਦੇ ਹਨ ਅਤੇ ਬਸੰਤ ਰੁੱਤ ਸ਼ੁਰੂ ਹੁੰਦੇ ਹੀ ਮੁੜ ਪਹਾੜਾਂ 'ਤੇ ਚੜ੍ਹ ਜਾਂਦੇ ਹਨ। ਪਹਾੜਾਂ 'ਤੇ ਪਈ ਬਰਫ਼ ਕਾਰਨ ਸ਼ਾਕਾਹਾਰੀ ਜਾਨਵਰਾਂ ਤੇ ਪੰਛੀਆਂ ਲਈ ਕੁਦਰਤੀ ਬਨਸਪਤੀ ਬਰਫ਼ ਹੇਠਾਂ ਦੱਬ ਜਾਂਦੀ ਹੈ, ਇਸ ਲਈ ਉਹ ਪ੍ਰਵਾਸ ਕਰ ਜਾਂਦੇ ਹਨ, ਜਦੋਂ ਕਿ ਇਹਨਾਂ ਸ਼ਾਕਾਹਾਰੀ ਜਾਨਵਰਾਂ ਨੂੰ ਖਾਣ ਵਾਲੇ ਸ਼ੇਰ- ਚੀਤੇ ਵੀ ਇਹਨਾਂ ਜਾਨਵਰਾਂ ਦੇ ਪ੍ਰਵਾਸ ਕਰਨ ਕਾਰਨ ਖੁਦ ਵੀ ਪ੍ਰਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਪੰਛੀਆਂ, ਜਲ ਜੀਵਾਂ ਅਤੇ ਜਾਨਵਰਾਂ ਦੀਆਂ ਇੰਦਰੀਆਂ ਬਹੁਤ ਤੇਜ਼ ਹੁੰਦੀਆਂ ਹਨ, ਇਹ ਸੁੰਘਣ ਸ਼ਕਤੀ, ਹਵਾ ਅਤੇ ਪਾਣੀ ਦੀ ਖੁਸ਼ਬੂ, ਸੂਰਜ, ਚੰਦ, ਤਾਰੇ ਅਤੇ ਪਹਾੜ ਵੇਖ ਕੇ ਆਪਣੇ ਰਸਤੇ ਨੂੰ ਤੈਅ ਕਰਦੇ ਹਨ। ਪ੍ਰਵਾਸ ਦੌਰਾਨ ਇਹਨਾਂ ਜੀਵ ਜੰਤੂਆਂ ਦੇ ਰਸਤੇ ਵਿੱਚ ਅਨੇਕਾਂ ਔਂਕੜਾਂ ਆਉਂਦੀਆਂ ਹਨ ਪਰ ਇਹ ਸਭ ਦਾ ਮੁਕਾਬਲਾ ਕਰਦਿਆਂ ਆਪਣਾ ਪ੍ਰਵਾਸ ਜਾਰੀ ਰਖਦੇ ਹਨ। ਯੁੱਗਾਂ- ਯੁੱਗਾਂਤਰਾਂ ਤੋਂ ਪੰਛੀਆਂ, ਜਲ ਜੀਵਾਂ ਅਤੇ ਜਾਨਵਰਾਂ ਦਾ ਇੱਕ ਥਾਂ ਤੋਂ ਦੂਜੀ ਥਾਂ ਵੱਲ ਚੱਲ ਰਿਹਾ ਪ੍ਰਵਾਸ ਅੱਜ ਵੀ ਜਾਰੀ ਹੈ ਅਤੇ ਰਹਿੰਦੀ ਦੁਨੀਆ ਤੱਕ ਜਾਰੀ ਰਹੇਗਾ।



ਦਰਪਣ ਝੂਠ ਨਹੀਂ ਬੋਲਦਾ

# ਕਾਂਗਰਸ ਦੀ ਨਵੀਂ ਚੋਣ ਰਣਨੀਤੀ: ਬਿਨਾਂ ਸੀ.ਐੱਮ. ਚਿਹਰੇ ਮੈਦਾਨ 'ਚ ਉਤਰੇਗੀ ਪਾਰਟੀ

## ਕੀ 'ਟੀਮ ਪਲੇਅਰ' ਫ਼ਾਰਮੂਲਾ ਬਚਾਏਗਾ ਕਾਂਗਰਸ ਦੀ ਡੁਬਦੀ ਬੇੜੀ ?

## 'ਟੀਮ ਪਲੇਅਰ ਬਣੋ ਜਾਂ ਬਾਹਰ ਜਾਓ': ਰਾਹੁਲ ਗਾਂਧੀ ਦੀ ਸਖ਼ਤ ਚਿਤਾਵਨੀ

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜਣ ਤੋਂ ਪਹਿਲਾਂ ਹੀ ਕਾਂਗਰਸ ਨੇ ਇੱਕ ਅਹਿਮ ਨੀਤੀਗਤ ਫ਼ੈਸਲਾ ਲਿਆ ਹੈ। ਡੇਢ ਦਹਾਕੇ ਤੋਂ ਚੱਲੀ ਆ ਰਹੀ 'ਮੁੱਖ ਮੰਤਰੀ ਦੇ ਚਿਹਰੇ' ਵਾਲੀ ਸਿਆਸਤ ਨੂੰ ਤਿਆਗ ਕੇ, ਪਾਰਟੀ ਹੁਣ 'ਸਮੂਹਿਕ ਲੀਡਰਸ਼ਿਪ' ਦੇ ਫ਼ਾਰਮੂਲੇ 'ਤੇ ਅੱਗੇ ਵਧ ਰਹੀ ਹੈ। ਪਾਰਟੀ ਹਾਈਕਮਾਂਡ ਦਾ ਇਹ ਫ਼ੈਸਲਾ ਸਿਰਫ਼ ਇੱਕ ਚੋਣ ਰਣਨੀਤੀ ਨਹੀਂ, ਸਗੋਂ ਪਿਛਲੇ ਸਾਲਾਂ ਦੀਆਂ ਗ਼ਲਤੀਆਂ ਤੋਂ ਸਿੱਖਿਆ ਗਿਆ ਇੱਕ ਸਬਕ ਹੈ। ਬਰਨਾਲਾ ਰੈਲੀ ਵਿੱਚ ਰਾਹੁਲ ਗਾਂਧੀ ਦੇ ਸਪੱਸ਼ਟ ਸੰਦੇਸ਼ ਤੋਂ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਕਾਂਗਰਸ ਇਸ ਵਾਰ ਵਿਅਕਤੀ-ਕੇਂਦਰਿਤ ਸਿਆਸਤ ਦੀ ਬਜਾਏ, ਸਮੂਹਿਕ ਤਾਕਤ ਨਾਲ ਮੈਦਾਨ ਵਿੱਚ ਉਤਰੇਗੀ।




ਕਾਂਗਰਸ ਨੇ 2012, 2017 ਅਤੇ 2022 ਦੀਆਂ ਚੋਣਾਂ ਵਿੱਚ ਵੱਖੋ-ਵੱਖਰੇ ਤਜ਼ਰਬੇ ਕੀਤੇ ਸਨ। 2022 ਵਿੱਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਪਾਰਟੀ ਲਈ ਇੱਕ ਵੱਡਾ ਪ੍ਰਯੋਗ ਸੀ, ਜੋ ਅੰਦਰੂਨੀ ਕਲੇਸ਼ ਅਤੇ ਧੜੇਬਾਜ਼ੀ ਕਾਰਨ ਉਲਟਾ ਪੈ ਗਿਆ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਨਾਲ ਪਾਰਟੀ ਦੇ ਬਾਕੀ ਦਿੱਗਜ ਆਗੂਆਂ ਵਿੱਚ ਅਸੰਤੁਸ਼ਟੀ ਵਧ ਜਾਂਦੀ ਹੈ, ਜਿਸ ਨਾਲ ਪਾਰਟੀ ਦਾ ਕਾਡਰ ਵੀ ਵੰਡਿਆ ਜਾਂਦਾ ਹੈ।

ਇਸ ਵਾਰ ਪਾਰਟੀ ਦੇ ਸੂਬਾ ਇੰਚਾਰਜ ਭੁਪੇਸ਼ ਬਘੇਲ ਅਤੇ ਹਾਈਕਮਾਂਡ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਚੋਣਾਂ 'ਸਮੂਹਿਕ ਲੀਡਰਸ਼ਿਪ' ਹੇਠ ਲੜੀਆਂ ਜਾਣਗੀਆਂ। ਇਸ ਦੇ ਪਿੱਛੇ ਮੁੱਖ ਕਾਰਨ ਹਨ:

ਕੋਈ ਇੱਕ ਚਿਹਰਾ ਨਾ ਹੋਣ ਕਾਰਨ, ਸਾਰੇ ਸੀਨੀਅਰ ਆਗੂਆਂ ਨੂੰ ਆਪਣੀ ਤਾਕਤ ਸਾਬਿਤ ਕਰਨ ਲਈ ਸਖ਼ਤ ਮਿਹਨਤ ਕਰਨੀ ਪਵੇਗੀ।

ਹਰ ਆਗੂ ਨੂੰ ਆਪਣੇ ਹਲਕੇ ਅਤੇ ਪ੍ਰਭਾਵ ਵਾਲੇ ਖੇਤਰ ਵਿੱਚ ਉਮੀਦਵਾਰਾਂ ਨੂੰ ਜਿਤਾਉਣ ਦੀ ਜ਼ਿੰਮੇਵਾਰੀ ਲੈਣੀ ਹੋਵੇਗੀ।

ਚੰਨੀ, ਰਾਜਾ ਵੜਿੰਗ, ਸੁਖਜਿੰਦਰ ਰੰਧਾਵਾ ਅਤੇ ਰਾਣਾ ਗੁਰਜੀਤ ਸਿੰਘ ਵਰਗੇ ਕਈ ਦਾਅਵੇਦਾਰਾਂ ਨੂੰ ਇੱਕੋ ਪੱਧਰ 'ਤੇ ਰੱਖ ਕੇ ਪਾਰਟੀ ਕਿਸੇ ਇੱਕ ਆਗੂ ਨੂੰ ਅਸੰਤੁਸ਼ਟ ਨਹੀਂ ਕਰਨਾ ਚਾਹੁੰਦੀ।

ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨੂੰ ਲੈ ਕੇ ਹਾਈਕਮਾਂਡ ਨੇ ਹੁਣ ਤੱਕ ਜੋ ਸੰਕੇਤ ਦਿੱਤੇ ਹਨ, ਉਹ ਸਪੱਸ਼ਟ ਹਨ— ਪਾਰਟੀ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜੋ 'ਟੀਮ ਪਲੇਅਰ' ਹੋਣ। ਹਾਈਕਮਾਂਡ ਨੇ ਮਹਿਸੂਸ ਕੀਤਾ ਹੈ ਕਿ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਲੀਡਰਸ਼ਿਪ ਦਾ ਸੰਕਟ ਗਹਿਰਾ ਹੋਇਆ ਹੈ। ਕੈਪਟਨ ਅਮਰਿੰਦਰ ਸਿੰਘ ਦੇ ਜਾਣ ਤੋਂ ਬਾਅਦ, ਕੋਈ ਵੀ ਅਜਿਹਾ ਆਗੂ ਨਹੀਂ ਉੱਭਰਿਆ ਜਿਸਦਾ ਕੱਦ ਸਾਰਿਆਂ ਨੂੰ ਇੱਕਜੁੱਟ ਕਰ ਸਕੇ।

ਹਾਈਕਮਾਂਡ ਹੁਣ ਵਿਅਕਤੀਗਤ ਮਹੱਤਵਕਾਂਖਿਆਵਾਂ ਦੀ ਬਜਾਏ ਸੰਗਠਨਾਤਮਕ ਮਜ਼ਬੂਤੀ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਦੀ ਭਾਲ ਅਜਿਹੇ ਲੀਡਰਾਂ ਦੀ ਹੈ ਜੋ ਕਾਂਗਰਸ ਦੇ ਪਰੰਪਰਾਗਤ ਵੋਟ ਬੈਂਕ ਨੂੰ ਮੁੜ ਲਾਮਬੰਦ ਕਰ ਸਕਣ ਅਤੇ ਸੂਬੇ ਦੇ ਕਿਸਾਨਾਂ-ਮਜ਼ਦੂਰਾਂ ਨਾਲ ਜੁੜੇ ਮੁੱਦਿਆਂ 'ਤੇ ਸਰਕਾਰ ਨੂੰ ਘੇਰ ਸਕਣ।

# ਕੈਨੇਡਾ-ਭਾਰਤ ਕੂਟਨੀਤੀ: ਵਪਾਰਕ ਲਾਲਸਾ ਜਾਂ ਸੁਰੱਖਿਆ ਨਾਲ ਸਮਝੌਤਾ ?

## ਖ਼ੁਫ਼ੀਆ ਏਜੰਸੀ ਦੀ ਚਿਤਾਵਨੀ ਬਨਾਮ ਸਰਕਾਰੀ ਚੁੱਪ: 'ਦੋਹਰੀ ਨੀਤੀ' ਦਾ ਖੁਲਾਸਾ

ਇਸ ਸਮੇਂ ਕੈਨੇਡਾ ਅਤੇ ਭਾਰਤ ਦੇ ਸਬੰਧ ਇੱਕ ਅਜਿਹੇ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਹੇ ਹਨ, ਜਿੱਥੇ ਕੂਟਨੀਤੀ ਅਤੇ ਕੌਮੀ ਸੁਰੱਖਿਆ ਦੇ ਦੋ ਵੱਖੋ-ਵੱਖਰੇ ਪਾਸੇ ਇੱਕ-ਦੂਜੇ ਦੇ ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ।

ਸਭ ਤੋਂ ਵੱਡੀ ਦੁਵਿਧਾ ਉੱਥੇ ਪੈਦਾ ਹੁੰਦੀ ਹੈ ਜਿੱਥੇ ਕੈਨੇਡਾ ਦੀਆਂ ਖ਼ੁਫ਼ੀਆ ਏਜੰਸੀਆਂ ਅਤੇ ਸਿਆਸੀ ਆਗੂਆਂ ਦੇ ਬਿਆਨਾਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਕੈਨੇਡੀਅਨ ਸਿਕਿਉਰਟੀ ਇੰਟੈਲੀਜੈਂਸ ਸਰਵਿਸ ਆਪਣੀ ਗੱਲ 'ਤੇ ਅਡਿੱਗ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਅਜੇ ਵੀ ਕੈਨੇਡਾ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ, ਜਾਸੂਸੀ ਅਤੇ ਸਰਹੱਦ ਪਾਰ ਦਬਾਅ ਬਣਾਉਣ ਵਾਲੇ ਮੁੱਖ ਦੇਸ਼ਾਂ ਵਿੱਚੋਂ ਇੱਕ ਹੈ। ਕੈਨੇਡੀਅਨ ਸਿਕਿਉਰਟੀ ਇੰਟੈਲੀਜੈਂਸ ਸਰਵਿਸ ਦੇ ਬੁਲਾਰੇ ਐਰਿਕ ਬਾਲਸਮ ਵੱਲੋਂ ਨੈਸ਼ਨਲ ਪੋਸਟ ਨੂੰ ਦਿੱਤੀ ਗਈ ਈਮੇਲ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਏਜੰਸੀ ਦੇ ਮੁਲਾਂਕਣ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ।

ਇਸ ਦੇ ਉਲਟ, ਜਦੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਦੇ ਦੌਰੇ 'ਤੇ ਗਏ, ਤਾਂ ਉੱਥੇ ਸੁਰੱਖਿਆ ਮੁੱਦਿਆਂ ਤੋਂ ਜ਼ਿਆਦਾ ਜ਼ੋਰ 'ਵਿਕਾਸ, ਨਿਵੇਸ਼ ਅਤੇ ਵਪਾਰਕ ਭਾਈਵਾਲੀ' 'ਤੇ ਸੀ। ਦਿੱਲੀ ਵਿਖੇ ਹੈਦਰਾਬਾਦ ਹਾਊਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰਨੀ ਵਿਚਕਾਰ ਹੋਈ ਮੁਲਾਕਾਤ ਦੇ ਮੁੱਖ ਨਤੀਜੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਸੀ।

ਗੱਲਬਾਤ ਦੇ ਪ੍ਰਮੁੱਖ ਅੰਸ਼:

ਵਪਾਰਕ ਟੀਚਾ: 2030 ਤੱਕ ਦੁਵੱਲੇ ਸਾਲਾਨਾ ਵਪਾਰ ਨੂੰ 70 ਅਰਬ ਡਾਲਰ ਤੱਕ ਲਿਜਾਣ ਦਾ ਵਾਅਦਾ।

ਊਰਜਾ ਸਮਝੌਤੇ: ਕੈਨੇਡਾ 2.6 ਅਰਬ ਡਾਲਰ ਦੇ ਯੂਰੇਨੀਅਮ ਸਪਲਾਈ ਸਮਝੌਤੇ ਤਹਿਤ ਭਾਰਤ ਦੇ ਸਿਵਲ ਪ੍ਰਮਾਣੂ ਊਰਜਾ ਖੇਤਰ ਦਾ ਸਮਰਥਨ



ਕਰੇਗਾ। ਤਕਨੀਕੀ ਸਹਿਯੋਗ: ਮਸਨੂਈ ਬੁੱਧੀ (ਏ.ਆਈ.), ਕੁਆਂਟਮ ਕੰਪਿਊਟਿੰਗ ਅਤੇ ਰੱਖਿਆ ਖੇਤਰ ਵਿੱਚ 5 ਨਵੇਂ ਸਮਝੌਤੇ।

ਨਿਵੇਸ਼: ਕੈਨੇਡਾ ਦੇ ਪੈਨਸ਼ਨ ਫ਼ੰਡਾਂ ਵੱਲੋਂ ਭਾਰਤ ਵਿੱਚ 100 ਅਰਬ ਡਾਲਰ ਦਾ ਨਿਵੇਸ਼।

ਦੋਵਾਂ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਕੈਨੇਡਾ ਦੀ ਆਰਥਿਕਤਾ ਨੂੰ ਵਿਕਾਸ ਲਈ ਨਵੇਂ ਬਾਜ਼ਾਰਾਂ ਦੀ ਲੋੜ ਹੈ, ਜੋ ਕਿ ਟਰੰਪ ਪ੍ਰਸ਼ਾਸਨ ਨਾਲ ਕੈਨੇਡਾ ਦੇ ਵਧਦੇ ਠੰਢੇ ਆਰਥਿਕ ਸੰਬੰਧਾਂ ਦਰਮਿਆਨ ਇੱਕ ਮਹੱਤਵਪੂਰਨ ਕਦਮ ਹੈ। ਵਪਾਰਕ ਮੀਟਿੰਗਾਂ ਦੇ ਪਿੱਛੇ ਇੱਕ ਗੰਭੀਰ ਸੁਰੱਖਿਆ ਚੇਤਾਵਨੀ ਵੀ ਲੁਕੀ ਹੋਈ ਸੀ। ਕੈਨੇਡਾ ਤੋਂ ਭਾਰਤ ਪਹੁੰਚਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਕਾਰਨੀ ਦੇ ਵਫ਼ਦ ਅਤੇ ਪੱਤਰਕਾਰਾਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਸਨ:

ਡਿਜੀਟਲ ਸੁਰੱਖਿਆ: ਸਮਾਰਟ ਫ਼ੋਨ, ਘੜੀਆਂ ਅਤੇ ਲੈਪਟਾਪਾਂ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਨੂੰ ਵਾਰ-ਵਾਰ ਰੀ-ਸਟਾਰਟ ਕਰਨ ਦੀ ਸਲਾਹ ਦਿੱਤੀ ਗਈ।

ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਚੀਨ ਤੋਂ ਬਾਅਦ, ਕੈਨੇਡਾ ਨੂੰ ਸਭ ਤੋਂ ਵੱਧ ਖ਼ਤਰਾ ਭਾਰਤ ਤੋਂ ਰਹਿੰਦਾ ਹੈ। ?ਪ੍ਰੋਟੋਕੋਲ: ਵਫ਼ਦ ਨੂੰ ਜਨਤਕ ਵਾਈਫ਼ਾਈ ਵਰਤਣ ਅਤੇ ਦੂਤਘਰਾਂ ਵਿੱਚ ਫ਼ੋਨ ਲਿਜਾਣ ਤੋਂ ਵਰਜਿਆ ਗਿਆ ਸੀ, ਕਿਉਂਕਿ ਸਮਾਗਮਾਂ ਦੌਰਾਨ ਡਾਟਾ ਚੋਰੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਇਹ ਸਾਰੀ ਸਥਿਤੀ ਕੈਨੇਡਾ ਦੇ ਸਿੱਖ ਭਾਈਚਾਰੇ ਵਿੱਚ ਵੱਡੇ ਪੱਧਰ 'ਤੇ ਅਸੰਤੋਸ਼ ਦਾ ਕਾਰਨ ਬਣ ਰਹੀ ਹੈ। ਰੂਬੀ ਸਾਹੋਤਾ ਅਤੇ ਸੁੱਖ ਧਾਲੀਵਾਲ ਵਰਗੇ ਸੰਸਦ ਮੈਂਬਰਾਂ ਦਾ ਸਰਕਾਰੀ ਰੁਖ਼ 'ਤੇ ਸਵਾਲ ਚੁੱਕਣਾ ਇਹ ਦਰਸਾਉਂਦਾ ਹੈ ਕਿ ਸਰਕਾਰ ਅੰਦਰ ਵੀ ਇਸ ਮਾਮਲੇ ਨੂੰ ਲੈ ਕੇ ਇੱਕਮਤ ਨਹੀਂ ਹੈ। ਸਿੱਖ ਭਾਈਚਾਰਾ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਵਪਾਰਕ ਸੌਦਿਆਂ ਦੀ ਭੇਟ ਚੜ੍ਹਾਇਆ ਜਾ ਰਿਹਾ ਹੈ।

ਕੈਨੇਡਾ ਦੀ ਮੌਜੂਦਾ ਸਰਕਾਰ ਇੱਕ 'ਤੰਗ ਰੱਸੀ' 'ਤੇ ਚੱਲ ਰਹੀ ਹੈ। ਇੱਕ ਪਾਸੇ ਉਨ੍ਹਾਂ ਨੂੰ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਬਚਾਉਣਾ ਹੈ, ਅਤੇ ਦੂਜੇ ਪਾਸੇ ਆਪਣੇ ਦੇਸ਼ ਵਿੱਚ ਵਸਦੇ ਸਿੱਖ ਭਾਈਚਾਰੇ ਦੇ ਸੁਰੱਖਿਆ ਅਧਿਕਾਰਾਂ ਅਤੇ ਖ਼ੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਅਗਲੇ ਦਿਨਾਂ ਵਿੱਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਇਹ ਆਰਥਿਕ ਭਾਈਵਾਲੀ ਦੋਵਾਂ ਦੇਸ਼ਾਂ ਵਿਚਾਲੇ ਵਿਸ਼ਵਾਸ ਦੀ ਖਾਈ ਨੂੰ ਪੂਰ ਸਕਦੀ ਹੈ ਜਾਂ ਨਹੀਂ।

# ਵਿਦੇਸ਼ੀ ਸੁਪਨੇ 'ਤੇ ਠੱਗ ਟਰੈਵਲ ਏਜੰਟਾਂ ਦੀ ਅੱਖ ਕਿਉਂ: ਪੰਜਾਬ ਕਿਉਂ ਬਣਿਆ ਜਾਅਲੀ ਟਰੈਵਲ ਏਜੰਟਾਂ ਦੀ ਜੂਹ ?

ਪੰਜਾਬ ਦੇ ਨੌਜਵਾਨਾਂ ਲਈ ਵਿਦੇਸ਼ ਜਾਣ ਦਾ ਸੁਪਨਾ ਸਿਰਫ਼ ਇੱਕ ਇੱਛਾ ਨਹੀਂ, ਸਗੋਂ ਇੱਕ ਜ਼ਰੂਰਤ ਬਣ ਚੁੱਕੀ ਹੈ। ਸੁਨਹਿਰੀ ਭਵਿੱਖ ਦੀ ਭਾਲ ਵਿੱਚ ਹਜ਼ਾਰਾਂ ਪਰਿਵਾਰ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਜਾਂ ਕਰਜ਼ਾ ਚੁੱਕ ਕੇ ਟਰੈਵਲ ਏਜੰਟਾਂ ਦੇ ਹੱਥਾਂ ਵਿੱਚ ਆਪਣੀ ਕਿਸਮਤ ਸੌਂਪ ਦਿੰਦੇ ਹਨ। ਪਰ ਅਕਸਰ ਇਹ ਸੁਪਨਾ ਇੱਕ ਡਰਾਉਣੇ ਅੰਜਾਮ ਵਿੱਚ ਬਦਲ ਜਾਂਦਾ ਹੈ। ਹਾਲ ਹੀ ਵਿੱਚ ਕੇਂਦਰ ਸਰਕਾਰ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਗਏ ਅੰਕੜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪੰਜਾਬ ਵਿਦੇਸ਼ੀ ਨੌਕਰੀਆਂ ਦੇ ਨਾਮ 'ਤੇ ਹੋ ਰਹੀ ਠੱਗੀ ਦਾ ਸਭ ਤੋਂ ਵੱਡਾ ਕੇਂਦਰ ਬਣ ਚੁੱਕਾ ਹੈ। ਕੇਂਦਰ ਸਰਕਾਰ ਦੇ ਅੰਕੜਿਆਂ ਮੁਤਾਬਕ ਪਿਛਲੇ ਤਿੰਨ ਸਾਲਾਂ (2023-2025) ਵਿੱਚ ਪੰਜਾਬ, ਚੰਡੀਗੜ੍ਹ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕੁੱਲ 291 ਸ਼ਿਕਾਇਤਾਂ ਦਰਜ ਹੋਈਆਂ, ਜਿਨ੍ਹਾਂ ਵਿੱਚੋਂ ਲਗਭਗ 53 ਫ਼ੀਸਦੀ ਮਾਮਲੇ ਇਕੱਲੇ ਪੰਜਾਬ ਨਾਲ ਸਬੰਧਤ ਹਨ।

ਵਿਦੇਸ਼ੀ ਨੌਕਰੀ ਧੋਖਾਧੜੀ ਦੀਆਂ ਸ਼ਿਕਾਇਤਾਂ ਦਾ ਵੇਰਵਾ (2023-2025):

2023 ਦੌਰਾਨ ਪੰਜਾਬ 56 ,2024 ਵਿੱਚ 18 ,2025 ਵਿੱਚ 80 ਕੁੱਲ 154 ਸ਼ਿਕਾਇਤਾਂ ਮਿਲੀਆਂ। ਚੰਡੀਗੜ੍ਹ ਨੂੰ 2023 ਵਿੱਚ 3 2024 ਵਿੱਚ 9 2025 ਵਿੱਚ 80 ਕੁੱਲ 92 ਸ਼ਿਕਾਇਤਾਂ ਮਿਲੀਆਂ।

ਹਰਿਆਣਾ ਨੂੰ 2023 ਦੌਰਾਨ 4 ,2024 ਵਿੱਚ 2 2025 ਵਿੱਚ 33 ਕੁੱਲ 39 ਸ਼ਿਕਾਇਤਾਂ ਮਿਲੀਆਂ।

ਹਿਮਾਚਲ ਪ੍ਰਦੇਸ਼ ਵਿੱਚ 2023 ਦੌਰਾਨ 4 ,2024 ਵਿੱਚ 0,2025 ਵਿੱਚ 2 ਕੁੱਲ 6ਸ਼ਿਕਾਇਤਾਂ ਮਿਲੀਆਂ।

ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕੀਤਾ ਹੈ ਕਿ ਅੱਜ-ਕੱਲ੍ਹ ਇਹ ਧੋਖੇਬਾਜ਼ ਏਜੰਟ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਰਾਹੀਂ ਨੌਜਵਾਨਾਂ ਨੂੰ ਆਪਣੇ ਜਾਲ ਵਿੱਚ ਫ਼ਸਾ ਰਹੇ ਹਨ। ਫ਼ੇਸਬੁੱਕ, ਇੰਸਟਾਗ੍ਰਾਮ ਅਤੇ ਹੋਰ ਪਲੇਟਫ਼ਾਰਮਾਂ 'ਤੇ ਵਿਦੇਸ਼ਾਂ ਵਿੱਚ ਉੱਚ ਤਨਖਾਹ ਵਾਲੀਆਂ ਨੌਕਰੀਆਂ ਦੇ ਲੁਭਾਵਣੇ ਇਸ਼ਤਿਹਾਰ ਦੇ ਕੇ ਇਹ ਏਜੰਟ ਨੌਜਵਾਨਾਂ ਦੀ ਮਾਨਸਿਕਤਾ ਨਾਲ ਖੇਡਦੇ ਹਨ। ਹੈਰਾਨੀਜਨਕ ਗੱਲ ਇਹ ਹੈ ਕਿ ਇਨ੍ਹਾਂ ਨੈੱਟਵਰਕਾਂ ਦਾ ਪਰਦਾਫ਼ਾਸ਼ ਤਾਂ ਹੀ ਹੁੰਦਾ ਹੈ ਜਦੋਂ ਪੀੜਤ ਪਰਿਵਾਰ ਪੁਲਿਸ ਕੋਲ ਪਹੁੰਚ ਕਰਦੇ ਹਨ, ਉਦੋਂ ਤੱਕ ਕਾਫ਼ੀ ਦੇਰ ਹੋ ਚੁੱਕੀ ਹੁੰਦੀ ਹੈ।

# ਏ.ਆਈ. ਦੀ 'ਸੁਨਾਮੀ' ਅਤੇ ਭਾਰਤ ਦਾ ਭਵਿੱਖ: ਨੌਜਵਾਨਾਂ ਲਈ ਸੰਕਟ ਜਾਂ ਸੁਨਹਿਰੀ ਮੌਕਾ ?

## ਏ.ਆਈ. ਨਵੇਂ ਰਾਹ ਵੀ ਖੋਲ੍ਹ ਰਿਹਾ ਹੈ, ਭਾਰਤੀ ਵਿਦਿਆਰਥੀ ਫ਼ਿਊਚਰ ਸਕਿੱਲਜ਼ ਨੂੰ ਅਪਣਾਉਣ: ਤਰੁਨਦੀਪ ਸਿੰਘ ਅਨੰਦ

ਅੱਜ ਦੇ ਡਿਜੀਟਲ ਦੌਰ ਵਿੱਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਕੇਵਲ ਇੱਕ ਤਕਨੀਕੀ ਸ਼ਬਦ ਨਹੀਂ ਰਹਿ ਗਿਆ, ਸਗੋਂ ਇਹ ਇੱਕ ਅਜਿਹੀ ਤਾਕਤ ਬਣ ਗਈ ਹੈ ਜੋ ਗਲੋਬਲ ਲੇਬਰ ਮਾਰਕੀਟ ਨੂੰ ਜੜ੍ਹਾਂ ਤੋਂ ਹਿਲਾ ਰਹੀ ਹੈ। ਅੰਤਰਰਾਸ਼ਟਰੀ ਮੁਦਰਾ ਫ਼ੰਡ ਅਤੇ ਹੋਰ ਗਲੋਬਲ ਰਿਸਰਚ ਫ਼ਰਮਾਂ ਇਸ ਨੂੰ ਇੱਕ ਸੁਨਾਮੀ ਵਜੋਂ ਦੇਖ ਰਹੀਆਂ ਹਨ, ਜਿਸ ਦਾ ਸਭ ਤੋਂ ਵੱਡਾ ਅਸਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਦੇ ਨੌਜਵਾਨਾਂ 'ਤੇ ਪੈਣ ਦੀ ਸੰਭਾਵਨਾ ਹੈ।

ਤਾਜ਼ਾ ਰਿਪੋਰਟਾਂ ਚਿੰਤਾਜਨਕ ਤਸਵੀਰ ਪੇਸ਼ ਕਰਦੀਆਂ ਹਨ:

ਭਾਰਤ ਵਿੱਚ ਕਰੀਬ 26 ਫ਼ੀਸਦੀ ਨੌਕਰੀਆਂ ਏ. ਆਈ. ਦੇ ਗੰਭੀਰ ਪ੍ਰਭਾਵ ਹੇਠ ਹਨ। ਰੁਟੀਨ ਦੇ ਕੰਮ ਕਰਨ ਵਾਲੀਆਂ ਵ੍ਹਾਈਟ-ਕਾਲਰ ਨੌਕਰੀਆਂ, ਖਾਸ ਕਰਕੇ ਆਈਟੀ, ਬੀਪੀਓ ਅਤੇ ਵਿੱਤੀ ਸੇਵਾਵਾਂ ਵਿੱਚ ਵੱਡੀ ਛਾਂਟੀ ਦਾ ਡਰ ਹੈ। ਆਈ ਐਮ ਐਫ਼ ਦੇ ਅਨੁਸਾਰ, ਦੁਨੀਆ ਭਰ ਵਿੱਚ 40 ਫ਼ੀਸਦੀ ਨੌਕਰੀਆਂ ਪ੍ਰਭਾਵਿਤ ਹੋ ਸਕਦੀਆਂ ਹਨ, ਜਿਸ ਨਾਲ ਕਾਰਪੋਰੇਟ ਮੁਨਾਫ਼ੇ ਤਾਂ ਵਧ ਸਕਦੇ ਹਨ ਪਰ ਆਮ ਲੋਕਾਂ ਦੀ ਖਰੀਦ ਸ਼ਕਤੀ ਘਟਣ ਨਾਲ ਆਰਥਿਕ ਮੰਦੀ ਦਾ ਖਤਰਾ ਪੈਦਾ ਹੋ ਸਕਦਾ ਹੈ।

ਸਿਟਰਿਨੀ ਰਿਸਰਚ ਦੀ 'ਦ 2028 ਗਲੋਬਲ ਇੰਟੈਲੀਜੈਂਸ ਕ੍ਰਾਈਸਿਸ' ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਏ.ਆਈ. ਏਜੰਟਾਂ ਦੁਆਰਾ ਕੋਡਿੰਗ ਅਤੇ ਡਾਟਾ ਵਿਸ਼ਲੇਸ਼ਣ ਨੂੰ ਸਸਤਾ ਕਰਨ ਨਾਲ ਭਾਰਤ ਦਾ ਰਵਾਇਤੀ 'ਲੇਬਰ ਮਾਡਲ' ਖਤਮ ਹੋ ਸਕਦਾ ਹੈ। ਇਹ ਸਿਰਫ਼ ਤਕਨੀਕੀ ਬਦਲਾਅ ਨਹੀਂ, ਸਗੋਂ ਲੱਖਾਂ ਨੌਜਵਾਨਾਂ ਦੇ ਕੈਰੀਅਰ ਲਈ ਇੱਕ ਵੱਡੀ ਚੁਣੌਤੀ ਹੈ। ਤਰੁਨਦੀਪ ਸਿੰਘ ਅਨੰਦ, ਚਾਂਸਲਰ, ਯੂਨੀਵਰਸਲ ਏਆਈ ਯੂਨੀਵਰਸਿਟੀ ਦਾ ਕਹਿਣਾ ਹੈ ਕਿ ਏ.ਆਈ. ਦਾ ਵਿਰੋਧ ਕਰਨਾ ਕੋਈ ਹੱਲ ਨਹੀਂ ਹੈ, ਸਗੋਂ ਇਸ ਨੂੰ ਸਹੀ ਤਰੀਕੇ ਨਾਲ ਅਪਣਾਉਣਾ ਹੀ ਯੋਗ ਰਸਤਾ ਹੈ। ਵਿਦਿਆਰਥੀਆਂ ਨੂੰ ਰਚਨਾਤਮਕ ਸੋਚ, ਗੁੰਝਲਦਾਰ ਫ਼ੈਸਲੇ ਲੈਣ ਅਤੇ ਮਨੁੱਖੀ ਸੰਵੇਦਨਾ ਵਰਗੀਆਂ ਸਕਿੱਲਾਂ 'ਤੇ ਧਿਆਨ ਦੇਣਾ ਚਾਹੀਦਾ ਹੈ।

# ਵੱਖ-ਵੱਖ ਆਗੂਆਂ ਵੱਲੋਂ ਗੁਰਦਾਸਪੁਰ ਕਥਿਤ ਪੁਲਿਸ ਮੁਕਾਬਲੇ ਦੀ ਉੱਚ ਪੱਧਰੀ ਨਿਆਇਕ ਜਾਂਚ ਦੀ ਮੰਗ

ਗੁਰਦਾਸਪੁਰ ਜ਼ਿਲ੍ਹੇ ਵਿੱਚ ਪੁਲਿਸ ਵੱਲੋਂ ਕੀਤੇ ਗਏ ਕਥਿਤ ਮੁਕਾਬਲੇ ਦੌਰਾਨ ਨੌਜਵਾਨ ਰਣਜੀਤ ਸਿੰਘ ਦੀ ਮੌਤ 'ਤੇ ਵੱਖ-ਵੱਖ ਆਗੂਆਂ ਨੇ ਚਿੰਤਾ ਪ੍ਰਗਟਾਈ ਹੈ। ਆਗੂਆਂ ਨੇ ਨੌਜਵਾਨ ਰਣਜੀਤ ਸਿੰਘ ਨਾਲ ਹੋਏ ਪੁਲਿਸ ਮੁਕਾਬਲੇ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਇਹ ਮੁਕਾਬਲਾ ਸ਼ੱਕੀ ਲੱਗਦਾ ਹੈ ਅਤੇ ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

## ਵੱਖ-ਵੱਖ ਆਗੂਆਂ ਦੇ ਪ੍ਰਤੀਕਰਮ

### ਗਿ. ਕੁਲਦੀਪ ਸਿੰਘ ਗੜਗੱਜ ਦਾ ਪ੍ਰਤੀਕਰਮ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਏ ਗਏ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਰਣਜੀਤ ਸਿੰਘ ਦੀ ਮੌਤ ਦੇ ਮਾਮਲੇ ਦੀ ਨਿਰਪੱਖ ਅਤੇ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਨਿਰਦੋਸ਼ ਵਿਅਕਤੀ ਨੂੰ ਨਿਸ਼ਾਨਾ ਨਾ ਬਣਾਇਆ ਜਾਵੇ ਅਤੇ ਅਸਲ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ।

### ਸਿਮਰਨਜੀਤ ਸਿੰਘ ਮਾਨ ਦਾ ਪ੍ਰਤੀਕਰਮ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਗੁਰਦਾਸਪੁਰ ਵਿੱਚ ਸ. ਰਣਜੀਤ ਸਿੰਘ ਨਾਮੀ ਸਿੱਖ ਨੌਜਵਾਨ ਦੀ ਪੁਲਿਸ ਮੁਕਾਬਲੇ ਦੌਰਾਨ ਮੌਤ 'ਤੇ ਦੋਸ਼ ਲਗਾਉਦਿਆਂ ਕਿਹਾ ਕਿ ਇਹ ਮੁਕਾਬਲਾ ਪੁਲਿਸ ਵੱਲੋਂ ਬਣਾਈ ਗਈ ਮਨਘੜਤ ਕਹਾਣੀ ਹੈ। ਮਾਨ ਨੇ ਕਿਹਾ ਕਿ ਮ੍ਰਿਤਕ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਦੇ ਅਨੁਸਾਰ ਨੌਜਵਾਨ ਨੂੰ ਘਰ ਤੋਂ ਲੈ ਜਾਇਆ ਗਿਆ ਸੀ, ਪਰ ਬਾਅਦ ਵਿੱਚ ਹਥਿਆਰਾਂ ਦੀ ਬਰਾਮਦਗੀ ਅਤੇ ਫਰਾਰ ਹੋਣ ਦੀ ਕਹਾਣੀ ਬਣਾਕੇ ਮੁਕਾਬਲੇ ਦਾ ਰੂਪ ਦਿੱਤਾ ਗਿਆ। ਉਨ੍ਹਾਂ ਇਸਨੂੰ ਜਾਬਰ ਰਵੱਈਏ ਦੀ ਦੁਹਰਾਈ ਕਰਾਰ ਦਿੰਦਿਆਂ ਨਿਰਪੱਖ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ।

### ਗਿਆਨੀ ਹਰਪ੍ਰੀਤ ਸਿੰਘ ਦਾ ਪ੍ਰਤੀਕਰਮ



ਗਿਆਨੀ ਹਰਪ੍ਰੀਤ ਸਿੰਘ ਨੇ ਗੁਰਦਾਸਪੁਰ ਵਿੱਚ 19 ਸਾਲਾ ਸਿੱਖ ਨੌਜਵਾਨ ਦੀ ਪੁਲਿਸ ਮੁਕਾਬਲੇ ਦੌਰਾਨ ਮੌਤ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਵੱਲੋਂ ਉਠਾਏ ਗਏ ਸਵਾਲ ਨਿਰਪੱਖ ਅਤੇ ਗਹਿਰੀ ਜਾਂਚ ਦੀ ਮੰਗ ਕਰਦੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਅਤੇ ਪੁਲਿਸ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਝੂਠੇ ਮੁਕਾਬਲਿਆਂ ਦਾ ਸਹਾਰਾ ਲੈ ਰਹੇ ਹਨ। ਉਨ੍ਹਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਮਾਮਲੇ ਦਾ ਖੁਦ ਨੋਟਿਸ ਲੈ ਕੇ ਸੁਤੰਤਰ ਜਾਂਚ ਦੇ ਹੁਕਮ ਜਾਰੀ ਕਰਨ ਦੀ ਮੰਗ ਕੀਤੀ।

### ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦਾ ਪ੍ਰਤੀਕਰਮ



ਵਿਰਸਾ ਸਿੰਘ ਵਲਟੋਹਾ ਨੇ ਨੌਜਵਾਨ ਰਣਜੀਤ ਸਿੰਘ ਨਾਲ ਹੋਏ ਪੁਲਿਸ ਮੁਕਾਬਲੇ 'ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪਹਿਲੀ ਨਜ਼ਰ ਵਿੱਚ ਹੀ ਇਹ ਮੁਕਾਬਲਾ ਸ਼ੱਕੀ ਲੱਗਦਾ ਹੈ ਅਤੇ ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

ਉਨ੍ਹਾਂ ਸਵਾਲ ਕੀਤਾ ਕਿ ਕੀ ਸਰਕਾਰ ਅਤੇ ਪੁਲਿਸ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਇੱਕ ਨੌਜਵਾਨ ਨੂੰ ਗੋਲੀ ਦਾ ਸ਼ਿਕਾਰ ਬਣਾ ਰਹੇ ਹਨ? ਉਨ੍ਹਾਂ ਮੰਗ ਕੀਤੀ ਕਿ ਹਾਈਕੋਰਟ ਇਸ ਮਾਮਲੇ ਵਿੱਚ ਦਖ਼ਲ ਦੇ ਕੇ ਮੁਕਾਬਲੇ ਦੀ 329 ਜਾਂਚ ਦੇ ਆਦੇਸ਼ ਜਾਰੀ ਕਰੇ, ਤਾਂ ਜੋ ਸੱਚਾਈ ਸਾਹਮਣੇ ਆ ਸਕੇ।

### ਸ. ਅਜੇਪਾਲ ਸਿੰਘ ਬਰਾੜ (ਪ੍ਰਧਾਨ ਮਿਸਲ ਸਤਲੁਜ) ਦਾ ਪ੍ਰਤੀਕਰਮ



ਮਿਸਲ ਸਤਲੁਜ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਨੇ ਰਣਜੀਤ ਸਿੰਘ ਦੀ ਮੌਤ ਨੂੰ ਕਤਲ ਕਰਾਰ ਦਿੰਦਿਆਂ ਕਿਹਾ ਹੈ ਕਿ ਜੇ ਅੱਜ ਇਸ ਮਾਮਲੇ 'ਚ ਆਵਾਜ਼ ਨਾ ਉਠਾਈ ਗਈ ਤਾਂ ਇਹ ਰਵਾਇਤ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਸਮੂਹ ਸੰਗਠਨਾਂ ਅਤੇ ਕੌਮੀ ਤਾਕਤਾਂ ਨੂੰ ਇਕੱਠੇ ਹੋ ਕੇ ਇਸ ਮਾਮਲੇ ਵਿੱਚ ਲਾਮਬੰਦ ਹੋਣਾ ਚਾਹੀਦਾ ਹੈ, ਤਾਂ ਜੋ ਰਣਜੀਤ ਸਿੰਘ ਨੂੰ ਇਨਸਾਫ਼ ਮਿਲ ਸਕੇ। ਬਰਾੜ ਨੇ ਨਿਰਪੱਖ ਜਾਂਚ ਅਤੇ ਜ਼ਿੰਮੇਵਾਰਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ।

### ਵਿਦਿਆਰਥੀ ਜਥੇਬੰਦੀ ਸੱਥ ਦਾ ਪ੍ਰਤੀਕਰਮ

ਵਿਦਿਆਰਥੀ ਜਥੇਬੰਦੀ ਸੱਥ ਨੇ ਗੁਰਦਾਸਪੁਰ ਵਿੱਚ 19 ਸਾਲਾ ਨੌਜਵਾਨ ਰਣਜੀਤ ਸਿੰਘ ਦੇ ਪੁਲਿਸ ਮੁਕਾਬਲੇ ਨੂੰ ਝੂਠਾ ਕਰਾਰ ਦਿੰਦਿਆਂ ਕਿਹਾ ਕਿ ਪੁਲਿਸ ਵੱਲੋਂ ਪੇਸ਼ ਕੀਤੀ ਗਈ ਕਹਾਣੀ ਮਨਘੜਤ ਹੈ ਅਤੇ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

ਜਥੇਬੰਦੀ ਨੇ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸਾਰ ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਵਿੱਚ ਕਈ ਮੁਕਾਬਲੇ ਦਰਸਾਏ ਗਏ ਹਨ, ਜਿਸ ਨਾਲ ਲੋਕਾਂ ਵਿੱਚ ਚਿੰਤਾ ਦਾ ਮਾਹੌਲ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਰਾਜ ਵਿੱਚ ਕਾਨੂੰਨ-ਵਿਵਸਥਾ ਦੀ ਸਥਿਤੀ 'ਤੇ ਗੰਭੀਰ ਸਵਾਲ ਖੜ੍ਹਦੇ ਹਨ। ਸੱਥ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਵਿੱਚ ਇਕੱਠੇ ਹੋ ਕੇ ਨਿਰਪੱਖ ਜਾਂਚ ਅਤੇ ਇਨਸਾਫ਼ ਦੀ ਮੰਗ ਕੀਤੀ ਜਾਵੇ। ਜਥੇਬੰਦੀ ਨੇ ਚੇਤਾਵਨੀ ਦਿੱਤੀ ਕਿ ਜੇ ਅਜਿਹੀਆਂ ਘਟਨਾਵਾਂ 'ਤੇ ਰੋਕ ਨਾ ਲਗਾਈ ਗਈ ਤਾਂ ਇਸਦੇ ਗੰਭੀਰ ਨਤੀਜੇ ਸਾਹਮਣੇ ਆ ਸਕਦੇ ਹਨ।

### ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦਾ ਪ੍ਰਤੀਕਰਮ

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਪੁਲਿਸ ਵੱਲੋਂ ਕੀਤੇ ਗਏ ਕਥਿਤ ਮੁਕਾਬਲੇ ਦੌਰਾਨ ਨੌਜਵਾਨ ਰਣਜੀਤ ਸਿੰਘ ਦੀ ਮੌਤ ਦੀ ਘਟਨਾ ਨੂੰ ਮਨੁੱਖੀ ਅਧਿਕਾਰਾਂ ਦੀ ਸੰਭਾਵਿਤ ਉਲੰਘਣਾ ਕਰਾਰ ਦਿੰਦਿਆਂ ਪੰਜਾਬ ਸਰਕਾਰ ਤੋਂ ਉੱਚ ਪੱਧਰੀ ਨਿਆਇਕ ਜਾਂਚ ਦੀ ਮੰਗ ਕੀਤੀ ਹੈ। ਸੰਗਠਨ ਦੇ ਨੁਮਾਇੰਦਿਆਂ ਅਨੁਸਾਰ ਮੁਕਾਬਲੇ ਦੇ ਹਾਲਾਤ ਅਤੇ ਤੱਥ ਕਈ ਸਵਾਲ ਖੜ੍ਹੇ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੋਣਾ ਲਾਜ਼ਮੀ ਹੈ ਕਿ ਕੀ ਇਹ ਵਾਕਈ ਮੁਕਾਬਲਾ ਸੀ ਜਾਂ ਕਿਸੇ ਹੋਰ ਕਿਸਮ ਦੀ ਘਟਨਾ। ਉਨ੍ਹਾਂ ਦਾ ਮੰਨਣਾ ਹੈ ਕਿ ਪੁਲਿਸ ਦੀ ਅੰਦਰੂਨੀ ਜਾਂਚ ਦੀ ਬਜਾਏ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਨਿਰਪੱਖ ਨਿਆਇਕ ਕਮਿਸ਼ਨ ਬਣਾਇਆ ਜਾਵੇ, ਤਾਂ ਜੋ ਲੋਕਾਂ ਦਾ ਇਨਸਾਫ਼ 'ਤੇ ਭਰੋਸਾ ਬਣਿਆ ਰਹੇ ਸੰਗਠਨ ਨੇ ਮੰਗ ਕੀਤੀ ਹੈ ਕਿ ਜਾਂਚ ਪੂਰੀ ਹੋਣ ਤੱਕ ਸਬੰਧਿਤ ਪੁਲਿਸ ਅਧਿਕਾਰੀਆਂ ਨੂੰ ਅਹੁਦਿਆਂ ਤੋਂ ਲਾਂਭੇ ਕੀਤਾ ਜਾਵੇ ਅਤੇ ਰਣਜੀਤ ਸਿੰਘ ਦੇ ਪਰਿਵਾਰ ਨੂੰ ਸੁਰੱਖਿਆ ਅਤੇ ਬਣਦਾ ਇਨਸਾਫ਼ ਦਿੱਤਾ ਜਾਵੇ।

ਸੰਗਠਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਵੱਲੋਂ ਜਲਦ ਕੋਈ ਠੋਸ ਕਦਮ ਨਾ ਚੁੱਕਿਆ ਗਿਆ ਤਾਂ ਮਾਮਲਾ ਕੌਮੀ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਕੋਲ ਵੀ ਲਿਜਾਇਆ ਜਾਵੇਗਾ।

# ਇਰਾਨ-ਇਜ਼ਰਾਇਲ ਸੰਘਰਸ਼: ਤਹਿਰਾਨ 'ਚ ਵਸਦੇ ਸਿੱਖਾਂ ਨਾਲ ਸੰਪਰਕ ਟੁੱਟਿਆ, ਪਰਿਵਾਰ ਚਿੰਤਤ

## 'ਭਾਈ ਗੰਗਾ ਸਿੰਘ ਗੁਰਦੁਆਰਾ' ਜੰਗ ਦੇ ਮਾਹੌਲ ਵਿੱਚ ਸਿੱਖਾਂ ਲਈ ਆਸਥਾ ਅਤੇ ਪਨਾਹ ਦਾ ਬਣਿਆ ਸਹਾਰਾ







ਤਹਿਰਾਨ/ਏ.ਟੀ.ਨਿਊਜ਼: ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਕੀਤੇ ਜਾ ਰਹੇ ਹਮਲਿਆਂ ਕਾਰਨ ਇਰਾਨ ਵਿੱਚ ਰਹਿਣ ਵਾਲੇ ਭਾਰਤੀਆਂ, ਖਾਸ ਕਰਕੇ ਸਿੱਖ ਭਾਈਚਾਰੇ ਲਈ ਮੁਸ਼ਕਿਲਾਂ ਵਧ ਗਈਆਂ ਹਨ। ਤਹਿਰਾਨ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਘੱਟ (100 ਤੋਂ ਘੱਟ) ਹੈ, ਪਰ ਜੰਗ ਦੇ ਮਾਹੌਲ ਵਿੱਚ ਉਨ੍ਹਾਂ ਨਾਲ ਸੰਪਰਕ ਟੁੱਟਣ ਕਾਰਨ ਪਰਿਵਾਰਾਂ ਵਿੱਚ ਭਾਰੀ ਚਿੰਤਾ ਪਾਈ ਜਾ ਰਹੀ ਹੈ।

ਜੰਗ ਸ਼ੁਰੂ ਹੋਣ ਤੋਂ ਬਾਅਦ ਤਹਿਰਾਨ ਵਿੱਚ ਰਹਿੰਦੇ ਸਿੱਖਾਂ ਨਾਲ ਕਿਸੇ ਵੀ ਤਰ੍ਹਾਂ ਦਾ ਸੰਪਰਕ ਨਹੀਂ ਹੋ ਸਕਿਆ ਹੈ। ਸਿੱਖ ਵਪਾਰੀ ਅਮਰਦੀਪ ਸਿੰਘ ਆਨੰਦ, ਜੋ ਇਸ ਸਮੇਂ ਭਾਰਤ ਵਿੱਚ ਹਨ, ਨੇ ਦੱਸਿਆ ਕਿ ਜੰਗ ਸ਼ੁਰੂ ਹੋਣ ਵਾਲੇ ਦਿਨ ਹੀ ਉਨ੍ਹਾਂ ਦੀ ਆਪਣੇ ਜਾਣਕਾਰਾਂ ਨਾਲ ਆਖਰੀ ਵਾਰ ਗੱਲ ਹੋਈ ਸੀ। ਉਨ੍ਹਾਂ ਨੂੰ ਉਮੀਦ ਹੈ ਕਿ ਸਿੱਖ ਭਾਈਚਾਰੇ ਦੇ ਲੋਕ ਸ਼ਾਇਦ ਗੁਰਦੁਆਰਾ ਸਾਹਿਬ ਵਿੱਚ ਸ਼ਰਨ ਲਈ ਬੈਠੇ ਹੋਣਗੇ ਜਾਂ ਸ਼ਹਿਰ ਤੋਂ ਬਾਹਰ ਚਲੇ ਗਏ ਹੋਣਗੇ, ਪਰ ਕੋਈ ਵੀ ਪੁਖਤਾ ਜਾਣਕਾਰੀ ਉਪਲਬਧ ਨਹੀਂ ਹੈ।

ਗੁਰਦੁਆਰਾ ਭਾਈ ਗੰਗਾ ਸਿੰਘ ਸਭਾ: ਆਸਥਾ ਅਤੇ ਆਸਰੇ ਦਾ ਕੇਂਦਰ

1941 ਵਿੱਚ ਸਥਾਪਿਤ 'ਭਾਈ ਗੰਗਾ ਸਿੰਘ ਸਭਾ ਗੁਰਦੁਆਰਾ' ਦਹਾਕਿਆਂ ਤੋਂ ਇਰਾਨ ਵਿੱਚ ਵਸਦੇ ਸਿੱਖਾਂ ਲਈ ਆਸਥਾ ਅਤੇ ਸੁਰੱਖਿਆ ਦਾ ਕੇਂਦਰ ਰਿਹਾ ਹੈ। ਇੱਥੇ ਦੇਸ਼-ਵਿਦੇਸ਼ ਦੀਆਂ ਕਈ ਵੱਡੀਆਂ ਹਸਤੀਆਂ, ਜਿਨ੍ਹਾਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਲ ਹਨ, ਨਤਮਸਤਕ ਹੋ ਚੁੱਕੇ ਹਨ। ਅਜਿਹੇ ਮਾਹੌਲ ਵਿੱਚ ਇਹ ਗੁਰਦੁਆਰਾ ਸਾਹਿਬ ਭਾਈਚਾਰੇ ਲਈ ਸਭ ਤੋਂ ਵੱਡਾ ਸਹਾਰਾ ਬਣਿਆ ਹੋਇਆ ਹੈ।

ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਥੇ ਸਥਿਤ 'ਕੇਂਦਰੀ ਵਿਦਿਆਲਿਆ-ਤਹਿਰਾਨ', ਜਿੱਥੇ ਸਿੱਖ ਅਤੇ ਹੋਰ ਭਾਰਤੀ ਬੱਚੇ ਪੜ੍ਹਦੇ ਹਨ, ਵਿੱਚ ਬੋਰਡ ਦੀਆਂ ਪ੍ਰੀਖਿਆਵਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

ਭਾਰਤੀ ਸਿੱਖਾਂ ਨੇ ਹਮੇਸ਼ਾ ਇਰਾਨ ਵਿੱਚ ਆਪਣੀ ਧਾਰਮਿਕ ਪਛਾਣ ਪ੍ਰਤੀ ਮਿਲੇ ਸਤਿਕਾਰ ਦੀ ਸ਼ਲਾਘਾ ਕੀਤੀ ਹੈ। ਇਰਾਨੀ ਪ੍ਰਸ਼ਾਸਨ ਨੇ ਸਿੱਖਾਂ ਨੂੰ ਦਸਤਾਰ ਸਮੇਤ ਸਰਕਾਰੀ ਦਸਤਾਵੇਜ਼ਾਂ ਅਤੇ ਫੋਟੋਆਂ ਖਿਚਵਾਉਣ ਦੀ ਇਜਾਜ਼ਤ ਦਿੱਤੀ ਸੀ, ਜਿਸ ਨੂੰ ਸਿੱਖ ਭਾਈਚਾਰਾ ਇੱਕ ਵੱਡਾ ਮਾਣ ਮੰਨਦਾ ਹੈ। ਇਰਾਨ ਵਿੱਚ ਸਿੱਖ ਭਾਈਚਾਰੇ ਦੀ ਆਰਥਿਕ ਸਥਿਤੀ ਇਤਿਹਾਸਕ ਤੌਰ 'ਤੇ ਵਪਾਰ ਨਾਲ ਜੁੜੀ ਰਹੀ ਹੈ:

ਇੱਥੇ ਜ਼ਿਕਰਯੋਗ ਹੈ ਕਿ ਇਹ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਇਤਿਹਾਸਕ ਰਿਕਾਰਡਾਂ ਅਨੁਸਾਰ, ਕਿਸੇ ਵੀ ਗੁਰੂ ਸਾਹਿਬ ਨੇ ਇਰਾਨ ਵਿੱਚ ਕੋਈ ਸਥਾਈ ਗੁਰਦੁਆਰਾ ਸਥਾਪਿਤ ਨਹੀਂ ਕੀਤਾ ਸੀ। ਹਾਲਾਂਕਿ, ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ (ਯਾਤਰਾਵਾਂ) ਦੌਰਾਨ ਬਗਦਾਦ (ਜੋ ਉਸ ਸਮੇਂ ਦੇ ਫਾਰਸੀ ਪ੍ਰਭਾਵ ਵਾਲੇ ਇਲਾਕੇ ਦੇ ਨੇੜੇ ਸੀ) ਦੀ ਯਾਤਰਾ ਜ਼ਰੂਰ ਕੀਤੀ ਸੀ। ਇਰਾਨ ਵਿੱਚ ਸਿੱਖਾਂ ਦੀ ਮੌਜੂਦਗੀ ਦਾ ਇਤਿਹਾਸ ਮੁੱਖ ਤੌਰ 'ਤੇ ਆਧੁਨਿਕ ਕਾਲ ਦੀ ਆਰਥਿਕ ਪ੍ਰਵਾਸ ਨਾਲ ਜੁੜਿਆ ਹੈ।

ਸਿੱਖਾਂ ਦੇ ਇਰਾਨ ਪਹੁੰਚਣ ਦੀ ਸ਼ੁਰੂਆਤ

ਇਰਾਨ ਵਿੱਚ ਸਿੱਖਾਂ ਦੇ ਜੜ੍ਹਾਂ ਲਗਾਉਣ ਦਾ ਸਫ਼ਰ 20ਵੀਂ ਸਦੀ ਦੇ ਸ਼ੁਰੂ (ਲਗਭਗ 1900-1930 ਦੇ ਦਹਾਕੇ) ਵਿੱਚ ਸ਼ੁਰੂ ਹੋਇਆ:

ਵਪਾਰਕ ਮੌਕੇ: ਉਸ ਸਮੇਂ ਪੰਜਾਬੀ ਵਪਾਰੀ ਕਾਰੋਬਾਰ ਦੀ ਭਾਲ ਵਿੱਚ ਮੱਧ ਏਸ਼ੀਆ ਅਤੇ ਇਰਾਨ ਵੱਲ ਗਏ। ਇਹ ਉਹ ਦੌਰ ਸੀ ਜਦੋਂ ਇਰਾਨ ਵਿੱਚ ਤੇਲ ਉਦਯੋਗ ਦਾ ਵਿਕਾਸ ਹੋ ਰਿਹਾ ਸੀ ਅਤੇ ਵਪਾਰਕ ਰਸਤੇ ਖੁੱਲ੍ਹ ਰਹੇ ਸਨ।

ਜਾਹੇਦਾਨ ਤੋਂ ਸ਼ੁਰੂਆਤ: ਪਹਿਲਾਂ ਬਹੁਤ ਸਾਰੇ ਸਿੱਖ ਇਰਾਨ ਦੇ ਦੱਖਣ-ਪੂਰਬੀ ਸ਼ਹਿਰ 'ਜਾਹੇਦਾਨ' ਵਿੱਚ ਵਸੇ। ਇਹ ਸ਼ਹਿਰ ਪਾਕਿਸਤਾਨ-ਇਰਾਨ ਸਰਹੱਦ ਦੇ ਨੇੜੇ ਹੋਣ ਕਾਰਨ ਵਪਾਰ ਲਈ ਮੁੱਖ ਕੇਂਦਰ ਸੀ। ਇੱਥੇ ਸਿੱਖਾਂ ਨੇ ਆਪਣੀਆਂ ਦੁਕਾਨਾਂ ਅਤੇ ਕਾਰੋਬਾਰ ਸਥਾਪਿਤ ਕੀਤੇ।

ਤਹਿਰਾਨ ਵੱਲ ਪ੍ਰਵਾਸ: ਸਮੇਂ ਦੇ ਨਾਲ, ਜਿਵੇਂ-ਜਿਵੇਂ ਇਰਾਨ ਦੀ ਰਾਜਧਾਨੀ ਤਹਿਰਾਨ ਇੱਕ ਆਰਥਿਕ ਕੇਂਦਰ ਬਣਿਆ, ਸਿੱਖ ਪਰਿਵਾਰਾਂ ਨੇ ਉੱਥੇ ਰੁਖ ਕੀਤਾ। 1940 ਦੇ ਦਹਾਕੇ ਤੱਕ ਤਹਿਰਾਨ ਸਿੱਖ ਭਾਈਚਾਰੇ ਦਾ ਮੁੱਖ ਕੇਂਦਰ ਬਣ ਗਿਆ।

ਸਿੱਖ ਮੁੱਖ ਤੌਰ 'ਤੇ ਵਪਾਰੀ ਸਨ। ਉਹ ਆਟੋ ਪਾਰਟਸ, ਨਿਰਮਾਣ ਅਤੇ ਆਯਾਤ-ਨਿਰਯਾਤ ਦੇ ਕਾਰੋਬਾਰ ਵਿੱਚ ਬਹੁਤ ਸਫਲ ਰਹੇ। ਉਨ੍ਹਾਂ ਦੀ ਮਿਹਨਤ ਅਤੇ ਇਮਾਨਦਾਰੀ ਕਾਰਨ ਉਹ ਇਰਾਨੀ ਸਮਾਜ ਵਿੱਚ ਇੱਕ ਚੰਗੇ ਅਤੇ ਭਰੋਸੇਯੋਗ ਵਪਾਰੀ ਵਜੋਂ ਜਾਣੇ ਜਾਂਦੇ ਹਨ। ਸਿੱਖ ਉੱਥੇ ਇੱਕ ਬਹੁਤ ਹੀ ਛੋਟੀ ਘੱਟਗਿਣਤੀ ਹਨ ਅਤੇ ਇਰਾਨੀ ਸਰਕਾਰ ਦੁਆਰਾ ਉਨ੍ਹਾਂ ਨੂੰ ਇੱਕ 'ਅਧਿਕਾਰਤ ਘੱਟਗਿਣਤੀ' ਵਜੋਂ ਮਾਨਤਾ ਪ੍ਰਾਪਤ ਨਹੀਂ ਹੈ। ਉਹ ਇਰਾਨ ਦੇ ਨਾਗਰਿਕ ਹਨ, ਇਸ ਲਈ ਉਨ੍ਹਾਂ ਨੂੰ ਉੱਥੋਂ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਪੈਂਦੀ ਹੈ। ਉਨ੍ਹਾਂ ਦਾ ਮੁੱਖ ਧਿਆਨ ਆਪਣੇ ਕਾਰੋਬਾਰ ਅਤੇ ਧਾਰਮਿਕ ਅਭਿਆਸਾਂ 'ਤੇ ਹੀ ਕੇਂਦਰਿਤ ਰਹਿੰਦਾ ਹੈ। ਇਰਾਨੀ ਲੋਕਾਂ ਅਤੇ ਸਿੱਖ ਭਾਈਚਾਰੇ ਵਿਚਕਾਰ ਸਬੰਧ ਇਤਿਹਾਸਕ ਤੌਰ 'ਤੇ ਬਹੁਤ ਸੁਖਾਵੇਂ ਅਤੇ ਸਤਿਕਾਰਯੋਗ ਰਹੇ ਹਨ:

ਇਰਾਨੀਆਂ ਨੇ ਸਿੱਖਾਂ ਨੂੰ ਹਮੇਸ਼ਾ ਆਪਣਾ ਸਮਝਿਆ ਹੈ। ਸਿੱਖਾਂ ਨੂੰ ਆਪਣੀ ਦਸਤਾਰ ਸਜਾਉਣ ਅਤੇ ਆਪਣੀ ਧਾਰਮਿਕ ਪਛਾਣ ਬਰਕਰਾਰ ਰੱਖਣ ਦੀ ਪੂਰੀ ਆਜ਼ਾਦੀ ਰਹੀ ਹੈ, ਜਿਸ ਦੀ ਸਿੱਖ ਭਾਈਚਾਰਾ ਅਕਸਰ ਸ਼ਲਾਘਾ ਕਰਦਾ ਹੈ। ਇਰਾਨੀ ਸਰਕਾਰ ਅਤੇ ਲੋਕਾਂ ਨੇ ਸਿੱਖਾਂ ਨੂੰ ਉਨ੍ਹਾਂ ਦੀ ਵਫਾਦਾਰੀ ਅਤੇ ਸ਼ਾਂਤੀਪੂਰਨ ਸੁਭਾਅ ਕਾਰਨ ਪਸੰਦ ਕੀਤਾ ਹੈ। ਸਿੱਖ ਵੀ ਇਰਾਨ ਨੂੰ ਆਪਣਾ ਘਰ ਮੰਨਦੇ ਹਨ। ਕਈ ਇਰਾਨੀ ਆਪਣੇ ਕੰਮਕਾਜੀ ਜੀਵਨ ਵਿੱਚ ਸਿੱਖਾਂ ਨਾਲ ਮਿਲ ਕੇ ਕੰਮ ਕਰਦੇ ਹਨ ਅਤੇ ਆਪਸੀ ਭਾਈਚਾਰਕ ਸਾਂਝ ਬਣੀ ਹੋਈ ਹੈ।

ਆਮ ਤੌਰ 'ਤੇ, ਜਦੋਂ ਵੀ ਵਿਦੇਸ਼ ਵਿੱਚ ਭਾਰਤੀ ਨਾਗਰਿਕ ਕਿਸੇ ਸੰਕਟ ਵਿੱਚ ਹੁੰਦੇ ਹਨ, ਤਾਂ ਭਾਰਤ ਦਾ ਵਿਦੇਸ਼ ਮੰਤਰਾਲਾ ਅਤੇ ਉੱਥੇ ਸਥਿਤ ਭਾਰਤੀ ਦੂਤਾਵਾਸ ਸਥਿਤੀ 'ਤੇ ਨਜ਼ਰ ਰੱਖਦੇ ਹਨ। ਇਸ ਖਾਸ ਘਟਨਾ ਵਿੱਚ ਅਧਿਕਾਰਤ ਪੱਧਰ 'ਤੇ ਕੋਈ ਜਨਤਕ ਬਿਆਨ ਅਜੇ ਸਾਹਮਣੇ ਨਹੀਂ ਆਇਆ ਹੈ।

# ਸ਼੍ਰੋਮਣੀ ਕਮੇਟੀ ਦੀਆਂ ਜਾਇਦਾਦਾਂ 'ਚ ਹੋਇਆ ਵੱਡਾ ਵਾਧਾ: ਧਾਮੀ

## ਸਿੱਖੀ ਪ੍ਰਚਾਰ, ਵਿੱਦਿਆ ਦੇ ਪ੍ਰਸਾਰ ਅਤੇ ਸਿਹਤ ਸਹੂਲਤਾਂ ਲਈ ਲਗਾਤਾਰ ਕਾਰਜ ਜਾਰੀ

**ਐਡਵੋਕੇਟ ਧਾਮੀ ਨੇ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਤਬਦੀਲ ਕੀਤੀ ਗਈ ਸਿੱਟ 'ਤੇ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਕੇਵਲ ਸਿਆਸਤ ਕਰਨਾ ਹੈ। ਜੇਕਰ ਸਿਟ ਤਬਦੀਲ ਹੀ ਕਰਨੀ ਸੀ ਤਾਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਗੁਰਸਿੱਖ ਅਫ਼ਸਰ ਸ਼ਾਮਲ ਕੀਤੇ ਜਾਂਦੇ। ਉਨ੍ਹਾਂ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਦੀ ਜ਼ਮੀਨ ਦੇ ਮਾਮਲੇ ਸਬੰਧੀ ਕਿਹਾ ਕਿ ਇਸ ਵਿੱਚ ਐਫਆਈਆਰ ਦਰਜ ਕਰਵਾਉਣ ਬਾਅਦ ਵੀ ਪੁਲਿਸ ਦੀ ਕਾਰਗੁਜ਼ਾਰੀ ਨਿਰਾਸ਼ਾਜਨਕ ਹੈ।**



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੁੱਖ ਦਫ਼ਤਰ ਵਿਖੇ ਹੋਈ ਉਚੇਚੀ ਇਕੱਤਰਤਾ ਤੋਂ ਬਾਅਦ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਾਇਦਾਦਾਂ ਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵਿਰੁੱਧ ਕੁਝ ਲੋਕਾਂ ਵੱਲੋਂ ਝੂਠਾ ਬਿਰਤਾਂਤ ਸਿਰਜ ਕੇ ਸੰਗਤ ਵਿੱਚ ਭਰਮ-ਭੁਲੇਖਾ ਪੈਦਾ ਕੀਤਾ ਜਾ ਰਿਹਾ ਹੈ ਪ੍ਰੰਤੂ ਸੱਚਾਈ ਇਹ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਜਿਥੇ ਵੱਡੇ ਪੱਧਰ 'ਤੇ ਜਾਇਦਾਦਾਂ ਦੀ ਖਰੀਦ ਕੀਤੀ ਹੈ, ਉਥੇ ਹੀ ਗੁਰਦੁਆਰਾ ਸਾਹਿਬਾਨ, ਸ਼੍ਰੋਮਣੀ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਦੀਆਂ ਵਿੱਤੀ ਜਮ੍ਹਾਂ ਪੂੰਜੀ ਵਿੱਚ ਵੀ ਵੱਡਾ ਵਾਧਾ ਦਰਜ ਹੋਇਆ ਹੈ।ਧਾਮੀ ਨੇ ਦੱਸਿਆ ਕਿ ਸਾਲ 2020-2021 ਤੋਂ 2025-2026 ਦੌਰਾਨ ਜਿੱਥੇ 111 ਕਰੋੜ ਦੇ ਕਰੀਬ ਜਾਇਦਾਦ ਦੀ ਖਰੀਦੀ ਗਈ, ਉਥੇ ਹੀ ਗੁਰਦੁਆਰਿਆਂ ਦੇ ਬਜਟ ਵਿੱਚ 577 ਕਰੋੜ ਤੋਂ 1120 ਕਰੋੜ ਰੁਪਏ ਤੱਕ ਦਾ ਵਾਧਾ ਹੋਇਆ। ਉਨ੍ਹਾਂ ਐੱਫਡੀਆਰ ਦੇ ਸਬੰਧ ਵਿਚ ਦੱਸਿਆ ਕਿ ਇਸ ਅਰਸੇ ਦੌਰਾਨ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀ ਜਮ੍ਹਾਂ ਪੂੰਜੀ ਵਿੱਚ 600 ਕਰੋੜ ਦਾ ਵਾਧਾ ਹੋਇਆ ਹੈ। ਇਸ ਸਬੰਧ ਵਿੱਚ ਧਾਮੀ ਨੇ ਵੱਖ-ਵੱਖ ਗੁਰਦੁਆਰਿਆਂ ਦੀ ਜਮ੍ਹਾਂ ਪੂੰਜੀ ਦੇ ਵਾਧੇ ਬਾਰੇ ਖੁਲਾਸਾ ਵੀ ਕੀਤਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸਾਹਿਬਾਨ ਤੋਂ ਇਲਾਵਾ ਸਾਲ 2020-2021 ਤੋਂ 2025-2026 ਦੌਰਾਨ ਸ਼੍ਰੋਮਣੀ ਕਮੇਟੀ ਦੀਆਂ ਐੱਫਡੀਆਰ ਵਿੱਚ 273 ਕਰੋੜ 60 ਲੱਖ ਰੁਪਏ, ਧਰਮ ਪ੍ਰਚਾਰ ਕਮੇਟੀ ਵਿਖੇ 121 ਕਰੋੜ 45 ਲੱਖ ਰੁਪਏ ਦਾ ਵਾਧਾ ਦਰਜ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਲਈ ਇਸ ਸਮੇਂ ਦੌਰਾਨ 182 ਕਰੋੜ ਰੁਪਏ ਵੱਖਰੇ ਤੌਰ 'ਤੇ ਸ਼੍ਰੋਮਣੀ ਕਮੇਟੀ ਅਤੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਤੋਂ ਫੰਡ ਦਿੱਤੇ ਗਏ ਹਨ। ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਵਾਸਤੇ 5 ਕਰੋੜ ਰੁਪਏ ਰਾਖਵੇਂ ਰੱਖੇ ਗਏ ਸਨ, ਜਦਕਿ ਸੰਗਤ ਵੱਲੋਂ ਪ੍ਰਗਟਾਈ ਗਈ ਸ਼ਰਧਾ ਤਹਿਤ ਇਹ ਰਾਸ਼ੀ 7 ਲੱਖ ਦੇ ਹੋਰ ਵਾਧੇ ਨਾਲ ਜਮ੍ਹਾਂ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਖਰੀਦ ਕੀਤੀਆਂ ਗਈਆਂ ਜਾਇਦਾਦਾਂ ਦੀ ਅੱਜ ਕੀਮਤ ਵੀ ਕਈ ਗੁਣਾਂ ਵੱਧ ਚੁੱਕੀ ਹੈ। ਇਹ ਸੰਗਤ ਦੇ ਸਹਿਯੋਗ ਅਤੇ ਗੁਰੂ ਘਰਾਂ ਪ੍ਰਤੀ ਸ਼ਰਧਾ ਦੇ ਨਾਲ ਹੀ ਸੰਭਵ ਹੋਇਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਉਹ ਸਿੱਖੀ ਪ੍ਰਚਾਰ, ਵਿੱਦਿਆ ਦੇ ਪ੍ਰਸਾਰ ਅਤੇ ਸਿਹਤ ਸਹੂਲਤਾਂ ਲਈ ਲਗਾਤਾਰ ਕਾਰਜ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਪਿਛਲੇ ਪੰਜ ਸਾਲਾਂ ਦੌਰਾਨ ਚਾਰ ਲੱਖ ਤੋਂ ਵੱਧ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ ਗਿਆ ਹੈ ਅਤੇ ਅਪ੍ਰੈਲ ਤੱਕ 51 ਹਜ਼ਾਰ ਦਾ ਹੋਰ ਟੀਚਾ ਹੈ। ਉਨ੍ਹਾਂ ਕਿਹਾ ਕਿ ਇਸ ਵਿਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਕਰਮਚਾਰੀਆਂ ਦੀ ਵੀ ਮਿਹਨਤ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਪਿਛਲੇ ਸਮੇਂ ਮਹਿੰਗਾਈ ਭੱਤਾ ਦੇਣਾ ਸੀ, ਪਰ ਕੁਝ ਹਾਲਾਤ ਗਲਤ ਬਣਦੇ ਰਹੇ, ਜਲਦ ਹੀ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਦਿੱਤਾ ਜਾਵੇਗਾ।

ਇਕੱਤਰਤਾ 'ਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਸ਼ਾਹਬਾਜ਼ ਸਿੰਘ, ਅਮਨਬੀਰ ਸਿੰਘ ਸਿਆਲੀ ਆਦਿ ਮੌਜੂਦ ਸਨ।

## ਸ਼੍ਰੋਮਣੀ ਕਮੇਟੀ ਦੇ ਪੱਛਮੀ ਪਹਿਰਾਵੇ ਵਿੱਚ ਆਏ 20 ਮੁਲਾਜ਼ਮਾਂ ਨੂੰ ਲਾਇਆ ਜੁਰਮਾਨਾ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਸਥਾ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਪਿਛਲੇ ਦਿਨੀਂ ਇੱਕ ਮੀਟਿੰਗ ਦੌਰਾਨ ਪੱਛਮੀ ਪਹਿਰਾਵਾ (ਕੋਟ, ਪੈਂਟ, ਜੀਨਸ ਤੇ ਸੂਟ) ਪਾ ਕੇ ਆਏ ਲਗਭਗ 20 ਮੈਨੇਜਰਾਂ ਅਤੇ ਅਕਾਊਂਟੈਂਟਾਂ ਨੂੰ ਪ੍ਰਧਾਨ ਨੇ ਸਖ਼ਤ ਤਾੜਨਾ ਕੀਤੀ। ਧਾਮੀ ਨੇ ਇਨ੍ਹਾਂ ਮੁਲਾਜ਼ਮਾਂ ਨੂੰ ਮਰਿਆਦਾ ਦੀ ਉਲੰਘਣਾ ਕਰਨ ਬਦਲੇ ਪ੍ਰਤੀ ਵਿਅਕਤੀ 2100 ਰੁਪਏ ਗੁਰੂ ਦੀ ਗੋਲਕ ਵਿੱਚ ਜਮ੍ਹਾ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ।ਇਹ ਕਾਰਵਾਈ ਧਾਰਾ 85 ਅਧੀਨ ਆਉਂਦੇ ਉਨ੍ਹਾਂ ਗੁਰਦੁਆਰਿਆਂ ਦੇ ਸਟਾਫ਼ ਦੀ ਮੀਟਿੰਗ ਦੌਰਾਨ ਹੋਈ, ਜਿਨ੍ਹਾਂ ਦਾ ਪ੍ਰਬੰਧ ਹਾਲ ਹੀ ਵਿੱਚ ਬਦਲਿਆ ਗਿਆ ਹੈ।ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਮੁਲਾਜ਼ਮਾਂ ਲਈ ਡਿਊਟੀ ਦੌਰਾਨ ਕੁੜਤਾ-ਪਜਾਮਾ ਪਹਿਨਣਾ ਲਾਜ਼ਮੀ ਕੀਤਾ ਗਿਆ ਹੈ, ਤਾਂ ਜੋ ਉਹ ਸ਼ਰਧਾਲੂਆਂ ਦੀ ਭੀੜ ਵਿੱਚ ਵੱਖਰੇ ਪਛਾਣੇ ਜਾ ਸਕਣ ਅਤੇ ਗੁਰਦੁਆਰਾ ਸਾਹਿਬਾਨ ਦੇ ਅਧਿਆਤਮਕ ਮਾਹੌਲ ਦੀ ਮਰਿਆਦਾ ਬਣੀ ਰਹੇ। ਇਹ ਸਖ਼ਤੀ ਅਜਿਹੇ ਸਮੇਂ ਆਈ ਹੈ ਜਦੋਂ ਅੰਬ ਸਾਹਿਬ ਗੁਰਦੁਆਰੇ ਦੀ ਜ਼ਮੀਨ ਦੇ ਵਿਵਾਦਤ ਸੌਦੇ ਨੂੰ ਲੈ ਕੇ ਸੰਸਥਾ ਪਹਿਲਾਂ ਹੀ ਸਿਆਸੀ ਨਿੰਦਾ ਦਾ ਸਾਹਮਣਾ ਕਰ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ (ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂ) ਨੇ ਇਸ ਮਾਮਲੇ ਵਿੱਚ ਉੱਚ ਅਧਿਕਾਰੀਆਂ ਨੂੰ ਬਚਾਉਣ ਦੇ ਦੋਸ਼ ਲਾਉਂਦਿਆਂ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕੇ ਹਨ। ਇਨ੍ਹਾਂ ਵਿਵਾਦਾਂ ਦਰਮਿਆਨ ਹੁਣ ਪ੍ਰਧਾਨ ਧਾਮੀ ਨੇ ਸਟਾਫ਼ ਵਿੱਚ ਅਨੁਸ਼ਾਸਨ ਨੂੰ ਲੈ ਕੇ ਸਖ਼ਤ ਰਵੱਈਆ ਅਪਣਾਇਆ ਹੈ।

## ਭ੍ਰਿਸ਼ਟਾਚਾਰ ਦੇ ਸਬੂਤਾਂ ਨੂੰ ਸੰਗਤ ਦੇ ਸਨਮੁੱਖ ਕਰਾਂਗਾ : ਗਿ. ਰਘਬੀਰ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਕਮੇਟੀ ਵੱਲੋਂ ਸੇਵਾ ਮੁਕਤ ਕਰਨ ਦੇ ਫੈਸਲੇ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਸ ਇਸ ਫੈਸਲੇ ਦਾ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਾਰੇ ਫੈਸਲੇ ਪਿੱਛੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਸਬੰਧੀ ਕੀਤਾ ਗਿਆ ਫੈਸਲਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਜੋ ਫੈਸਲਾ ਹੋਇਆ ਉਨ੍ਹਾਂ ਅਤੇ ਸੰਗਤ ਵੱਲੋਂ ਇਹੀ ਅਨੁਮਾਨ ਪਹਿਲਾਂ ਲਗਾਇਆ ਜਾ ਰਿਹਾ ਸੀ ਤੇ ਇਸ ਮੀਟਿੰਗ ਦੇ ਵਿੱਚ ਇਹੋ ਫੈਸਲਾ ਕੀਤਾ ਜਾ ਸਕਦਾ ਹੈ। ਜਿਸ ਫੈਸਲੇ ਦੀ ਉਮੀਦ ਸੀ ਸ਼੍ਰੋਮਣੀ ਕਮੇਟੀ ਨੇ ਉਹ ਹੀ ਫੈਸਲਾ ਕੀਤਾ ਹੈ, ਇਸ ਫੈਸਲੇ ਦਾ ਸਵਾਗਤ ਕਰਦੇ ਹਾਂ। ਕਿਸੇ ਪ੍ਰਕਾਰ ਦਾ ਦੁੱਖ ਨਹੀਂ ਹੈ, ਕਿਸੇ ਪ੍ਰਕਾਰ ਦਾ ਕੋਈ ਸ਼ਿਕਵਾ ਨਹੀਂ ਹੈ। ਇੱਕ ਬੇਨਤੀ ਮੈਂ ਸੰਗਤ ਨੂੰ ਜਰੂਰ ਕਰਨੀ ਚਾਹੁੰਦਾ ਹਾਂ ਕਿ ਇਸ ਸਾਰੇ ਵਰਤਾਰੇ ਪਿੱਛੇ ਦੋ ਦਸੰਬਰ ਹੈ, ਜੇਕਰ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਬਾਦਲਾਂ ਦੇ ਹੱਕ ਵਿੱਚ ਫੈਸਲੇ ਕੀਤੇ ਜਾਂਦੇ ਤੇ ਫਿਰ ਕਿਸੇ ਪ੍ਰਕਾਰ ਦੀ ਕੋਈ ਵੀ ਗਾਜ਼ ਉਹ ਸਾਡੇ 'ਤੇ ਨਹੀਂ ਆਉਣੀ ਸੀ। ਅਸੀਂ ਦੋ ਦਸੰਬਰ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਾਵਨ



ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਸ੍ਰੀ ਗੁਰੂ ਗ੍ਰੰਥ ਗ੍ਰੰਥ ਸਾਹਿਬ ਜੀ ਦੀ ਹਜੂਰੀ ਅਤੇ ਪੰਥ ਦੀ ਹਾਜ਼ਰੀ ਵਿੱਚ ਪੰਥ ਦੀਆਂ ਭਾਵਨਾਵਾਂ ਗੁਰਮਤਿ ਦੇ ਅਨੁਸਾਰ 2 ਦਸੰਬਰ 2024 ਨੂੰ ਜੋ ਫੈਸਲੇ ਕੀਤੇ ਉਹਨਾਂ ਫੈਸਲਿਆਂ ਤੋਂ ਸੂਤਰ ਭਰ ਵੀ ਨਾ ਪਿੱਛੇ ਹਟੇ ਹਾਂ ਤੇ ਨਾ ਹੱਟਣਾ ਹੈ।

ਉਨ੍ਹਾਂ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਦੀ ਪਦਵੀਂ ਤੋਂ ਇੱਕ ਜਾਂਚ ਕਮੇਟੀ ਬਣਾ ਕੇ ਦੋਸ਼ ਲਗਾ ਕੇ ਹਟਾਇਆ ਗਿਆ। ਉਸ ਤੋਂ ਬਾਅਦ ਉਨ੍ਹਾਂ ਨੂੰ ਅਤੇ ਗਿਆਨੀ ਸੁਲਤਾਨ ਸਿੰਘ ਨੂੰ 7 ਮਾਰਚ 2025 ਨੂੰ ਤਖ਼ਤ ਸਾਹਿਬ ਦੀਆਂ ਸੇਵਾਵਾਂ ਤੋਂ ਪਾਸੇ ਕੀਤਾ ਗਿਆ। ਉਸ ਸਮੇਂ ਤੋਂ ਇਹ ਦਾਸ ਉੱਤੇ ਕਈ ਤਰ੍ਹਾਂ ਦੇ ਦਬਾਅ ਪਾਏ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਸਮੁੱਚੇ ਸੰਸਾਰ ਨੂੰ ਪਤਾ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਕਿਸ ਦਾ ਦਬਾਅ ਹੁੰਦਾ ਹੈ, ਆਰਡਰ ਟਾਈਪ ਹੋ ਕੇ ਆਉਂਦੇ ਹਨ, ਜੋ ਆਦੇਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਾਂ ਅੰਤ੍ਰਿੰਗ ਕਮੇਟੀ ਨੂੰ ਹੋਇਆ ਉਸ ਦੇ ਮੁਤਾਬਿਕ ਫੈਸਲਾ ਕੀਤਾ ਗਿਆ।

18 ਫਰਵਰੀ ਨੂੰ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ 'ਤੇ ਲਗਾਏ ਇਲਜਾਮਾਂ ਸਬੰਧੀ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਸਾਰੇ ਪੁਖਤਾ ਸਬੂਤ ਹਨ, ਕੁਝ ਰਿਕਾਰਡ ਪਹਿਲਾਂ ਹੀ ਮੌਜੂਦ ਸੀ, ਮੈਂ ਹੌਲੀ ਹੌਲੀ ਕਰਕੇ ਸਾਰਾ ਮਾਮਲਾ ਸੰਗਤ ਦੇ ਸਨਮੁੱਖ ਜਰੂਰ ਰੱਖਾਂਗਾ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਭ੍ਰਿਸ਼ਟਾਚਾਰ ਤੋਂ ਮੁਕਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭ੍ਰਿਸ਼ਟਾਚਾਰ ਚਰਮਸੀਮਾਂ 'ਤੇ ਚੱਲ ਰਿਹਾ ਹੈ, ਗੁਰੂ ਦੀ ਗੋਲਕ ਦੀ ਲੁੱਟ ਕਸੁੱਟ ਬਿਲਕੁਲ ਨਹੀਂ ਹੋਣੀ ਚਾਹੀਦੀ। ਜੋ ਮੇਰੇ ਕੋਲ ਸਬੂਤ ਹਨ ਇਹ ਹੌਲੀ ਹੌਲੀ ਕਰਕੇ ਸਾਰੇ ਸੰਗਤ ਦੇ ਸਨਮੁਖ ਜਰੂਰ ਰੱਖਾਂਗਾ। ਆਉਣ ਵਾਲੇ ਸਮੇਂ ਵਿੱਚ ਘੁਟਾਲਿਆਂ ਤੇ ਘਪਲਿਆਂ ਦੇ ਸਬੂਤ ਸੰਗਤ ਸਾਹਮਣੇ ਜਰੂਰ ਰੱਖਾਂਗਾ ਤਾਂ ਜੋ ਸ਼੍ਰੋਮਣੀ ਕਮੇਟੀ ਨੂੰ ਇਸ ਸੰਕਟ ਵਿਚੋਂ ਬਾਹਰ ਕੱਢਿਆ ਜਾ ਸਕੇ।

## ਖ਼ਾਲਸਾ ਗੁਰੂ ਦੀ 'ਅਨੁਸ਼ਾਸਿਤ ਫ਼ੌਜ': ਜਥੇਦਾਰ ਗੜਗੱਜ

### ਗੁਰੂ ਘਰ ਆਉਣ ਵਾਲੀਆਂ ਸੰਗਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਿਮਾਚਲ ਸਰਕਾਰ ਨੂੰ ਅਪੀਲ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਹੋਲਾ ਮਹੱਲਾ ਦੀ ਆਰੰਭਤਾ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਹੋਲਾ ਮਹੱਲਾ ਖ਼ਾਲਸਾ ਪੰਥ ਦਾ ਵਿਲੱਖਣ ਅਤੇ ਇਤਿਹਾਸਕ ਕੌਮੀ ਤਿਉਹਾਰ ਹੈ, ਜੋ ਸਿੱਖ ਕੌਮ ਨੂੰ ਆਪਣੀ ਸ਼ੂਰਵੀਰ ਪਰੰਪਰਾ, ਜੰਗੀ ਕਲਾਵਾਂ ਅਤੇ ਗੁਰਮਤਿ ਅਧਾਰਿਤ ਜੀਵਨ ਸ਼ੈਲੀ ਨਾਲ ਜੋੜਦਾ ਹੈ।



ਉਨ੍ਹਾਂ ਕਿਹਾ ਕਿ ਇਹ ਤਿਉਹਾਰ ਸਿਰਫ਼ ਰਸਮੀ ਉਤਸਵ ਨਹੀਂ, ਸਗੋਂ ਖ਼ਾਲਸਾਈ ਅਨੁਸ਼ਾਸਨ, ਚੜ੍ਹਦੀ ਕਲਾ ਅਤੇ ਕੌਮੀ ਏਕਤਾ ਦਾ ਪ੍ਰਤੀਕ ਹੈ।

ਇਸ ਮੌਕੇ ਉਨ੍ਹਾਂ ਜੂਡੀਓ ਸਟੋਰ ਵਿੱਚ ਵਾਪਰੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਿਸੇ ਵੀ ਸਿੱਖ ਦੇ ਕਕਾਰ ਉਤਾਰਨ ਜਾਂ ਉਸ ਦੀ ਧਾਰਮਿਕ ਪਛਾਣ ਨਾਲ ਛੇੜਛਾੜ ਕਰਨ ਵਾਲਿਆਂ ਖ਼ਿਲਾਫ਼ ਸਰਕਾਰਾਂ ਨੂੰ ਸਖ਼ਤ ਅਤੇ ਮਿਸਾਲੀ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਕੋਈ ਵੀ ਇਸ ਤਰ੍ਹਾਂ ਦੀ ਹਰਕਤ ਕਰਨ ਦੀ ਹਿੰਮਤ ਨਾ ਕਰੇ।

ਉਨ੍ਹਾਂ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਹੋਲਾ ਮਹੱਲਾ ਮੌਕੇ ਗੁਰੂ ਘਰਾਂ ਵਿੱਚ ਨਤਮਸਤਕ ਹੋਣ ਜਾਣ ਵਾਲੇ ਨੌਜਵਾਨਾਂ ਦੇ ਨਿਸ਼ਾਨ ਸਾਹਿਬ ਜਾਂ ਹੋਰ ਧਾਰਮਿਕ ਪ੍ਰਤੀਕਾਂ ਨਾਲ ਕੋਈ ਛੇੜਛਾੜ ਨਾ ਹੋਵੇ ਅਤੇ ਪੂਰੀ ਸੰਵੇਦਨਸ਼ੀਲਤਾ ਨਾਲ ਸੁਰੱਖਿਆ ਯਕੀਨੀ ਬਣਾਈ ਜਾਵੇ।

ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬੀ ਨੌਜਵਾਨ ਹੁੱਲੜਬਾਜ਼ ਨਹੀਂ, ਸਗੋਂ ਖ਼ਾਲਸਾ ਗੁਰੂ ਦੀ ਅਨੁਸ਼ਾਸਿਤ ਫ਼ੌਜ ਹਨ, ਜੋ ਹਮੇਸ਼ਾਂ ਮਰਯਾਦਾ ਅਤੇ ਜਾਬਤੇ ਵਿੱਚ ਰਹਿੰਦੇ ਹਨ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਇਸ ਵਾਰ ਵੀ ਹੋਲਾ ਮਹੱਲਾ ਖਾਲਸਾਈ ਸ਼ਾਨ, ਅਨੁਸ਼ਾਸਨ ਅਤੇ ਆਤਮਿਕ ਉਤਸ਼ਾਹ ਨਾਲ ਮਨਾਇਆ ਜਾਵੇਗਾ ਅਤੇ ਸੰਸਾਰ ਭਰ ਵਿੱਚ ਸਿੱਖ ਕੌਮ ਦੀ ਵਿਲੱਖਣ ਪਛਾਣ ਨੂੰ ਹੋਰ ਮਜ਼ਬੂਤ ਕਰੇਗਾ।

## ਪ੍ਰੀਖਿਆ ਕੇਂਦਰ ਵਿੱਚ ਅੰਮ੍ਰਿਤਧਾਰੀ ਸਿੱਖ ਬੀਬੀ ਦੀ ਦਸਤਾਰ ਉਤਰਵਾਉਣ 'ਤੇ ਹੋਇਆ ਵਿਵਾਦ

### ਅਧਿਕਾਰੀਆਂ ਨੂੰ ਮੰਗਣੀ ਪਈ ਮੁਆਫ਼ੀ



ਮੱਧ ਪ੍ਰਦੇਸ਼ ਦੇ ਰਤਲਾਮ ਜ਼ਿਲ੍ਹੇ ਵਿੱਚ ਇੱਕ ਮੰਦਭਾਗੀ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਅੰਮ੍ਰਿਤਧਾਰੀ ਸਿੱਖ ਬੀਬੀ ਗੁਰਲੀਨ ਕੌਰ ਨੂੰ ਐਮ.ਪੀ.ਪੀ.ਐਸ.ਸੀ. ਦੀ ਪ੍ਰੀਖਿਆ ਦੌਰਾਨ ਸੁਰੱਖਿਆ ਜਾਂਚ ਦੇ ਨਾਂਅ 'ਤੇ ਆਪਣੀ ਦਸਤਾਰ (ਦੁਮਾਲਾ) ਉਤਾਰਨ ਲਈ ਕਿਹਾ ਗਿਆ। ਇਸ ਘਟਨਾ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸਥਾਨਕ ਸਿੱਖ ਸੰਗਤਾਂ ਨੇ ਪ੍ਰੀਖਿਆ ਕੇਂਦਰ ਦੇ ਬਾਹਰ ਇਕੱਠੇ ਹੋ ਕੇ ਆਪਣਾ ਸਖ਼ਤ ਵਿਰੋਧ ਪ੍ਰਗਟ ਕੀਤਾ।ਸੰਗਤਾਂ ਵੱਲੋਂ ਸਬੰਧਿਤ ਮਹਿਲਾ ਕਰਮਚਾਰੀ ਤੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ ਗਈ।ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚੇ। ਪ੍ਰਸ਼ਾਸਨ ਅਤੇ ਸਿੱਖ ਨੁਮਾਇੰਦਿਆਂ ਵਿਚਕਾਰ ਲੰਬੀ ਗੱਲਬਾਤ ਤੋਂ ਬਾਅਦ, ਸਬ-ਡਵੀਜ਼ਨਲ ਮੈਜਿਸਟ੍ਰੇਟ ਪ੍ਰਤੀਕ ਸੋਨਕਰ ਅਤੇ ਸੈਂਟਰ ਸੁਪਰਡੈਂਟ ਸੁਭਾਸ਼ ਕੁਮਾਵਤ ਨੇ ਸਿੱਖ ਸੰਗਤਾਂ ਦੇ ਸਾਹਮਣੇ ਜਨਤਕ ਤੌਰ 'ਤੇ ਅਫ਼ਸੋਸ ਪ੍ਰਗਟ ਕੀਤਾ ਅਤੇ ਮੁਆਫ਼ੀ ਮੰਗੀ।ਮੁਆਫ਼ੀ ਤੋਂ ਬਾਅਦ ਇਹ ਮਾਮਲਾ ਸ਼ਾਂਤ ਹੋ ਗਿਆ ਪਰ ਇਹ ਘਟਨਾ ਪ੍ਰਸ਼ਾਸਨਿਕ ਪ੍ਰਣਾਲੀ ਦੀ ਡੂੰਘੀ ਅਸੰਵੇਦਨਸ਼ੀਲਤਾ ਅਤੇ ਅਗਿਆਨਤਾ ਵੱਲ ਇਸ਼ਾਰਾ ਕਰਦੀ ਹੈ।

(ਬਾਕੀ ਸਫ਼ਾ 27 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਕਾਇਮ ਰੱਖੀ ਜਾਵੇ ‘ਹੋਲੇ ਮਹੱਲੇ’ ਦੀ ਮਰਿਆਦਾ

ਤਿੰਨ ਸਦੀਆਂ ਪੁਰਾਣਾ ਅਤੇ ਮਾਣਮੱਤੇ ਇਤਿਹਾਸ ਵਾਲਾ ‘ਹੋਲਾ ਮਹੱਲਾ’ ਸਿੱਖ ਧਰਮ ਦਾ ਅਹਿਮ ਤਿਉਹਾਰ ਹੋਣ ਦੇ ਨਾਲ-ਨਾਲ ਭਗਤੀ ਅਤੇ ਸ਼ਕਤੀ ਦੇ ਸੁਮੇਲ ਦੀ ਗਾਥਾ ਵੀ ਬਿਆਨ ਕਰਦਾ ਹੈ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਮਨਾਉਣ ਦੀ ਸ਼ੁਰੂਆਤ ਸਿੱਖਾਂ ਵਿੱਚ ਜੋਸ਼ ਅਤੇ ਉਤਸ਼ਾਹ ਪੈਦਾ ਕਰਨ ਲਈ ਕੀਤੀ ਸੀ। ਉਸ ਸਮੇਂ ਪੰਜਾਬ ਦੇ ਲੋਕ ਹਜ਼ਾਰਾਂ ਸਾਲਾਂ ਤੋਂ ਹੋਲੀ ਦੇ ਤਿਉਹਾਰ ਨੂੰ ‘ਸਨਾਤਨੀ ਪਰੰਪਰਾ’ ਅਨੁਸਾਰ ਮਨਾਉਂਦੇ ਆ ਰਹੇ ਸਨ। ਸਿੱਖਾਂ ਨੂੰ ਰੰਗਾਂ ਵਾਲੇ ਇਸ ਤਿਉਹਾਰ ਤੋਂ ਨਿਖੇੜਾ ਕਰਕੇ ਗੁਰੂ ਸਾਹਿਬ ਨੇ ਇਹਨਾਂ ਦਿਨਾਂ ਨੂੰ ‘ਖ਼ਾਲਸਾਈ ਸੱਭਿਅਤਾ’ ਵਿੱਚ ਨਵੇਂ ਅਰਥ ਦੇਣ ਦੇ ਉਦੇਸ਼ ਵਜੋਂ ਮਨਾਉਣਾ ਸ਼ੁਰੂ ਕੀਤਾ। ਸਿੱਖਾਂ ਲਈ ਹੋਲਾ ਮਹੱਲਾ ਸਤਿਗੁਰਾਂ ਨੇ ਖ਼ਾਲਸਾ ਜੀ ਨੂੰ ‘ਅਕਾਲ ਪੁਰਖ ਕੀ ਫ਼ੌਜ’ ਦੇ ਰੂਪ ਵਜੋਂ ਸਰੂਪਮਾਨ ਕਰਨ ਲਈ ਬਖਸ਼ਿਸ਼ ਵਜੋਂ ਸੌਂਪਿਆ। ਸਿੱਖ ਇਤਿਹਾਸ ਦੇ ਪੰਨੇ ਫਰੋਲਦਿਆਂ ਪਤਾ ਚੱਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਖ਼ਾਲਸਾ ਸਾਜਨਾ ਤੋਂ ਬਾਅਦ 1700 ਈਸਵੀ ਨੂੰ ਪਹਿਲੀ ਵੇਰ ਹੋਲਾ ਮਹੱਲਾ ਮਨਾਉਣ ਦੀ ਪਵਿੱਤਰ ਰਵਾਇਤ ਸ਼ੁਰੂ ਕੀਤੀ ਸੀ, ਜੋ ਕਿ ਅਜੇ ਤੱਕ ਕਾਇਮ ਹੈ। ਉਸ ਸਮੇਂ ਦੇ ਮਾਹੌਲ ਅਨੁਸਾਰ ਸਿੱਖਾਂ ਨੂੰ ਹੋਲੇ ਮਹੱਲੇ ’ਤੇ ਜੰਗਾਂ ਲਈ ਤਿਆਰ ਕੀਤਾ ਜਾਂਦਾ ਸੀ ਅਤੇ ਹੋਲੇ ਮਹੱਲੇ ਮੌਕੇ ਸਿੱਖ ਯੋਧੇ ਆਪਣੀ ‘ਜੰਗੀ ਕਲਾ’ ਦੇ ਜੌਹਰ ਦਿਖਾਉਂਦੇ ਸਨ ਪਰ ਸਮੇਂ ਅਨੁਸਾਰ ਬਦਲਦੇ ਹੋਏ ਹੋਲਾ ਮਹੱਲਾ ਇੱਕ ਮੇਲਾ ਬਣਦਾ ਜਾ ਰਿਹਾ ਹੈ। ਅਨੰਦਪੁਰ ਸਾਹਿਬ ਦੀਆਂ ਜਿੰਨ੍ਹਾਂ ਗਲੀਆਂ ਵਿੱਚ ਗੁਰੂ ਸਾਹਿਬਾਨ ਅਤੇ ਸਾਹਿਬਜ਼ਾਦਿਆਂ ਦੇ ਚਰਨ ਪਏ, ਉਨ੍ਹਾਂ ਗਲੀਆਂ ਨੂੰ ਅਸੀਂ ਆਪਣੀਆਂ ਮਨਮਰਜ਼ੀਆਂ, ਦੁਨਿਆਵੀ ਬਜ਼ਾਰਾਂ ਦਾ ਮਾਹੌਲ ਦੇ ਕੇ ਗੰਧਲਾ ਕਰ ਰਹੇ ਹਾਂ।

ਹੋਲੇ ਮਹੱਲੇ ਦਾ ਅਸਲ ਸਰੂਪ ਇਸ ਸਮੇਂ ਪੁਰਾਤਨ ਸਮੇਂ ਵਰਗਾ ਨਹੀਂ ਰਿਹਾ ਹੈ। ਸਮੇਂ ਅਤੇ ਹਲਾਤਾਂ ਦੇ ਝੱਖੜਾਂ ਕਰਕੇ ਹੋਲੇ ਮਹੱਲੇ ਨੂੰ ਮਨਾਉਣ ਦੇ ਢੰਗ ਵਿੱਚ ਬਹੁਤ ਤਬਦੀਲੀ ਆ ਗਈ ਹੈ ਅਤੇ ‘ਪੰਥ’ ਦੇ ਹੋਰਨਾਂ ਜੋੜ ਮੇਲਿਆਂ ਵਾਂਗ ਹੋਲਾ ਮਹੱਲਾ ਦਾ ਮਾਹੌਲ ਵੀ ਇੱਕ ਮੇਲੇ ਵਰਗਾ ਬਣਦਾ ਜਾ ਰਿਹਾ ਹੈ। ਹੋਲਾ ਮਹੱਲਾ ਖ਼ਾਲਸਾਈ ਸੱਭਿਆਚਾਰ ਦੀ ਨਿਆਰੀ ਪਛਾਣ ਦੀ ਪ੍ਰਤੀਕ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਕੁਝ ਹੁੱਲੜਬਾਜ਼ਾਂ ਵੱਲੋਂ ਕੀਤੀ ਜਾਂਦੀ ਹੁੱਲੜਬਾਜ਼ੀ ਕਾਰਨ ਅਤੇ ਹਥਿਆਰਾਂ ਦੇ ਬੇਲੋੜੇ ਪ੍ਰਦਰਸ਼ਨ ਕਾਰਨ ਚੰਗਾ ਪ੍ਰਭਾਵ ਨਹੀਂ ਪੈ ਰਿਹਾ। ਕੁਝ ਸਾਲ ਪਹਿਲਾਂ ਹੋਲਾ ਮਹੱਲਾ ਮੌਕੇ ਹੁੱਲੜਬਾਜ਼ਾਂ ਵੱਲੋਂ ਇੱਕ ਨਿਹੰਗ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ, ਜਿਸ ਨੇ ਕਈ ਗੰਭੀਰ ਸਵਾਲ ਖੜੇ ਕਰ ਦਿੱਤੇ ਸਨ ਪਰ ਅਫ਼ਸੋਸ ਉਸ ਸਮੇਂ ਪੈਦਾ ਹੋਏ ਸਵਾਲਾਂ ਦਾ ਜਵਾਬ ਅੱਜ ਤੱਕ ਕਿਸੇ ਵੀ ਧਿਰ ਵੱਲੋਂ ਨਹੀਂ ਦਿੱਤਾ ਗਿਆ।

ਪਿਛਲੇ ਕੁਝ ਸਾਲਾਂ ਤੋਂ ਹੋਲੇ ਮਹੱਲੇ ਅਤੇ ਸ਼ਹੀਦੀ ਜੋੜ ਮੇਲ ਮੌਕੇ ਕੁਝ ਚੰਗੀਆਂ ਪਿਰਤਾਂ ਵੀ ਪਈਆਂ ਹਨ। ਪਿਛਲੇ ਸਾਲ ਦਸੰਬਰ ਮਹੀਨੇ ਇੱਕ ਸੰਸਥਾ ਵੱਲੋਂ ਸ੍ਰੀ ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲ ਦੀ ਸੰਪੂਰਨਤਾ ਤੋਂ ਬਾਅਦ ਪੂਰੇ ਫ਼ਤਹਿਗੜ੍ਹ ਸਾਹਿਬ ਵਿੱਚ ਸਫਾਈ ਮੁਹਿੰਮ ਚਲਾਈ ਗਈ। ਸੰਗਤਾਂ ਵੱਲੋਂ ਇਸ ਸਫ਼ਾਈ ਮੁਹਿੰਮ ਦੀ ਕਾਫ਼ੀ ਸ਼ਲਾਘਾ ਕੀਤੀ ਗਈ। ਇਸ ਸੰਸਥਾ ਵੱਲੋਂ ਇਸ ਸਾਲ ਵੀ ਹੋਲਾ ਮਹੱਲਾ ਮੌਕੇ ਸ੍ਰੀ ਆਨੰਦਪੁਰ ਸਾਹਿਬ ਵਿੱਚ ਸਫਾਈ ਵਿਵਸਥਾ ਕਾਇਮ ਰੱਖੀ ਜਾਵੇਗੀ।

ਹੋਲੇ ਮਹੱਲੇ ਦਾ ਪੁਰਾਤਨ ਅਤੇ ਖ਼ਾਲਸਈ ਸਰੂਪ ਬਹਾਲ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸੰਸਥਾਵਾਂ ਵੱਲੋਂ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਕੁਝ ਧਾਰਮਿਕ ਸੰਸਥਾਵਾਂ ਵੱਲੋਂ ਨੌਜਵਾਨਾਂ ਨੂੰ ਹੋਲੇ ਮਹੱਲੇ ਦੀ ਮਹੱਤਤਾ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਤਾਂ ਕਿ ਉਹ ਆਪਣੇ ਮਾਣਮੱਤੇ ਵਿਰਸੇ ਨਾਲ ਜੁੜ ਸਕਣ ਅਤੇ ਹੋਲੇ ਮਹੱਲੇ ਨੂੰ ਸਿਰਫ਼ ਇੱਕ ਮੇਲਾ ਨਾ ਸਮਝਣ। ਦੂਜੇ ਪਾਸੇ ਅਜੇ ਵੀ ਅਨੇਕਾਂ ਲੋਕ ਅਜਿਹੇ ਹਨ ਜੋ ਕਿ ਸ਼ਰਧਾ ਦੇ ਨਾਲ ਨਾਲ ਮੇਲਾ ਵੇਖਣ ਦੀ ਭਾਵਨਾ ਨਾਲ ਵੀ ਹੋਲਾ ਮਹੱਲਾ ਵਿੱਚ ਪਹੁੰਚਦੇ ਹਨ। ਇਸ ਵਾਰ ਵੀ ਹੋਲਾ ਮਹੱਲਾ ਮੌਕੇ ਅਨੇਕਾਂ ਨੌਜਵਾਨ ਮੋਡੀਫਾਈ ਕੀਤੀਆਂ ਟਰਾਲੀਆਂ ਲੈ ਕੇ ਪਹੁੰਚੇ ਹਨ, ਜਿਨ੍ਹਾਂ ਉੱਪਰ ਏ. ਸੀ. ਅਤੇ ਡੀ. ਜੇ. ਲੱਗੇ ਹੋਏ ਹਨ। ‘ਜੰਗੀ ਨਗਾਰਿਆਂ’ ਦੀ ਥਾਂ ਹੁਣ ਡੀ.ਜੇ. ਬਹੁਤ ਉੱਚੀ ਆਵਾਜ਼ ਵਿੱਚ ਵਜਾਏ ਜਾ ਰਹੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਅਜਿਹੇ ਟ੍ਰੈੱਕਟਰ ਲੈ ਕੇ ਪਹੁੰਚੇ ਹਨ, ਜਿਨ੍ਹਾਂ ’ਤੇ ਲੱਖਾਂ ਰੁਪਏ ਦੇ ਡੀ. ਜੇ. ਅਤੇ ਹੋਰ ਸਜਾਵਟੀ ਸਮਾਨ ਲੱਗਿਆ ਹੋਇਆ ਹੈ। ਅਨੇਕਾਂ ਨੌਜਵਾਨਾਂ ਵੱਲੋਂ ਮੋਡੀਫਾਈ ਕੀਤੇ ਟ੍ਰੈੱਕਟਰ ਅਤੇ ਟਰਾਲੀਆਂ ਦੇ ਦਿਖਾਵੇ ਕਾਰਨ ਹੋਲਾ ਮਹੱਲਾ ਦਾ ਸਰੂਪ ਬਦਲਦਾ ਜਾ ਰਿਹਾ ਹੈ। ਅਜਿਹੇ ਨੌਜਵਾਨਾਂ ਨੂੰ ਸਿੱਖ ਧਰਮ ਦੀ ਪੂਰੀ ਜਾਣਕਾਰੀ ਅਤੇ ਗੁਰਮਤਿ ਦੀ ਸੇਧ ਦੇਣ ਦੀ ਲੋੜ ਹੈ ਤਾਂ ਕਿ ਇਹ ਵੀ ਹੋਲੇ ਮਹੱਲੇ ਦੀ ਪਵਿੱਤਰਤਾ ਨੂੰ ਸਮਝਣ ਅਤੇ ਧਰਮ ਦੇ ਮਾਰਗ ’ਤੇ ਚੱਲਣ।

ਸੰਗਤ ਨੂੰ ਸ਼ਰਧਾ ਭਾਵਨਾ ਅਤੇ ਜ਼ਾਬਤੇ ਵਿੱਚ ਰਹਿ ਕੇ ਹੋਲੇ ਮਹੱਲੇ ਪਵਿੱਤਰ ਮਰਿਆਦਾ ਅਨੁਸਾਰ ਮਨਾਉਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਚਾਹੀਦਾ ਹੈ ਕਿ ਉਹ ਹੋਲੇ ਮਹੱਲੇ ਦੀ ਪੁਰਾਤਨ ਮਰਿਆਦਾ ਨੂੰ ਬਹਾਲ ਕਰਨ ਲਈ ਵੱਡੇ ਉਪਰਾਲੇ ਕਰੇ। ਇਸ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਰਨਾਂ ਸਿੱਖ ਜਥੇਬੰਦੀਆਂ ਅਤੇ ਪੰਥਕ ਸੰਸਥਾਵਾਂ ਦਾ ਸਹਿਯੋਗ ਲੈ ਕੇ ਨੌਜਵਾਨਾਂ ਨੂੰ ਹੋਲੇ ਮਹੱਲੇ ਦੇ ਪੁਰਾਤਨ ਵਿਰਸੇ ਅਤੇ ਮਾਣਮੱਤੇ ਇਤਿਹਾਸ ਦੀ ਪੂਰੀ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਕਿ ਨੌਜਵਾਨ ਗੁਰੂ ਸਾਹਿਬ ਵੱਲੋਂ ਸ਼ੁਰੂ ਕੀਤੀ ਗਈ ਧਾਰਮਿਕ ਰਵਾਇਤ ਅਨੁਸਾਰ ਹੀ ਹੋਲਾ ਮਹੱਲਾ ਮਨਾਉਣ। ਹੋਲਾ ਮਹੱਲਾ ਮੌਕੇ ਪਵਿੱਤਰ ਮਰਿਆਦਾ ਦਾ ਕਾਇਮ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ।

# ਭਾਰਤ ’ਤੇ ਵੀ ਪਵੇਗਾ ਇਰਾਨ ਜੰਗ ਦਾ ਪ੍ਰਭਾਵ

ਅਨਿੰਨਦਿਓ ਚਕਰਵਰਤੀ




ਇਰਾਨ ਉੱਤੇ ਇਜ਼ਰਾਇਲੀ ਅਤੇ ਅਮਰੀਕੀ ਮਿਜ਼ਾਈਲਾਂ ਦਾ ਮੀਂਹ ਵਰ੍ਹਨ ਤੋਂ ਕੁਝ ਹਫ਼ਤੇ ਪਹਿਲਾਂ ਇਸਲਾਮੀ ਰਾਸ਼ਟਰ ਦੇ ਦੋ ਸਮੁੰਦਰੀ ਵਿੰਗਾਂ ਵਿੱਚੋਂ ਇੱਕ, ਆਈ ਆਰ ਜੀ ਸੀ ਐੱਨ ਨੇ ਆਪਣੀ ਨਵੀਂ ਰੱਖਿਆ ਨੀਤੀ ‘ਸਮਾਰਟ ਕੰਟਰੋਲ ਔਫ ਦਿ ਸਟਰੇਟ ਹੋਰਮੁਜ਼’ ਦਾ ਅਭਿਆਸ ਕਰਨ ਦੇ ਉਦੇਸ਼ ਹਿੱਤ ਲੰਮੇ ਸਮੇਂ ਲਈ ਹੋਰਮੁਜ਼ ਦੀ ਖਾੜੀ ਨੂੰ ਬੰਦ ਕਰ ਦਿੱਤਾ ਸੀ। ਇਸ ਦਾ ਮਕਸਦ ਦੁਨੀਆ ਨੂੰ ਇਹ ਦਿਖਾਉਣਾ ਸੀ ਕਿ ਇਰਾਨ ਕੋਲ ਇਸ ਖਾੜੀ ਵਿੱਚੋਂ ਲੰਘ ਕੇ ਹੋਣ ਵਾਲੇ ਕਿਸੇ ਵੀ ਸਮੁੰਦਰੀ ਵਪਾਰ ਨੂੰ ਰੋਕਣ ਦੀ ਸਮਰੱਥਾ ਹੈ।

ਰੋਜ਼ਾਨਾ 20 ਮਿਲੀਅਨ ਬੈਰਲ ਕੱਚਾ ਤੇਲ ਹੋਰਮੁਜ਼ ਦੀ ਖਾੜੀ ਵਿੱਚੋਂ ਲੰਘਦਾ ਹੈ। ਇਹ ਦੁਨੀਆ ਦੇ ਕੱਚੇ ਤੇਲ ਦੇ ਕੁੱਲ ਵਪਾਰ ਦਾ 25 ਫ਼ੀਸਦੀ ਅਤੇ ਕੁਲ ਖਪਤ ਦਾ 20 ਫ਼ੀਸਦੀ ਬਣਦਾ ਹੈ। ਸਾਡੇ ਲਈ ਇਸ ਖਾੜੀ ਦਾ ਮਹੱਤਵ ਹੋਰ ਵੀ ਜ਼ਿਆਦਾ ਹੈ; ਭਾਰਤ ਦੇ ਕੱਚੇ ਤੇਲ ਦੀ ਦਰਾਮਦ ਦਾ 50 ਫ਼ੀਸਦੀ ਹਿੱਸਾ ਇਸ ਖਾੜੀ ਵਿੱਚੋਂ ਹੀ ਹੋ ਕੇ ਆਉਂਦਾ ਹੈ। ਇਸ ਲਈ ਇਥੇ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਲੰਮੀ ਨਾਕਾਬੰਦੀ ਨਾਲ ਭਾਰਤ ਲਈ ਕੱਚੇ ਤੇਲ ਦੀ ਦਰਾਮਦ ਕੀਮਤ ਵਿੱਚ ਵੱਡੇ ਪੱਧਰ ’ਤੇ ਵਾਧਾ ਹੋਵੇਗਾ, ਜੋ ਵਿਸ਼ਵ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ’ਤੇ ਪੈਣ ਵਾਲੇ ਪ੍ਰਭਾਵ ਤੋਂ ਕਿਤੇ ਵੱਧ ਹੋਵੇਗਾ।

ਰੱਖਿਆ ਵਿਸ਼ਲੇਸ਼ਕਾਂ ਵਿਚਾਲੇ ਇਸ ਗੱਲ ’ਤੇ ਮੱਤਭੇਦ ਹੈ ਕਿ ਇਰਾਨ ਲੰਮੇ ਸਮੇਂ ਤੱਕ ਇਹ ਨਾਕਾਬੰਦੀ ਲਾਗੂ ਕਰ ਸਕੇਗਾ ਜਾਂ ਨਹੀਂ। ਕੁਝ ਦਾ ਕਹਿਣਾ ਹੈ ਕਿ ਇਰਾਨ ਨੇ ਪਿਛਲੇ ਕਈ ਸਾਲਾਂ ਦੌਰਾਨ ਇਸ ਯੁੱਧ ਵਾਲੀ ਸਥਿਤੀ ਦਾ ਅਭਿਆਸ ਕੀਤਾ ਹੈ ਅਤੇ ਦੁਨੀਆ ਵਿੱਚ ਸਭ ਤੋਂ ਵਧੀਆ ਸਮੁੰਦਰੀ ਰੱਖਿਆ ਸਮਰੱਥਾਵਾਂ ਦੇ ਮੁਕਾਬਲੇ ਲਈ ਖ਼ੁਦ ਨੂੰ ਤਿਆਰ ਕੀਤਾ ਹੈ। ਰੱਖਿਆ ਵਿਸ਼ਲੇਸ਼ਣ ਸਮੂਹ ਜੇਨ’ਜ਼, ਜਿਸ ਦੇ ਵਿਸ਼ਲੇਸ਼ਣ ਨੂੰ ਬਹੁਤ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ, ਨੇ ਇੱਕ ਵਾਰ ਇਰਾਨ ਨੂੰ ‘ਛੋਟੀਆਂ ਕਿਸ਼ਤੀਆਂ ਦੀਆਂ ‘ਸਵਾਰਮ’ ਰਣਨੀਤੀਆਂ ਦਾ ਸਭ ਤੋਂ ਵੱਡਾ ਅਭਿਆਸੀ’ ਦੱਸਿਆ ਸੀ ਤੇ ਇਸ ਦਾ ਹੋਰਮੁਜ਼ ਦੀ ਖਾੜੀ ਵਿੱਚ ਬਹੁਤ ਮਹੱਤਵ ਹੈ।

ਇਰਾਨ ਕੋਲ ਜਲਸੈਨਾ ਦੀਆਂ 5 ਹਜ਼ਾਰ ਤੋਂ ਵੱਧ ਬਾਰੂਦੀ ਸੁਰੰਗਾਂ ਹਨ, ਜਿਨ੍ਹਾਂ ਵਿੱਚ ਚੀਨ ਦੀਆਂ ਬਣੀਆਂ ਅਤਿ-ਆਧੁਨਿਕ ਤੇ ਵਿਕਸਤ ਈ ਐੱਮ -52 ਸੁਰੰਗਾਂ ਵੀ ਸ਼ਾਮਲ ਹਨ, ਜੋ ਸਮੁੰਦਰ ਦੇ ਤਲ ’ਤੇ ਉਦੋਂ ਤੱਕ ਬਿਨਾ ਕਿਸੇ ਹਰਕਤ ਦੇ ਰਹਿ ਸਕਦੀਆਂ ਹਨ, ਜਦੋਂ ਤੱਕ ਉਨ੍ਹਾਂ ਨੂੰ ਉੱਪਰ ਕਿਸੇ ਵੱਡੇ ਨਿਸ਼ਾਨੇ ਦੀ ਮੌਜੂਦਗੀ ਦਾ ਪਤਾ ਨਹੀਂ ਲੱਗਦਾ। ਇਰਾਨ ਕੋਲ ਪੱਛਮੀ ਏਸ਼ੀਆ ਵਿੱਚ ਜਹਾਜ਼ ਤਬਾਹ ਕਰਨ ਵਾਲੀਆਂ ਮਿਜ਼ਾਈਲਾਂ ਦਾ ਸਭ ਤੋਂ ਵੱਡਾ ਜ਼ਖੀਰਾ ਵੀ ਹੈ, ਜਿਸ ਵਿੱਚ ਘੱਟ ਦੂਰੀ ਦੀ ‘ਨੂਰ’ ਅਤੇ ਦਰਮਿਆਨੀ ਤੋਂ ਲੰਮੀ ਦੂਰੀ ਦੀਆਂ ਜਹਾਜ਼ ਤਬਾਹ ਕਰਨ ਵਾਲੀਆਂ ਬੈਲਿਸਟਿਕ ਮਿਜ਼ਾਈਲਾਂ, ਖਲੀਜ ਫਾਰਸ, ਜ਼ੋਲਫਗ਼ਰ ਬਸ਼ੀਰ ਅਤੇ ਕਾਸਿਮ ਬਸ਼ੀਰ ਸ਼ਾਮਲ ਹਨ।

ਹੋਰਨਾਂ ਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਕੋਲ ਇੰਨੀ ਮਾਰੂ ਤਾਕਤ ਹੈ ਕਿ ਉਹ ਕੁਝ ਹੀ ਦਿਨਾਂ ਵਿੱਚ ਇਰਾਨੀ ਜਲ ਸੈਨਾ ਦੇ ਇਸ ਢਾਂਚੇ ਨੂੰ ਖ਼ਤਮ ਕਰਕੇ ਇੱਕ ਹਫ਼ਤੇ ਵਿੱਚ ਹੋਰਮੁਜ਼ ਦੀ ਖਾੜੀ ਨੂੰ ਖਾਲੀ ਕਰਵਾ ਸਕਦੇ ਹਨ। ਜੇਕਰ ਇਹ ਸੱਚ ਵੀ ਹੋਵੇ, ਤਾਂ ਵੀ ਉਹ ਜਹਾਜ਼ਾਂ ’ਤੇ ਗੁਰੀਲਾ ਹਮਲਿਆਂ ਦੀ ਸੰਭਾਵਨਾ ਨੂੰ ਰੱਦ ਨਹੀਂ ਕਰ ਸਕਦੇ, ਜਿਵੇਂ ਹੂਤੀ ਬਾਗ਼ੀਆਂ ਨੇ ਲਾਲ ਸਾਗਰ ਵਿੱਚ ਕੀਤਾ ਹੈ।

ਇਸ ਦਾ ਮਤਲਬ ਹੈ ਕਿ ਜਹਾਜ਼ਾਂ ਨੂੰ ਖਾੜੀ ਵਿੱਚੋਂ ਲੰਘਣ ਲਈ ਬਹੁਤ ਜ਼ਿਆਦਾ ਬੀਮਾ ਪ੍ਰੀਮੀਅਮ ਅਦਾ ਕਰਨਾ ਪਵੇਗਾ। ਪਹਿਲਾਂ ਹੀ ਇਸ ਖੇਤਰ ਵਿੱਚੋਂ ਲੰਘਣ ਵਾਲੇ ਜਹਾਜ਼ਾਂ ’ਤੇ ਲੱਗਣ ਵਾਲਾ ਵਾਧੂ ਯੁੱਧ ਜੋਖਮ ਪ੍ਰੀਮੀਅਮ ਜਹਾਜ਼ ਦੇ ਮੁੱਲ ਦਾ 0.05-0.1 ਫ਼ੀਸਦੀ ਤੋਂ ਵਧ ਕੇ 0.5-1 ਫ਼ੀਸਦੀ ਹੋ ਗਿਆ ਹੈ। ਇਸ ਦਾ ਮਤਲਬ ਹੈ ਕਿ 10 ਕਰੋੜ ਡਾਲਰ ਦੀ ਕੀਮਤ ਵਾਲੇ ਕੱਚੇ ਤੇਲ ਦੇ ਇੱਕ ਵੱਡੇ ਕੈਰੀਅਰ ਨੂੰ ਸਿਰਫ਼ ਬੀਮੇ ਲਈ ਹੀ 10 ਲੱਖ ਡਾਲਰ ਦੀ ਅਦਾਇਗੀ ਕਰਨੀ ਪਵੇਗੀ। ਕੁਝ ਮਾਮਲਿਆਂ ਵਿੱਚ ਪ੍ਰਮੁੱਖ ਸਮੁੰਦਰੀ ਬੀਮਾ ਕੰਪਨੀਆਂ ਨੇ ਹੋਰਮੁਜ਼ ਦੀ ਖਾੜੀ ਵਿੱਚੋਂ ਲੰਘਣ ਵਾਲੇ ਕਿਸੇ ਵੀ ਜਹਾਜ਼ ਲਈ ਬੀਮਾ ਕਵਰੇਜ ਦੇਣੀ ਬੰਦ ਕਰ ਦਿੱਤੀ ਹੈ।

ਇਸ ਦਾ ਸਾਡੇ ਵੱਲੋਂ ਦਰਾਮਦ ਕੀਤੇ ਜਾਣ ਵਾਲੇ ਕੱਚੇ ਤੇਲ ਦੇ ਭੰਡਾਰ ’ਤੇ ਮਾਰੂ ਅਸਰ ਪਵੇਗਾ, ਜਿਸ ਦੀ ਕੀਮਤ ਓਮਾਨ ਅਤੇ ਦੁਬਈ ਤੋਂ ਆਉਣ ਵਾਲੇ ਸਲਫਰ ਦੀ ਵੱਧ ਮਾਤਰਾ ਵਾਲੇ ਕੱਚੇ ਤੇਲ ਅਤੇ ਸਲਫਰ ਦੀ ਘੱਟ ਮਾਤਰਾ ਵਾਲੇ ਕੱਚੇ ਤੇਲ ਦੀਆਂ ਕੀਮਤਾਂ ਨੂੰ ਮਿਲਾ ਕੇ ਤੈਅ ਕੀਤੀ ਜਾਂਦੀ ਹੈ। ਸਾਨੂੰ ਖਾੜੀ ਦੇਸ਼ਾਂ ਤੋਂ ਆਉਣ ਵਾਲੇ ਕੱਚੇ ਤੇਲ ਲਈ ਵਧੇਰੇ ਕੀਮਤ ਅਦਾ ਕਰਨੀ ਪਵੇਗੀ ਅਤੇ ਉੱਤਰੀ ਅਮਰੀਕਾ ਤੋਂ ਆਉਣ ਵਾਲੇ ਕੱਚੇ ਤੇਲ ’ਤੇ ਸਾਡੀ ਨਿਰਭਰਤਾ ਵੀ ਵਧੇਗੀ, ਜਿਸ ਨਾਲ ਦਰਾਮਦ ਕੀਮਤਾਂ ਵਿੱਚ ਭਾਰੀ ਵਾਧਾ ਹੋਵੇਗਾ। ਕਿਆਸ ਲਾਏ ਜਾ ਰਹੇ ਹਨ ਕਿ ਜੇਕਰ ਹੋਰਮੁਜ਼ ਵਿੱਚ ਇਹ ਹਾਲਾਤ ਜਾਰੀ ਰਹੇ ਤਾਂ ਭਾਰਤ ਦੇ ਕੱਚੇ ਤੇਲ ਦੇ ਭੰਡਾਰ ਦੀ ਕੀਮਤ ਮੌਜੂਦਾ 70 ਡਾਲਰ ਪ੍ਰਤੀ ਬੈਰਲ ਤੋਂ ਵਧ ਕੇ 100 ਡਾਲਰ ਪ੍ਰਤੀ ਬੈਰਲ ਜਾਂ ਇਸ ਤੋਂ ਵੀ ਵੱਧ ਹੋ ਸਕਦੀ ਹੈ।

ਕੱਚੇ ਤੇਲ ਦੀਆਂ ਕੀਮਤਾਂ ’ਚ ਭਾਰੀ ਵਾਧੇ ਦੇ ਸਾਡੀ ਆਰਥਿਕਤਾ ’ਤੇ ਚਾਰ ਵੱਡੇ ਪ੍ਰਭਾਵ ਪੈਣਗੇ: ਪਹਿਲਾ, ਤੇਲ ਦਰਾਮਦ ਬਿੱਲ ਅਤੇ ਚਾਲੂ ਖਾਤਾ ਘਾਟਾ ’ਤੇ ਪ੍ਰਭਾਵ, ਦੂਜਾ ਕੱਚੇ ਤੇਲ ਨੂੰ ਸੋਧਣ ਦੀ ਲਾਗਤ, ਤੀਜਾ ਪੈਟਰੋਲ ਪੰਪ ’ਤੇ ਤੇਲ ਦੀਆਂ ਕੀਮਤਾਂ ’ਤੇ ਪ੍ਰਭਾਵ ਅਤੇ ਚੌਥਾ ਪੈਟਰੋਲ ਅਤੇ ਡੀਜ਼ਲ ’ਤੇ ਟੈਕਸਾਂ ਤੋਂ ਕੇਂਦਰ ਅਤੇ ਰਾਜਾਂ ਦੀ ਕਮਾਈ ’ਤੇ ਪ੍ਰਭਾਵ। ਇੱਕ ਅਨੁਮਾਨ ਅਨੁਸਾਰ ਵਿਸ਼ਵ ਭਰ ਵਿੱਚ ਕੱਚੇ ਤੇਲ ਦੀ ਕੀਮਤ ਵਿੱਚ ਪ੍ਰਤੀ ਬੈਰਲ 10 ਡਾਲਰ ਦਾ ਵਾਧਾ ਹੋਣ ’ਤੇ ਸਾਡਾ ਦਰਾਮਦ ਬਿੱਲ 13 ਤੋਂ 14 ਬਿਲੀਅਨ ਡਾਲਰ ਤੱਕ ਵਧ ਜਾਵੇਗਾ ਕਿਉਂਕਿ ਅਸੀਂ ਵਿਸ਼ਵ-ਵਿਆਪੀ ਔਸਤ ਕੀਮਤ ਤੋਂ ਘੱਟ ਭਾਅ ਅਦਾ ਕਰਦੇ ਹਾਂ। ਜੇਕਰ ਵਿਸ਼ਵ ਭਰ ਵਿੱਚ ਤੇਲ ਦੀਆਂ ਕੀਮਤਾਂ ਵਧ ਕੇ 100 ਬਿਲੀਅਨ ਡਾਲਰ ਹੋ ਜਾਣ ਤਾਂ ਸਾਡਾ ਤੇਲ ਦਰਾਮਦ ਬਿੱਲ 30 ਤੋਂ 40 ਬਿਲੀਅਨ ਡਾਲਰ ਤੱਕ ਵਧ ਜਾਵੇਗਾ। ਬੇਸ਼ੱਕ ਹੋਰ ਚੀਜ਼ਾਂ ’ਚ ਬਦਲਾਅ ਨਾ ਹੋਵੇ ਪਰ ਇਸ ਨਾਲ ਸਾਡਾ ਚਾਲੂ ਖਾਤਾ ਘਾਟਾ ਅਤੇ ਸਾਡੀ ਦਰਾਮਦ ਤੇ ਬਰਾਮਦ ਵਿਚਲਾ ਪਾੜਾ ਜੀ ਡੀ ਪੀ ਦੇ 2 ਫ਼ੀਸਦੀ ਤੱਕ ਵਧ ਜਾਵੇਗਾ। ਜੇਕਰ ਕੱਚੇ ਤੇਲ ਦੀਆਂ ਦਰਾਮਦ ਕੀਮਤਾਂ ਵਧਦੀਆਂ ਹਨ ਤਾਂ ਰਿਫਾਇਨਰੀਆਂ ਆਪਣੇ ਮੁਨਾਫ਼ੇ ਨੂੰ ਬਰਕਰਾਰ ਰੱਖਣ ਲਈ ‘ਰਿਫਾਇਨਰੀ ਗੇਟ ਕੀਮਤ’ (ਪੈਟਰੋਲ ਪੰਪਾਂ ਤੱਕ ਤੇਲ ਪਹੁੰਚਾਉਣ ਦੀ ਕੀਮਤ) ਵਿੱਚ ਵਾਧਾ ਕਰਨਗੀਆਂ। ਜੇਕਰ ਕੇਂਦਰ ਤੇ ਰਾਜ ਸਰਕਾਰਾਂ ਮੌਜੂਦਾ ਦਰ ਨਾਲ ਹੀ ਟੈਕਸ ਵਸੂਲਦੀਆਂ ਰਹੀਆਂ ਤਾਂ ਖ਼ਪਤਕਾਰਾਂ ਨੂੰ ਪੈਟਰੋਲ ਅਤੇ ਡੀਜ਼ਲ ਖਰੀਦਣ ਲਈ ਭਾਰੀ ਕੀਮਤ ਚੁਕਾਉਣੀ ਪਵੇਗੀ। 100 ਡਾਲਰ ਪ੍ਰਤੀ ਬੈਰਲ ਦੀ ਕੀਮਤ ਰਹਿਣ ’ਤੇ ਰਿਫਾਇਨਰੀਆਂ ਪੈਟਰੋਲ 80 ਰੁਪਏ ਪ੍ਰਤੀ ਲਿਟਰ ਵੇਚਣਗੀਆਂ ਅਤੇ ਖ਼ਪਤਕਾਰਾਂ ਨੂੰ 115 ਤੋਂ 135 ਰੁਪਏ ਦੇ ਵਿਚਕਾਰ ਭੁਗਤਾਨ ਕਰਨਾ ਪਵੇਗਾ, ਹਾਲਾਂਕਿ ਇਹ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਰਾਜ ਨਾਲ ਸਬੰਧਿਤ ਹਨ। ਇਸ ਦਾ ਸਿੱਧਾ ਅਸਰ ਸਮੁੱਚੀ ਪ੍ਰਚੂਨ ਮਹਿੰਗਾਈ ’ਤੇ ਪਵੇਗਾ। ਅਨੁਮਾਨ ਹੈ ਕਿ ਕੱਚੇ ਤੇਲ ਦੀ ਵਿਸ਼ਵ-ਵਿਆਪੀ ਕੀਮਤ ਵਿੱਚ ਪ੍ਰਤੀ ਬੈਰਲ 10 ਡਾਲਰ ਦੇ ਵਾਧੇ ਨਾਲ ਖ਼ਪਤਕਾਰ ਮੁੱਲ ਸੂਚਕ ਅੰਕ ਇੱਕ ਫ਼ੀਸਦੀ ਦਾ ਇੱਕ ਤਿਹਾਈ ਵਧਦਾ ਹੈ। 100 ਡਾਲਰ ਪ੍ਰਤੀ ਬੈਰਲ ਕੱਚੇ ਤੇਲ ਦੀ ਕੀਮਤ ਪ੍ਰਚੂਨ ਮਹਿੰਗਾਈ ਦਰ ਨੂੰ ਇੱਕ ਫ਼ੀਸਦੀ ਤੱਕ ਵਧਾ ਸਕਦੀ ਹੈ। ਇਹ ਰਿਜ਼ਰਵ ਬੈਂਕ ਨੂੰ ਮਹਿੰਗਾਈ ਰੋਕਣ ਲਈ ਆਪਣੀਆਂ ਵਿਆਜ ਦਰਾਂ ਬਦਲਣ ਲਈ ਮਜਬੂਰ ਕਰੇਗਾ। ਅਜਿਹੀ ਸਥਿਤੀ, ਜਿਥੇ ਨਿਵੇਸ਼ ਅਤੇ ਖ਼ਪਤ ਦੋਵੇਂ ਪਹਿਲਾਂ ਹੀ ਦਬਾਅ ਹੇਠ ਹਨ, ਦਾ ਭਾਰਤ ਦੀ ਜੀ ਡੀ ਪੀ ਵਿਕਾਸ ਦਰ ’ਤੇ ਮਾੜਾ ਅਸਰ ਪਵੇਗਾ। ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਮਹਿੰਗਾਈ ’ਤੇ ਪੈਣ ਵਾਲੇ ਅਸਰ ਨੂੰ ਘਟਾਉਣ ਦਾ ਇੱਕ ਤਰੀਕਾ ਇਹ ਹੈ ਕਿ ਕੇਂਦਰ ਅਤੇ ਰਾਜ ਸਰਕਾਰਾਂ ਪੈਟਰੋਲ ਅਤੇ ਡੀਜ਼ਲ ’ਤੇ ਲੱਗਣ ਵਾਲੇ ਟੈਕਸਾਂ ਨੂੰ ਘਟਾ ਦੇਣ। ਮੌਜੂਦਾ ਸਮੇਂ ਕੇਂਦਰ ਸਰਕਾਰ ਪੈਟਰੋਲ ’ਤੇ 13 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ’ਤੇ 10 ਰੁਪਏ ਪ੍ਰਤੀ ਲਿਟਰ ਕੇਂਦਰੀ ਕਰ ਵਸੂਲਦੀ ਹੈ। ਰਾਜਾਂ ਵਿੱਚ ਵੈਟ ਦਰਾਂ ਤੇਲ ਦੀ ਕਿਸਮ ਦੇ ਆਧਾਰ ’ਤੇ 16 ਫ਼ੀਸਦੀ ਤੋਂ ਲੈ ਕੇ 26 ਫ਼ੀਸਦੀ ਤੱਕ ਵਸੂਲੀਆਂ ਜਾ ਰਹੀਆਂ ਹਨ। ਜੇਕਰ ਪ੍ਰਚੂਨ ਕੀਮਤਾਂ ਬਰਕਰਾਰ ਰੱਖੀਆਂ ਜਾਂਦੀਆਂ ਹਨ ਤਾਂ ਕੇਂਦਰ ਨੂੰ ਟੈਕਸ ਮਾਲੀਏ ਵਿੱਚ 1.5 ਲੱਖ ਕਰੋੜ ਰੁਪਏ ਦਾ ਨੁਕਸਾਨ ਹੋ ਸਕਦਾ ਹੈ, ਜਿਸ ਨਾਲ ਵਿੱਤੀ ਘਾਟਾ 4.6-4.7 ਫ਼ੀਸਦੀ ਤੱਕ ਵਧ ਜਾਵੇਗਾ। ਇਸ ਪਾੜੇ ਨੂੰ ਪੂਰਨ ਲਈ ਸਰਕਾਰ ਨੂੰ ਹੋਰ ਕਰਜ਼ਾ ਲੈਣਾ ਪਵੇਗਾ ਤੇ ਵੱਧ ਸਰਕਾਰੀ ਬਾਂਡ ਜਾਰੀ ਕਰਨੇ ਪੈਣਗੇ। ਇਸ ਸਥਿਤੀ ਵਿੱਚ ਵਿਆਜ ਦਰਾਂ ਵੀ ਵਧਣਗੀਆਂ। ਕੰਪਨੀਆਂ ਨੂੰ ਵੀ ਆਪਣੇ ਬਾਂਡਾਂ ’ਤੇ ਉੱਚ ਰਿਟਰਨ ਦੀ ਪੇਸ਼ਕਸ਼ ਕਰਨੀ ਪਵੇਗੀ। ਸੰਖੇਪ ’ਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਵੇਂ ਕੱਚੇ ਦੀਆਂ ਕੀਮਤਾਂ ਦਾ ਬੋਝ ਖ਼ਪਤਕਾਰਾਂ ’ਤੇ ਪਵੇ ਜਾਂ ਸਰਕਾਰ ਉਸ ਨੂੰ ਓਟ ਲਵੇ ਪਰ ਵਿਆਜ ਦਰਾਂ ਵਧ ਸਕਦੀਆਂ ਹਨ ਅਤੇ ਇਹ ਆਗਾਮੀ ਵਿੱਤੀ ਸਾਲ ਵਿੱਚ ਭਾਰਤ ਦੀ ਜੀ ਡੀ ਪੀ ਵਿਕਾਸ ਦਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

# ਕਿੰਨਾ ਕੁ ਸਹੀ ਹੈ ਭਾਰਤ-ਅਮਰੀਕਾ ਵਪਾਰ ਸਮਝੌਤਾ ?

**ਗੁਰਪ੍ਰਤਾਪ ਸਿੰਘ ਮਾਨ**

ਇੱਕ ਭਾਰਤੀ ਨਾਗਰਿਕ ਤੇ ਇੱਕ ਕਿਸਾਨ ਹੋਣ ਨਾਤੇ ਮੈਨੂੰ ਸਾਡੇ ਦੇਸ਼ ਦੀ ਖੇਤੀਬਾੜੀ ਦੇ ਭਵਿੱਖ ਬਾਰੇ ਡੂੰਘੀ ਦਿਲਚਸਪੀ ਹੈ - ਖਾਸ ਕਰਕੇ ਪੰਜਾਬ ’ਚ ਜਿੱਥੇ ਖੇਤੀ ਮੇਰੇ ਵਰਗੇ ਲੋਕਾਂ ਦੀ ਜ਼ਿੰਦਗੀ ਹੈ। ਹਾਲ ਹੀ ਵਿੱਚ ਭਾਰਤ-ਅਮਰੀਕਾ ਅੰਤਰਿਮ ਵਪਾਰ ਨੇ ਗਰਮ ਬਹਿਸਾਂ, ਵਿਰੋਧ ਪ੍ਰਦਰਸ਼ਨਾਂ ਤੇ ਗਲਤ ਜਾਣਕਾਰੀ ਨੂੰ ਵੱਡੇ ਪੱਧਰ ’ਤੇ ਫੈਲਾਇਆ ਹੈ। ਅਮਰੀਕੀ ਸਕੱਤਰ ਬਰੁੱਕ ਰੋਲਿੰਸ ਦੇ ਟਵੀਟ ਨੇ ਭਰਮ ਪੈਦਾ ਕੀਤਾ, ਜਿਸ ’ਚ ਉਸ ਨੇ ਕਿਹਾ ਸੀ ਕਿ ਇਹ ਵਪਾਰ ਸੌਦਾ ਅਮਰੀਕੀ ਖੇਤੀ ਉਤਪਾਦਾਂ ਨੂੰ ਭਾਰਤ ਦੇ ਵਿਸ਼ਾਲ ਬਾਜ਼ਾਰ ਵਿੱਚ ਨਿਰਯਾਤ ਕਰਨ ’ਚ ਮਦਦ ਕਰੇਗਾ ਤੇ ਇਸ ਨਾਲ ਪੇਂਡੂ ਅਮਰੀਕਾ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ। ਸਾਡੇ ਕਿਸਾਨ ਸੰਗਠਨਾਂ ਨੇ ਭਾਰਤ ਬੰਦ ਕੀਤਾ, ਉਨ੍ਹਾਂ ਨੂੰ ਡਰ ਹੈ ਕਿ ਸਸਤੇ ਅਮਰੀਕੀ ਆਯਾਤ ਦਾ ਹੜ੍ਹ ਭਾਰਤੀ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਤਬਾਹ ਕਰ ਸਕਦਾ ਹੈ। ਵਿਰੋਧੀ ਧਿਰਾਂ ਇਸ ਨੂੰ ਧੋਖਾ ਦੱਸ ਰਹੀਆਂ ਹਨ, ਪਰ ਅਫਵਾਹਾਂ ਦੀ ਬਜਾਏ ਤੱਥਾਂ ਨੂੰ ਮਹੱਤਵ ਦੇਣ ਵਾਲੇ ਵਿਅਕਤੀ ਵਜੋਂ ਮੇਰਾ ਮੰਨਣਾ ਹੈ ਕਿ ਇਹ ਸਾਰੇ ਸ਼ੱਕ ਬਹੁਤੇ ਸਹੀ ਨਹੀਂ ਹਨ।

ਇਹ ਸੌਦਾ ਕੋਈ ਨੈੱਟ-ਜ਼ੀਰੋ ਗੇਮ ਨਹੀਂ ਹੈ, ਸਗੋਂ ਨਿਰਯਾਤ ਨੂੰ ਵਧਾਉਣ, ਘਰੇਲੂ ਕਮੀਆਂ ਨੂੰ ਦੂਰ ਕਰਨ ਤੇ ਮੁੱਖ ਖੇਤਰਾਂ ਨੂੰ ਕਮਜ਼ੋਰ ਕੀਤੇ ਬਿਨਾਂ ਸਾਡੀ ਪ੍ਰੋਟੀਨ-ਘਾਟ ਵਾਲੀ ਖੁਰਾਕ ਨੂੰ ਵਧਾਉਣ ਵੱਲ ਇੱਕ ਸੰਤੁਲਿਤ ਕਦਮ ਹੈ। ਅਮਰੀਕਾ ਨਾਲ ਭਾਰਤ ਦਾ ਖੇਤੀਬਾੜੀ ਵਪਾਰ ਪਹਿਲਾਂ ਹੀ ਸਰਪਲੱਸ ਚੱਲ ਰਿਹਾ ਹੈ। ਅਸੀਂ ਹਰ ਸਾਲ ਅਮਰੀਕਾ ਨੂੰ ਲਗਭਗ 5.9-6.2 ਅਰਬ ਅਮਰੀਕੀ ਡਾਲਰ ਮੁੱਲ ਦੇ ਖੇਤੀ ਉਤਪਾਦ- ਬਾਸਮਤੀ, ਮਸਾਲੇ, ਕਾਜੂ ਤੇ ਸਮੁੰਦਰੀ ਉਤਪਾਦ ਨਿਰਯਾਤ ਕਰਦੇ ਹਾਂ, ਜਦਕਿ ਅਸੀਂ 2.7 ਅਰਬ ਡਾਲਰ ਦਾ ਆਯਾਤ ਕਰਦੇ ਹਾਂ। ਅਮਰੀਕੀ ਆਯਾਤ ਬਾਜ਼ਾਰ ਵਿਸ਼ਵ ਪੱਧਰ ’ਤੇ 82 ਅਰਬ ਡਾਲਰ ਦਾ ਹੈ, ਜਿਸ ਵਿੱਚ ਭਾਰਤ ਦਾ ਹਿੱਸਾ ਸਿਰਫ਼ 3.5 ਫ਼ੀਸਦੀ ਹੈ। ਇਹ ਸੌਦਾ ਸਾਨੂੰ ਨੁਕਸਾਨ ਪਹੁੰਚਾਉਣ ਵਾਲਾ ਨਹੀਂ ਹੈ, ਕਿਉਂਕਿ ਚੌਲ, ਕਣਕ, ਮੱਕੀ, ਡੇਅਰੀ ਤੇ ਪੋਲਟਰੀ ਵਰਗੇ ਉਤਪਾਦਾਂ ਦੇ ਆਯਾਤ ਤੋਂ ਸੁਰੱਖਿਅਤ ਰਹਿਣ ਕਰਕੇ ਸਾਡੇ ਅਨਾਜ ਲਈ ਕੋਈ ਖ਼ਤਰਾ ਨਹੀਂ ਹੈ। ਕਣਕ ਤੇ ਚੌਲ ਉਤਪਾਦਕ ਸੂਬੇ ਵਜੋਂ ਪੰਜਾਬ ਪੂਰੀ ਤਰ੍ਹਾਂ ਸੁਰੱਖਿਅਤ ਹੈ।





ਇਹ ਕਾਲਪਨਿਕ ਧਾਰਨਾ ਹੈ ਕਿ ਇਸ ਸੌਦੇ ਕਰਕੇ ਸਬਸਿਡੀ ਵਾਲੇ ਅਮਰੀਕੀ ਸਾਮਾਨ ਕਾਰਨ ਕੀਮਤਾਂ ਡਿੱਗ ਜਾਣਗੀਆਂ। ਅਸਲੀਅਤ ’ਚ ਇਹ ਸੀਮਤ ਆਯਾਤ ਉਸ ਪਾੜੇ ਨੂੰ ਭਰਨ ਦੀ ਆਗਿਆ ਦਿੰਦਾ ਹੈ, ਜੋ ਅਸੀਂ ਘਰੇਲੂ ਤੌਰ ’ਤੇ ਪੂਰਾ ਨਹੀਂ ਕਰ ਸਕਦੇ। ਖਾਣ ਵਾਲੇ ਤੇਲ ਸਾਡੀ ਖੁਰਾਕ ਦਾ ਇਕ ਮਹੱਤਵਪੂਰਨ ਹਿੱਸਾ ਹਨ, ਭਾਰਤ ਦੀ ਸਾਲਾਨਾ 96 ਲੱਖ ਟਨ ਪੈਦਾਵਾਰ ਮੰਗ ਦਾ ਸਿਰਫ਼ 40 ਫ਼ੀਸਦੀ ਪੂਰਤੀ ਕਰਦੀ ਹੈ ਤੇ ਅਸੀਂ 1.67 ਕਰੋੜ ਟਨ ਤੇਲ (ਕੀਮਤ 18-20 ਅਰਬ ਡਾਲਰ) ਆਯਾਤ ਕਰਦੇ ਹਾਂ। ਸੋਇਆਬੀਨ ਤੇਲ ਵਰਗੇ ਖਾਣ ਵਾਲੇ ਤੇਲ (94 ਫ਼ੀਸਦੀ ਅਮਰੀਕੀ ਸੋਇਆਬੀਨ ਜੀ.ਐਮ. ਹਨ, ਪਰ ਭਾਰਤ ਪਹਿਲਾਂ ਹੀ ਅਰਜਨਟੀਨਾ, ਬ੍ਰਾਜ਼ੀਲ ਅਤੇ ਹੋਰਾਂ ਤੋਂ ਜੀ.ਐਮ.-ਪ੍ਰਾਪਤ ਤੇਲ ਆਯਾਤ ਕਰਦਾ ਹੈ) ਜੋ ਖਾਣਾ ਪਕਾਉਣ ਲਈ ਬਹੁਤ ਜ਼ਰੂਰੀ ਹੈ। ਭਾਰਤ ਦਾ ਕੁੱਲ ਖੇਤੀਬਾੜੀ ਆਯਾਤ 38.5 ਅਰਬ ਡਾਲਰ ਹੈ ਜਦਕਿ 52 ਅਰਬ ਡਾਲਰ ਨਿਰਯਾਤ ਨਾਲ ਭਾਰਤ 13.5 ਅਰਬ ਡਾਲਰ ਵਾਧੇ ਨਾਲ ਸਾਨੂੰ ‘ਭੋਜਨ ਸਰਪਲੱਸ ਰਾਸ਼ਟਰ’ ਬਣਾਉਂਦਾ ਹੈ। ਇੱਕ ਹੋਰ ਮੁੱਖ ਪਹਿਲੂ: ਜਾਨਵਰਾਂ ਦੀ ਖੁਰਾਕ ਹੈ। ਇਹ ਸੌਦਾ ਸੁੱਕੇ ਡਿਸਟਿਲਡ ਅਨਾਜ (ਡੀ.ਡੀ.ਜੀ.ਐੱਸ.) ਅਤੇ ਡੀ-ਆਇਲਡ ਕੇਕ (ਡੀ.ਓ.ਸੀ.) - ਪੋਲਟਰੀ, ਡੇਅਰੀ ਤੇ ਐਕੁਆਕਲਚਰ ਵਿੱਚ ਵਰਤੇ ਜਾਣ ਵਾਲੇ ਉਪ-ਉਤਪਾਦਾਂ ਦੇ ਆਯਾਤ ਦੀ ਇਜਾਜ਼ਤ ਦਿੰਦਾ ਹੈ। ਭਾਰਤ ਨੇ ਪਹਿਲੇ ਪੜਾਅ ਵਿੱਚ ਡੀ.ਡੀ.ਜੀ.ਐੱਸ. ਨੂੰ 5 ਲੱਖ ਟਨ ਤੱਕ ਸੀਮਤ ਕਰ ਦਿੱਤਾ ਹੈ, ਜੋ ਕਿ ਸਾਡੀ 5 ਕਰੋੜ ਟਨ ਸਾਲਾਨਾ ਫੀਡ ਖਪਤ ਦਾ ਸਿਰਫ਼ 1 ਫ਼ੀਸਦੀ ਹੈ। ਡੀ.ਡੀ.ਜੀ.ਐੱਸ., ਸੋਇਆ ਡੀ.ਓ.ਸੀ. 24-25 ਰੁਪਏ/ਕਿਲੋਗ੍ਰਾਮ ਬਨਾਮ 43 ਰੁਪਏ/ਕਿਲੋਗ੍ਰਾਮ ਨਾਲੋਂ ਸਸਤਾ ਹੋਣ ਕਰਕੇ ਫੀਡ ਲਾਗਤਾਂ ਨੂੰ 15-20 ਫ਼ੀਸਦੀ ਘਟਾਉਂਦਾ ਹੈ, ਜੋ ਦੁੱਧ, ਆਂਡੇ ਤੇ ਮੀਟ ਉਦਯੋਗ ਲਈ ਵਧੇਰੇ ਲਾਭਦਾਇਕ ਹੈ। ਡੇਅਰੀ ਤੇ ਪੋਲਟਰੀ ਸ਼ਾਕਾਹਾਰੀ ਆਬਾਦੀ ਲਈ ਮਹੱਤਵਪੂਰਨ ਪ੍ਰੋਟੀਨ ਸਰੋਤ ਹੈ- ਜਿੱਥੇ ਸਿੱਧੇ ਆਯਾਤ ਦੀ ਇਜਾਜ਼ਤ ਨਹੀਂ ਹੈ।

ਭਾਰਤ ਦਾਲਾਂ ਦੇ ਖੇਤਰ ’ਚ ਸਾਲਾਨਾ 2.6-2.7 ਕਰੋੜ ਟਨ ਉਤਪਾਦਨ ਨਾਲ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਕ ਹੈ, ਪਰ ਖਪਤਕਾਰ ਵਜੋਂ 20-25 ਫ਼ੀਸਦੀ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਵਿੱਤੀ ਸਾਲ 2024-25 ਦੌਰਾਨ ਅਸੀਂ 5.48 ਅਰਬ ਡਾਲਰ ਦੀਆਂ 72 ਲੱਖ ਟਨ ਤੋਂ ਵੱਧ ਦਾਲਾਂ ਆਯਾਤ ਕੀਤੀਆਂ ਹਨ। ਇੱਕ ਹੋਰ ਖ਼ਦਸਾ ਇਹ ਹੈ ਕਿ ਜਦੋਂ ਅਮਰੀਕੀ ਸੇਬ ਘੱਟ ਟੈਰਿਫ ’ਤੇ ਦਾਖਲ ਹੋਣਗੇ, ਤਾਂ ਕੀ ਉਹ ਭਾਰਤੀ ਸੇਬ ਉਤਪਾਦਕਾਂ ਨੂੰ ‘ਤਬਾਹ’ ਨਹੀਂ ਕਰ ਦੇਣਗੇ ? ਭਾਰਤ ਦਾ ਸੇਬ ਉਤਪਾਦਨ 2025 ਵਿੱਚ ਸਾਢੇ 25 ਲੱਖ ਟਨ ਸੀ, ਜਦਕਿ 6 ਲੱਖ ਟਨ ਆਯਾਤ ਸੇਬ ਨਾਲ ਸਾਲ ਭਰ ਦੀ ਮੰਗ ਪੂਰੀ ਹੁੰਦੀ ਹੈ। ਅਮਰੀਕੀ ਸੇਬ ਨਿਰਯਾਤ ਨੇ ਬਿਨਾਂ ਨੁਕਸਾਨ ਪਹੁੰਚਾਏ ਭਾਰਤ ਦੇ ਘਰੇਲੂ ਬਾਜ਼ਾਰ ਨੂੰ ਸੰਭਾਲਿਆ ਹੈ। ਇਸੇ ਤਰ੍ਹਾਂ ਆਲੋਚਕ ਡੀ.ਡੀ.ਜੀ.ਐੱਸ. (ਅਮਰੀਕੀ ਮੱਕੀ ਤੋਂ ਪ੍ਰਾਪਤ) ਤੋਂ ਜੀ.ਐਮ. ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ, ਪਰ ਫੀਡ ਵਿੱਚ ਜੀ.ਐਮ.ਨਿਸ਼ਾਨ ਪਹਿਲਾਂ ਹੀ ਮੌਜੂਦਾ ਆਯਾਤਾਂ ਰਾਹੀਂ ਆਮ ਹਨ। ਅਸੀਂ ਜੀ.ਐਮ. ਕਪਾਹ ਦੀ 95 ਫ਼ੀਸਦੀ ਖੇਤੀ ਦੀ ਇਜਾਜ਼ਤ ਦਿੰਦੇ ਹਾਂ, ਪਰ ਮੱਕੀ ਜਾਂ ਸੋਇਆਬੀਨ ਦੀ ਨਹੀਂ, ਹਾਲਾਂਕਿ ਇਸ ਦੀ ਉਪਜ ਤਿੰਨ ਗੁਣਾ ਵੱਧ ਹੈ। ਅਮਰੀਕਾ ਤੋਂ 500 ਅਰਬ ਡਾਲਰ ਦੀ ਖਰੀਦ ‘ਇਰਾਦਾ’ ਆਧਾਰਿਤ ਹੈ ਭਾਰਤ ’ਤੇ ਬੰਧਨਕਾਰੀ ਨਹੀਂ ਹੈ - ਇਹ ਇੱਛਾਵਾਦੀ ਹੈ, ਊਰਜਾ ਤੇ ਤਕਨਾਲੋਜੀ ’ਤੇ ਕੇਂਦ੍ਰਿਤ ਹੈ, ਖੇਤੀਬਾੜੀ ਓਵਰਲੋਡ ’ਤੇ ਨਹੀਂ। ਜ਼ਿਕਰਯੋਗ ਹੈ ਕਿ ਹਰ ਸਾਲ 10,000 ਤੋਂ ਵੱਧ ਕਿਸਾਨ ਖੁਦਕੁਸ਼ੀਆਂ ਕਰਦੇ ਹਨ। ਪਰ ਇਸ ਸੌਦੇ ਨੂੰ ਦੋਸ਼ੀ ਠਹਿਰਾਉਣ ਨਾਲ ਅਸਲ ਹੱਲਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ:, ਬਿਹਤਰ ਸਿੰਚਾਈ ਤੇ ਅਮਰੀਕੀ ਉਪਜ ਤਕਨੀਕ ਅਪਣਾਉਣ ਨਾਲ ਸਾਡੀ ਮੱਕੀ 3.4 ਟਨ/ਹੈਕਟੇਅਰ ਤੋਂ 11 ਟਨ ਤੱਕ ਵਧ ਸਕਦੀ ਹੈ। ਸੰਭਾਵੀ ਤੌਰ ’ਤੇ ਕਿਸਾਨਾਂ ਦੀ ਆਮਦਨ ਵਿਚ ਅਰਬਾਂ ਦੇ ਵਾਧੇ ਨਾਲ ਡੇਅਰੀ ਤੇ ਪੋਲਟਰੀ ਦੀ ਰੱਖਿਆ ਕਰਦੇ ਹੋਏ ਪ੍ਰੋਟੀਨ ਦੀ ਆਸਾਨ ਉਪਲਬਧਤਾ ਹੋਵੇਗੀ। ਦੋਵੇਂ ਖੇਤਰ ਸੌਦੇ ਦੇ ਅਧੀਨ ਪੂਰੀ ਤਰ੍ਹਾਂ ਸੁਰੱਖਿਅਤ ਹਨ।

ਹਾਲਾਂਕਿ ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐਮ.) ਤੇ ਹੋਰ ਵਿਰੋਧੀ ਇਸ ਸੌਦੇ ਨੂੰ ਖੇਤੀਬਾੜੀ ਲਈ ‘ਕਿਆਮਤ’ ਦੱਸਦਿਆਂ ਸਬਸਿਡੀ ਵਾਲੇ ਅਮਰੀਕੀ ਸਾਮਾਨ ਦੇ ਹੜ੍ਹ ਦੀ ਭਵਿੱਖਬਾਣੀ ਕਰਕੇ ਭਾਰਤੀ ਕਿਸਾਨਾਂ ਨੂੰ ਮਾਰਨ ਅਤੇ ਸੋਇਆਬੀਨ ਤੇ ਮੱਕੀ ਦੇ ਛੋਟੇ ਉਤਪਾਦਕਾਂ ਨੂੰ ਕੁਚਲ ਦੇਣ ਵਾਲਾ ਦੱਸਦੇ ਹਨ। ਪਰ ਗਲਤ ਜਾਣਕਾਰੀ ਦੇਣ ਵਾਲੇ ਸੌਦੇ ਦੀ ਉਸ ਮਦ ਨੂੰ ਨਜ਼ਰਅੰਦਾਜ਼ ਕਰਦੇ ਹਨ, ਜਿਸ ਵਿੱਚ ਕਣਕ ਤੇ ਚੌਲ ਵਰਗੇ ਮੁੱਖ ਉਤਪਾਦਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ। ਹਾਲਾਂਕਿ ਭਾਰਤੀ ਕਿਸਾਨ ਸੰਘ ਵਰਗੇ ਆਰ.ਐੱਸ.ਐੱਸ. ਦੇ ਸਹਿਯੋਗੀ, ਸਰਕਾਰੀ ਅਧਿਕਾਰੀਆਂ ਸਮੇਤ ਸੌਦੇ ਦਾ ਪੱਖ ਲੈਣ ਵਾਲੇ ਇਸ ਨੂੰ ਜਿੱਤ ਦੱਸਦੇ ਹਨ। ਇਹ ਸੌਦਾ ਮਸਾਲਿਆਂ ਤੇ ਫਲਾਂ ਦੇ ਨਿਰਯਾਤ ਨੂੰ ਵਧਾਏਗਾ, ਹਾਲਾਂਕਿ ਡੇਅਰੀ ਜਾਂ ਅਨਾਜ ’ਤੇ ਕੋਈ ਸਮਝੌਤਾ ਨਹੀਂ ਹੋਇਆ ਹੈ। ਮੁੱਖ ਨੁਕਤਾ ਘਰੇਲੂ ਨੀਤੀਆਂ ਨੂੰ ਦੇਖਣਾ ਹੈ, ਜੋ ਖੇਤੀਬਾੜੀ ਵਿਕਾਸ ਨੂੰ ਸੀਮਤ ਕਰ ਰਹੀਆਂ ਹਨ। ਸਰਕਾਰਾਂ ਦੀ ਤਰਜੀਹ ਕੀਮਤਾਂ ਨੂੰ ਕਾਬੂ ਵਿੱਚ ਰੱਖਣਾ ਹੈ। ਜ਼ਰੂਰੀ ਵਸਤੂਆਂ ਦਾ ਐਕਟ ਕਿਸਾਨਾਂ ਦੇ ਵਿਰੁੱਧ ਹੈ, ਆਯਾਤ ਨਿਰਯਾਤ ਪਾਬੰਦੀਆਂ ਅਨਿਯਮਿਤ ਹਨ, ਜਿਨ੍ਹਾਂ ਦਾ ਇਰਾਦਾ ਘਰੇਲੂ ਕੀਮਤਾਂ ਨੂੰ ਰੋਕਣਾ ਹੈ, ਇਹ ਸਭ ਕਿਸਾਨਾਂ ਦੇ ਦੁੱਖਾਂ ਨੂੰ ਵਧਾਉਂਦੇਹਨ। ਇਹੀ ਉਹ ਥਾਂ ਹੈ ਜਿੱਥੇ ਗਲਤੀ ਹੈ ਅਤੇ ਅਸੀਂ ਨੁਕਸ ਕਿਤੇ ਹੋਰ ਲੱਭ ਰਹੇ ਹਾਂ। ਅੰਤ ’ਚ ਪਾਠਕ ਨੂੰ ਫ਼ੈਸਲਾ ਕਰਨ ਦਿਓ ਕਿ ਉਸ ਨੇ ਡੇਟਾ ਅਧਾਰਿਤ ਇੱਕ ਅਰਥਸ਼ਾਸਤਰੀ ’ਤੇ ਵਿਸ਼ਵਾਸ ਕਰਨਾ ਹੈ: ਜਾਂ ਇੱਕ ਟਰੇਡ ਯੂਨੀਅਨ ਸੋਚ ਵਾਲੇ ਲੇਖਕ ’ਤੇ ਜੋ ਡਰ ਵੇਚ ਰਿਹਾ ਹੈ। ਉਂਝ ਵੀ ਡਰ ਫੈਲਾਉਣਾ ਸਭ ਤੋਂ ਆਸਾਨ ਕੰਮ ਹੈ; ਜਦਕਿ ਤੱਥਾਂ ਨਾਲ ਸਾਬਤ ਕਰਨਾ ਕਿਤੇ ਜ਼ਿਆਦਾ ਮੁਸ਼ਕਿਲ ਹੈ।

# ਭਾਰਤ-ਅਮਰੀਕਾ ਵਪਾਰ ਸਮਝੌਤਾ ਕਿਸਾਨਾਂ ਦੇ ਹਿਤ ਵਿੱਚ ਨਹੀਂ



**ਯੋਗੇਂਦਰ ਯਾਦਵ**

ਬਜਟ ਭਾਸ਼ਨ ਦੌਰਾਨ ਕਿਸਾਨਾਂ ਦਾ ਇੱਕ ਛੋਟਾ ਜਿਹਾ ਜ਼ਿਕਰ ਕਿਸਾਨਾਂ ਨਾਲ ਭਾਰਤ ਸਰਕਾਰ ਦੇ ਰਿਸ਼ਤੇ ਵਿੱਚ ਇੱਕ ਵੱਡੇ ਬਦਲਾਅ ਵੱਲ ਇਸ਼ਾਰਾ ਕਰਦਾ ਹੈ। ਭਾਰਤ-ਅਮਰੀਕਾ ਸੌਦੇ ਵਿੱਚ ਖੇਤੀਬਾੜੀ ਨੂੰ ਸ਼ਾਮਿਲ ਕਰਨ ਦਾ ਫ਼ੈਸਲਾ ਇਸ ਬਦਲਾਅ ਦੀ ਪੁਸ਼ਟੀ ਕਰਦਾ ਹੈ, ਇਹ ਬਦਲਾਅ ਕੋਈ ਰਾਤੋ-ਰਾਤ ਨਹੀਂ ਹੋਇਆ। ਭਾਰਤੀ ਕਿਸਾਨ ਲਈ ਇਹ ਪਰਿਵਾਰ ਦਾ ਪੇਟ ਭਰਨ ਵਾਲੇ ਤੋਂ ਲੈ ਕੇ ਇੱਕ ਦੂਰ ਦੇ ਗਰੀਬ ਰਿਸ਼ਤੇਦਾਰ ਬਣਨ ਤੱਕ ਦਾ ਇੱਕ ਲੰਮਾ ਸਫ਼ਰ ਰਿਹਾ ਹੈ। ਰਾਸ਼ਟਰੀ ਸਰੋਤਾਂ ਵਿੱਚ ਕਿਸਾਨ ਦੀ ਉਚਿਤ ਹਿੱਸੇਦਾਰੀ ਦੀ ਬਜਾਏ ਉਸ ਨੂੰ ਕੁਝ ਮੁਆਵਜ਼ਾ ਜਾਂ ਛੋਟ ਹੁਣ ਸਿਰਫ਼ ਇੱਕ ਦਾਨ ਬਣ ਗਈ ਹੈ। ਇਹ ਹੁਣ ਇੱਕ ਪਾਲਣਹਾਰੇ ਤੋਂ ਤਾਬਿਆਦਾਰ ਬਣ ਗਿਆ ਹੈ: ਸਰਕਾਰ ਉਸ ਨੂੰ ਗੁਜ਼ਾਰੇ ਦੇ ਲਈ ਆਪਣੀ ਮਰਜ਼ੀ ਨਾਲ ਮਦਦ ਦਿੰਦੀ ਹੈ ਅਤੇ ਬਦਲੇ ’ਚ ਕਿਸਾਨ ਆਪਣੀ ਵਫ਼ਾਦਾਰੀ, ਚੁੱਪ ਤੇ ਵੋਟ ਦਿੰਦਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਸ ਸਾਲ ਆਪਣੇ ਬਜਟ ਭਾਸ਼ਨ ਵਿਚ ਕਿਸਾਨਾਂ ਲਈ ਸ਼ਾਨਦਾਰ ਪਰ ਸੰਕੇਤਕ ਯੋਜਨਾਵਾਂ ਦਾ ਐਲਾਨ ਕਰਨ ਦੀ ਰਸਮ ਵੀ ਖ਼ਤਮ ਕਰ ਦਿੱਤੀ ਹੈ। ਉਨ੍ਹਾਂ ਆਪਣੇ ਬਜਟ ਭਾਸ਼ਨ ਵਿੱਚ ਕਿਸਾਨਾਂ, ਉੱਤਰ-ਪੂਰਬ ਦੇ ਲੋਕਾਂ ਅਤੇ ਸਰੀਰਕ ਤੇ ਮਾਨਸਿਕ ਰੂਪ ’ਚ ਅਪਾਹਜਤਾ ਵਾਲੇ ਲੋਕਾਂ ਨੂੰ ਇੱਕ ਸਾਥ ਰੱਖਿਆ ਹੈ। ਮੈਥੋਂ ਵਿੱਤ ਮੰਤਰੀ ਦੇ ਆਰਥਿਕ ਤਰਕ ਬਾਰੇ ਪੁੱਛਣ ਦੀ ਬਜਾਏ ਉਨ੍ਹਾਂ ਦੇ ਲਹਿਜ਼ੇ ਵਿਚ ਆਏ ਬਦਲਾਅ ਵੱਲ ਧਿਆਨ ਦਿਓ: ਕਿਸਾਨ ‘ਅੰਨਦਾਤਾ’ ਤੋਂ ਹੁਣ ‘ਬੇਚਾਰਾ’ ਹੋ ਗਿਆ ਹੈ।

ਬਜਟ ਵਿੱਚ ਹੋਈ ਵੰਡ ਇਸੇ ਗੱਲ ਨੂੰ ਦਰਸਾਉਂਦੀ ਹੈ। ਕੇਂਦਰ ਦੇ ਕੁੱਲ ਖਰਚ ਦੇ ਫ਼ੀਸਦੀ ਵਜੋਂ ‘ਖੇਤੀਬਾੜੀ ਤੇ ਉਸ ਨਾਲ ਜੁੜੀਆਂ ਸਰਗਰਮੀਆਂ’ ’ਤੇ ਅਸਲ ਖ਼ਰਚ ਦਾ ਹਿੱਸਾ 2019-20 ਵਿੱਚ 4.19 ਫ਼ੀਸਦੀ ਤੋਂ ਲਗਾਤਾਰ ਘਟ ਕੇ ਹੁਣ 2025-26 ਵਿੱਚ 3.06 ਫ਼ੀਸਦੀ ਹੋ ਗਿਆ ਹੈ। ਜੇਕਰ ਤੁਸੀਂ ਬਜਟ ’ਚੋਂ ‘ਕਿਸਾਨ ਸਨਮਾਨ ਨਿਧੀ’ ਦੀ ਰਕਮ ਨੂੰ ਕੱਢ ਦਿਓ ਤਾਂ ਖੇਤੀਬਾੜੀ ਨਾਲ ਸੰਬੰਧਿਤ ਹੋਰ ਸਭ ਮੱਦਾਂ ’ਤੇ ਬਜਟ ਖਰਚ 2018-19 ਵਿੱਚ 2.73 ਫ਼ੀਸਦੀ ਤੋਂ ਘੱਟ ਕੇ ਇਸ ਸਾਲ 1.85 ਫ਼ੀਸਦੀ ਰਹਿ ਗਿਆ ਹੈ। ਖੇਤੀਬਾੜੀ ਵਿਗਿਆਨੀ ਰਮੰਜਾਨੇਯੂਲੂ ਨੇ ਦੱਸਿਆ ਹੈ ਕਿ ਬਜਟ ‘ਅਜੀਬ ਤਰ੍ਹਾਂ ਨਾਲ ਵੱਖਰਾ’ ਸੀ, ਜਿਸ ਨੂੰ ਸਰਕਾਰ ਭਾਰਤੀ ਖੇਤੀਬਾੜੀ ਲਈ ਲੰਬੇ ਸਮੇਂ ਦੀਆਂ ਚੁਣੌਤੀਆਂ- ਘੱਟ ਆਮਦਨ, ਜ਼ਿਆਦਾ ਕਰਜ਼ ਤੇ ਮਾੜੀ ਸਿੰਚਾਈ, ਭੂਮੀਗਤ ਪਾਣੀ ਦਾ ਘਟਣਾ ਤੇ ਜਲਵਾਯੂ ਪਰਿਵਰਤਨ ਆਦਿ ਮੰਨਦੀ ਹੈ। ਨਵੇਂ ਭਾਰਤ ’ਚ ਕਿਸਾਨ ਵਿਕਾਸ ਵਿੱਚ ਭਾਈਵਾਲ ਨਹੀਂ, ਸਗੋਂ ਭੋਜਨ ਸੁਰੱਖਿਆ ਤੇ ਮਹਿੰਗਾਈ ਦੇ ਪ੍ਰਬੰਧਨ ਵਿੱਚ ਸਿਰਫ਼ ਝਟਕਾ ਸੋਖਣ ਵਾਲੇ ਹਨ, ਨਹੀਂ ਤਾਂ ਉਹ ਇੱਕ ਬੋਝ ਹਨ।

ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਨ ਦਾ ਫ਼ੈਸਲਾ ਚੀਜ਼ਾਂ ਦੀ ਨਵੀਂ ਯੋਜਨਾ ਵਿੱਚ ਕਿਸਾਨਾਂ ਦੇ ਸਥਾਨ ਦੀ ਇੱਕ ਹੋਰ ਪੁਸ਼ਟੀ ਹੈ।




ਵਾਈਨ ਤੇ ਪ੍ਰੋਸੈਸਡ ਭੋਜਨ ’ਤੇ ਅਮਰੀਕਾ ਨਾਲ ਸੌਦੇ ਵਿੱਚ ਭੋਜਨ ਤੇ ਖੇਤੀ ਉਤਪਾਦਾਂ ਨੂੰ ਅੰਤਰਰਾਸ਼ਟਰੀ ਵਪਾਰ ਸੰਧੀਆਂ ਤੋਂ ਬਾਹਰ ਰੱਖਣ ਦੀ ਸਥਾਪਿਤ ਨੀਤੀ ਤੋਂ ਪਰ ਇਸ ਬੁਨਿਆਦੀ ਬਦਲਾਅ ਹੋਇਆ ਹੈ। ਅਮਰੀਕਾ ਨੂੰ ਸਾਡੇ ਮੰਤਰੀਆਂ ਦੁਆਰਾ ਦੱਸੀ ਗਈ ਖੇਤੀਬਾੜੀ ਉਤਪਾਦਾਂ ਦੀ ਲੰਮੀ ਸੂਚੀ ਵਿੱਚ ਅਮਰੀਕਾ ਨੂੰ ਕੋਈ ਦਿਲਚਸਪੀ ਨਹੀਂ ਸੀ, ਜੋ ਇਸ ਸੌਦੇ ਵਿੱਚ ਸ਼ਾਮਿਲ ਨਹੀਂ ਹਨ। ਅਮਰੀਕਾ ਨੇ ਭਾਰਤ ਸਰਕਾਰ ਨੂੰ ਉਹ ਮੰਨਣ ਲਈ ਮਜਬੂਰ ਕਰ ਦਿੱਤਾ, ਜੋ ਉਹ ਚਾਹੁੰਦਾ ਸੀ। ਭਾਰਤ ਤੇਜ਼ੀ ਨਾਲ ਵਧ ਰਹੇ ਪਸ਼ੂ ਫੀਡ ਬਾਜ਼ਾਰ ਦਾ ਇੱਕ ਵੱਡਾ ਹਿੱਸਾ ਹੈ, ਜੋ ਅਮਰੀਕਾ ਤੋਂ ਚੀਨ ਦੇ ਮੱਕੀ ਤੇ ਸੋਇਆਬੀਨ ਦੇ ਘਟੇ ਹੋਏ ਆਯਾਤ ਦੀ ਜਗ੍ਹਾ ਲੈ ਸਕਦਾ ਹੈ। ਅਮਰੀਕਾ ਤੋਂ ਮੱਕੀ ਜੋ ਜ਼ਿਆਦਾਤਰ ਜੈਨੇਟਿਕਲੀ ਮੋਡੀਫਾਈਡ (ਜੀ.ਐਮ.) ਹੈ, ਸੁੱਕੇ ਡਿਸਟਿਲਰੀ ਅਨਾਜ ਅਤੇ ਘੁਲਣਸ਼ੀਲ (ਡੀ.ਡੀ.ਜੀ.ਐੱਸ.) ਦੇ ਰੂਪ ਵਿਚ ਆਪਣਾ ਰਸਤਾ ਲੱਭੇਗੀ ਅਤੇ ਜੈਨੇਟਿਕ ਤੌਰ ’ਤੇ ਸੋਧੀ ਹੋਈ ਸੋਇਆਬੀਨ ਨੂੰ ਸੋਇਆ ਤੇਲ ਦੇ ਰੂਪ ਵਿੱਚ ਆਗਿਆ ਦਿੱਤੀ ਜਾਵੇਗੀ। ਕੁਝ ਦਾਲਾਂ ਵੀ ਇਸ ਸੌਦੇ ਦਾ ਹਿੱਸਾ ਹਨ ਅਤੇ ਅੱਗੇ ਹੋਰ ਵੀ ਬਹੁਤ ਕੁਝ ਹੋ ਸਕਦਾ ਹੈ। ਹਰੀਸ਼ ਦਮੋਦਰਨ ਤੇ ਪੋਰਟਲ ਰੂਰਲ ਵਾਇਸ ਦੇ ਹਰਵੀਰ ਸਿੰਘ ਜਿਹੇ ਭਾਰਤੀ ਖੇਤੀਬਾੜੀ ਦੇ ਨਿਰੀਖਕਾਂ ਅਨੁਸਾਰ ਇਹ ਸੌਦਾ ਦੇਸ਼ ਭਰ ਦੇ ਮੱਕਾ (ਮੱਕੀ) ਤੇ ਸੋਇਆਬੀਨ ਕਿਸਾਨਾਂ ਦਾ ਵੱਡਾ ਨੁਕਸਾਨ ਕਰੇਗਾ, ਜੋ ਪਹਿਲਾਂ ਹੀ ਆਪਣੀਆਂ ਫ਼ਸਲਾਂ ਨੂੰ ਅਧਿਕਾਰਤ ਐਮ.ਐੱਸ.ਪੀ. ਤੋਂ ਹੇਠਾਂ ਵੇਚ ਰਹੇ ਹਨ। ਇਸ ਸੌਦੇ ਦੇ ਪ੍ਰਭਾਵ ਸਾਂਝੇ ਬਿਆਨ ਵਿਚ ਦਿੱਸਣ ਤੋਂ ਕਿਤੇ ਵੱਧ ਹਨ, ਕਿਉਂਕਿ ਅੰਤਿਮ ਸਮਝੌਤੇ ਵਿੱਚ ‘ਡੂੰਘੀ ਪਹੁੰਚ’ ਪ੍ਰਦਾਨ ਕਰਨ ਦੀ ਵਿਵਸਥਾ ਅਤੇ ਭਾਰਤ ਦੁਆਰਾ ‘ਅਮਰੀਕੀ ਭੋਜਨ ਤੇ ਖੇਤੀਬਾੜੀ ਉਤਪਾਦਾਂ ਦੇ ਵਪਾਰ ਵਿਚ ਗੈਰ-ਟੈਰਿਫ ਰੁਕਾਵਟਾਂ ਨੂੰ ਦੂਰ ਕਰਨ’ ਦੀ ਵਚਨਬੱਧਤਾ ਸ਼ਾਮਿਲ ਹੈ। ਅਲਾਇੰਸ ਫਾਰ ਸਸਟੇਨੇਬਲ ਐਂਡ ਹੋਲਿਸਟਿਕ ਐਗਰੀਕਲਚਰ (ਆਸ਼ਾ-ਸਵਰਾਜ) ਨੇ ਇਸ ਸੌਦੇ ’ਤੇ ਡੂੰਘੀ ਚਿੰਤਾ ਪ੍ਰਗਟਾਈ ਹੈ, ਕਿਉਂਕਿ ਇਹ ਜੀ.ਐਮ ਫ਼ਸਲਾਂ ਤੇ ਖੁਰਾਕ ਉਤਪਾਦਾਂ ਦੇ ਬਹੁਤ ਵੱਡੇ ਸਪੈਕਟ੍ਰਮ ਦੇ ਆਯਾਤ ਲਈ ਦਰਵਾਜ਼ੇ ਖੋਲ੍ਹ ਰਿਹਾ ਹੈ।

ਕਿਸਾਨਾਂ ਤੋਂ ਮੂੰਹ ਮੋੜਨ ਲਈ ਸਿਰਫ਼ ਮੌਜੂਦਾ ਸ਼ਾਸਨ ਜਾਂ ਭਾਜਪਾ ਨੂੰ ਦੋਸ਼ੀ ਠਹਿਰਾਉਣਾ ਬੇਇਨਸਾਫ਼ੀ ਹੋਵੇਗੀ, ਕਿਉਂਕਿ ਇਹ ਸਭ ਕੁਝ ਕੋਈ ਨਵੀਂ ਸਕੀਮ ਨਹੀਂ ਹੈ। ਆਜ਼ਾਦੀ ਤੋਂ ਬਾਅਦ ਦੇ ਭਾਰਤੀ ਸ਼ਾਸਨ ’ਚ ਕਦੇ ਵੀ ਕਿਸਾਨਾਂ ਲਈ ਕੋਈ ਦੂਰਦਰਸ਼ੀ ਦ੍ਰਿਸ਼ਟੀਕੋਣ ਨਹੀਂ ਅਪਣਾਇਆ ਗਿਆ। ਪਹਿਲੀ ਪੰਜ ਸਾਲਾ ਯੋਜਨਾ ਜਾਂ ਚੌਧਰੀ ਚਰਨ ਸਿੰਘ ਵਰਗੀ ਇਕੱਲੀ ਆਵਾਜ਼ ਨੂੰ ਛੱਡ ਕੇ ਭਾਰਤ ਦੀ ਵਿਕਾਸ ਯੋਜਨਾਬੰਦੀ ’ਚ ਕਿਸਾਨ ਵੱਲ ਕਦੇ ਵੀ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਭਾਰਤ ਦੇ ਨੀਤੀ ਨਿਰਮਾਤਾਵਾਂ ਦੀ ਸੋਚ ਸੀ ਕਿ ਜਦੋਂ ਦੇਸ਼ ਵਿਕਸਿਤ ਅਰਥਵਿਵਸਥਾਵਾਂ ਦੇ ਇਤਿਹਾਸ ਨੂੰ ਦੁਹਰਾਏਗਾ ਤਾਂ ਜ਼ਿਆਦਾਤਰ ਆਬਾਦੀ ਆਪੇ ਖੇਤੀਬਾੜੀ ਤੋਂ ਦੂਰ ਹੋ ਜਾਵੇਗੀ। ਇਸ ਦ੍ਰਿਸ਼ਟੀਕੋਣ ਤਹਿਤ ਕਿਸਾਨ ਸਿਰਫ਼ ਅਤੀਤ ਦਾ ਬਚਿਆ ਹੋਇਆ ਇੱਕ ਹਿੱਸਾ ਹਨ ਅਤੇ ਇਸੇ ਸੋਚ ਤਹਿਤ ਭਾਰਤ ਸਰਕਾਰ ਨੇ ਅਣਲਿਖਤ ਇਕਰਾਰਨਾਮੇ ਨੂੰ ਆਕਾਰ ਦਿੱਤਾ ਹੈ, ਇਹ ਇੱਕ ਜ਼ਬਰਦਸਤੀ ਵਾਲਾ ਇਕਰਾਰਨਾਮਾ ਹੈ, ਜੋ ਕਿਸਾਨਾਂ ਦੇ ਕੋਲ ਰੋਜ਼ੀ-ਰੋਟੀ ਦੇ ਦੂਸਰੇ ਤਰੀਕਿਆਂ ’ਤੇ ਸੌਦੇਬਾਜ਼ੀ ਕਰਨ ਦੀ ਸ਼ਕਤੀ ’ਤੇ ਅਧਾਰਿਤ ਹੈ।

(ਬਾਕੀ ਸਫ਼ਾ 27 ’ਤੇ)

# ਟਰੰਪ ਦੀ ਨਵੀਂ ਵਿਸ਼ਵ ਰਣਨੀਤੀ ਦੇ ਕੀ ਪੈਣਗੇ ਪ੍ਰਭਾਵ ?

**ਡਾ. ਮੋਹਨ ਸਿੰਘ**

ਅਮਰੀਕਾ ਅੰਦਰ ਜਦੋਂ ਵੀ ਨਵਾਂ ਰਾਸ਼ਟਰਪਤੀ ਬਣਦਾ ਹੈ ਤਾਂ ਉਹ ਨਵੀਂ ਕੌਮੀ ਸੁਰੱਖਿਆ ਨੀਤੀ ਦੇ ਨਾਂਅ ’ਤੇ ਆਪਣੀ ਕੌਮੀ ਤੇ ਕੌਮਾਂਤਰੀ ਰਣਨੀਤੀ ਲਿਆਉਂਦਾ ਹੈ। ਹੁਣ ਜਦੋਂ ਡੋਨਾਲਡ ਟਰੰਪ ਮੁੜ ਰਾਸ਼ਟਰਪਤੀ ਬਣਿਆ ਹੈ ਤਾਂ ਉਹ ਵੀ ਆਪਣੀ ਨਵੀਂ ਕੌਮੀ ਸੁਰੱਖਿਆ ਰਣਨੀਤੀ (ਐਨ.ਐਸ.ਐਸ.) ਲੈ ਕੇ ਆਇਆ। ਅਮਰੀਕਾ ਦੀ ਇਹ ਵਿਸ਼ਵ ਰਣਨੀਤੀ ਮੈਨਰੋ ਸਿਧਾਂਤ (1823) ਦੇ ਇੱਕ ਇਤਿਹਾਸਕ ਘੋਸ਼ਣਾ ਪੱਤਰ ਦਾ ਨਵਾਂ ਰੂਪ ਹੈ, ਜਿਸ ਵਿਚ ਅਮਰੀਕਾ ਨੇ ਯੂਰਪ ਨੂੰ ਚਿਤਾਵਨੀ ਦਿੱਤੀ ਸੀ ਕਿ ਯੂਰਪ, ਉੱਤਰੀ ਤੇ ਦੱਖਣੀ ਅਮਰੀਕੀ ਮਹਾਂਦੀਪ ਨੂੰ ਯੂਰਪੀਅਨ ਬਸਤੀਆਂ ਬਣਾਉਣ ਲਈ ਸੈਨਿਕ ਤੇ ਸਿਆਸੀ ਦਖ਼ਲ ਨਾ ਦੇਵੇ। ਇਸ ਤੋਂ ਬਾਅਦ ਅਮਰੀਕਾ ਦੀ ਆਰਥਿਕ ਤੇ ਫ਼ੌਜੀ ਤਾਕਤ ਦੀ ਚੜ੍ਹਤ ਵਧਣ ਨਾਲ ਮੈਨਰੋ ਸਿਧਾਂਤ ਅਮਰੀਕਾ ਦੀ ਮਹਾ-ਸਾਮਰਾਜੀ ਯੁੱਧਨੀਤੀ ਦੀ ਬੁਨਿਆਦ ਬਣ ਗਿਆ।

ਵਿਸ਼ਵ ਅੰਦਰ ਆਰਥਿਕ-ਸਮਾਜਿਕ-ਰਾਜਨੀਤਕ ਹਾਲਾਤ ਲਗਾਤਾਰ ਤਬਦੀਲ ਹੁੰਦੇ ਰਹਿੰਦੇ ਹਨ ਤੇ ਇਨ੍ਹਾਂ ਤਬਦੀਲੀਆਂ ਅਨੁਸਾਰ ਦੁਨੀਆ ਭਰ ਦੀਆਂ ਹਾਕਮ ਜਮਾਤਾਂ ਆਪਣੇ ਰਾਜ ਕਰਨ ਦੇ ਢੰਗ-ਤਰੀਕੇ ਨਵੀਆਂ ਸਥਿਤੀਆਂ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ। ਦੁਨੀਆ ਅੰਦਰ ਅਮਰੀਕਨ ਸਾਮਰਾਜ ਇਸ ਸਮੇਂ ਇਕੋ-ਇੱਕ ਮਹਾ-ਸਾਮਰਾਜੀ ਤਾਕਤ ਹੈ ਅਤੇ ਜਿਵੇਂ-ਜਿਵੇਂ ਵਿਸ਼ਵ ’ਚ ਆਰਥਿਕ, ਸਮਾਜਿਕ ਤੇ ਸਿਆਸੀ ਹਾਲਾਤ ਵਿਚ ਪਰਿਵਰਤਨ ਹੋ ਰਹੇ ਹਨ, ਅਮਰੀਕੀ ਸਾਮਰਾਜ ਸੰਸਾਰ ਪੱਧਰ ’ਤੇ ਆਪਣੀ ਚੌਧਰ ਕਾਇਮ ਰੱਖਣ ਲਈ ਆਪਣੀਆਂ ਰਣਨੀਤੀਆਂ ਬਦਲ ਰਿਹਾ ਹੈ। ਅਮਰੀਕਾ ਦੀ ਨਵੀਂ ਕੌਮੀ ਸੁਰੱਖਿਆ ਰਣਨੀਤੀ ਇਨ੍ਹਾਂ ਬਦਲ ਰਹੇ ਹਾਲਾਤ ਨੂੰ ਸੰਬੋਧਨ ਹੋਣ ਦਾ ਇੱਕ ਯਤਨ ਹੈ। ਇਸ ਰਣਨੀਤੀ ਦਾ ਉਦੇਸ਼ ਦੁਨੀਆ ’ਚ ਵੱਡੀਆਂ ਤਾਕਤਾਂ ਅਮਰੀਕਾ, ਚੀਨ, ਰੂਸ, ਜਪਾਨ ਤੇ ਯੂਰਪੀਅਨ ਯੂਨੀਅਨ ਵਿਚਕਾਰ ਤਿੱਖੇ ਆਰਥਿਕ ਮੁਕਾਬਲੇ, ਧਰਤੀ ਦੇ ਦੁਰਲੱਭ ਤੱਤਾਂ ’ਤੇ ਏਕਾਧਿਕਾਰ ਸਥਾਪਤ ਕਰਨ, ਏ.ਆਈ., ਤਕਨੀਕੀ ਜੰਗ, ਹਥਿਆਰਾਂ ਦੀ ਦੌੜ ’ਚ ਅੱਗੇ ਨਿਕਲਣ, ਵਿਸ਼ਵ ਅੰਦਰ ਗੱਠਜੋੜਾਂ ਦੀ ਰਣਨੀਤੀ ਵਿੱਚ ਅੱਗੇ ਨਿਕਲਣ ਦੀ ਦੌੜ ਦੇ ਸੰਦਰਭ ਵਿੱਚ ਅਮਰੀਕਾ ਦੇ ਵਿਸ਼ਵ ਅੰਦਰ ਪ੍ਰਭਾਵ ਵਧਾਉਣ ਦੇ ਪੈਂਤੜੇ ਵਿੱਚ ਸ਼ਾਮਿਲ ਹਨ।

ਅਮਰੀਕਾ ਦੀ ਕੌਮੀ ਸੁਰੱਖਿਆ ਰਣਨੀਤੀ ਮੈਨਰੋ ਸਿਧਾਂਤ ਉਸ ਵੱਲੋਂ 1823 ਵਿੱਚ ਲਿਆਂਦੀ ਗਈ ਸੀ, ਹੁਣ ਇਸੇ ਨੀਤੀ ਨੂੰ 21ਵੀਂ ਸਦੀ ਦੀ ਭੂ-ਰਣਨੀਤੀ ਅਨੁਸਾਰ ਬਦਲਿਆ ਜਾ ਰਿਹਾ ਹੈ। ਅਮਰੀਕਾ ਦੀ ਕੌਮੀ ਸੁਰੱਖਿਆ ਰਣਨੀਤੀ ਉਹ ਮੁੱਖ ਦਸਤਾਵੇਜ਼ ਹੈ, ਜੋ ਨਿਰਧਾਰਤ ਕਰਦੀ ਹੈ ਕਿ ਅਮਰੀਕਾ ਆਪਣੀ ਸੁਰੱਖਿਆ, ਵਿਸ਼ਵ ਭੂਮਿਕਾ, ਫ਼ੌਜੀ ਤਾਕਤ, ਆਰਥਿਕ ਦਬਦਬਾ ਅਤੇ ਤਕਨੀਕੀ ਅਗਵਾਈ ਨੂੰ ਕਿਵੇਂ ਦੇਖਦਾ ਤੇ ਕਿਵੇਂ ਵਰਤਦਾ ਹੈ ? ਭਾਵੇਂ ਹਰ ਰਾਸ਼ਟਰਪਤੀ ਆਪਣੀ ਵੱਖਰੀ ਰਣਨੀਤੀ ਲਿਆਉਂਦਾ ਹੈ, ਪਰ ਇਸ ਦਾ ਕੇਂਦਰੀ ਤੱਤ ਹਮੇਸ਼ਾ ਇਕੋ ਰਿਹਾ ਹੈ ਕਿ ਅਮਰੀਕਾ ਦੀ ਵਿਸ਼ਵ ਸਰਦਾਰੀ ਨੂੰ



ਕਿਵੇਂ ਬਰਕਰਾਰ ਰੱਖਣਾ ਹੈ ? ਐਨ.ਐਸ.ਐਸ. ਇਹ ਧਾਰਨਾ ਪੇਸ਼ ਕਰਦੀ ਹੈ ਕਿ ਦੁਨੀਆ ਵਿੱਚ ਸ਼ਾਂਤੀ, ਆਰਥਿਕ ਸਥਿਰਤਾ ਤੇ ਰਾਜਨੀਤਕ ਸੰਤੁਲਨ ਤਦ ਹੀ ਬਣਿਆ ਰਹਿ ਸਕਦਾ ਹੈ, ਜੇ ਵਿਸ਼ਵ ਅਮਰੀਕਾ ਦੀ ਪ੍ਰਮੁੱਖਤਾ ਨੂੰ ਸਵੀਕਾਰ ਕਰ ਕੇ ਉਸ ਦੀ ਮੁਥਾਜਗੀ ਵਿੱਚ ਰਹੇ। ਇਸ ਦੇ ਤਹਿਤ ਚਾਹੇ ਰਾਸ਼ਟਰਪਤੀ ਕੋਈ ਵੀ ਹੋਵੇ, ਐਨ.ਐਸ.ਐਸ. ਦੇ ਕੁਝ ਸਥਾਈ ਉਦੇਸ਼ ਹਨ, ਜਿਨ੍ਹਾਂ ਨੇ ਵਿਸ਼ਵ ਪੱਧਰ ’ਤੇ ਅਮਰੀਕੀ ਤਾਕਤ ਦੇ ਵੱਧ ਤੋਂ ਵੱਧ ਦਬਦਬੇ ਨਾਲ ਵਿਸ਼ਵ ਨੂੰ ਅਮਰੀਕਾ ਅਧੀਨ ਰੱਖਣ, ਦੁਨੀਆ ਦੀਆਂ ਵੱਡੀਆਂ ਸੰਸਥਾਵਾਂ ਯੂ.ਐਨ.ਓ., ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਫੰਡ, ਨਾਟੋ ਅਤੇ ਹੋਰ ਕੌਮਾਂਤਰੀ ਸੰਸਥਾਵਾਂ ’ਤੇ ਅਮਰੀਕਾ ਦਾ ਦਬਦਬਾ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਇਸ ਧਾਰਨਾ ’ਚ ਸੰਸਾਰ ਵਿੱਚ ਅਮਰੀਕੀ ਤਾਕਤ ਦਾ ਅੰਤਿਮ ਆਧਾਰ ਉਸ ਦੀ ਸੈਨਿਕ ਸ਼ਕਤੀ, ਉਸ ਦੀ ਡਾਲਰ ਦੀ ਸਰਦਾਰੀ ਤੇ ਤੇਲ ’ਤੇ ਟਿਕੀ ਹੋਈ ਹੈ। ਸੈਮੀਕੰਡਕਟਰ ਚਿੱਪਾਂ ਅਤੇ ਉੱਚ ਤਕਨੀਕੀ ਉਤਪਾਦਨ ਸਮਰੱਥਾ ’ਤੇ ਉਸ ਦਾ ਕੰਟਰੋਲ ਰਹੇ। ਇਸ ਤੋਂ ਇਲਾਵਾ ਸਮੁੰਦਰੀ ਤਾਕਤ, ਏਅਰ ਕਰਾਫਟ ਕੈਰੀਅਰ, ਨੇਵਲ ਬੇਸ, ਹਵਾਈ ਫ਼ੌਜੀ ਤਾਕਤ ਅਤੇ ਬਚਾਓ ਸਾਈਬਰ ਸਮਰੱਥਾ ਆਦਿ ਵਿੱਚ ਅਮਰੀਕਾ ਦੀ ਸਰਦਾਰੀ ਨੂੰ ਕਾਇਮ ਰੱਖਣ ਲਈ ਇਸ ਰਣਨੀਤੀ ਨੂੰ ਹੋਰ ਵੱਧ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਦਾ ਅਸਲੀ ਮਕਸਦ ਹੈ ਕਿ ਕੋਈ ਵੀ ਸ਼ਕਤੀ ਚਾਹੇ ਉਹ ਚੀਨ ਹੋਵੇ ਜਾਂ ਰੂਸ ਹੋਵੇ, ਅਮਰੀਕੀ ਫ਼ੌਜੀ ਦਬਦਬੇ ਨੂੰ ਚੁਣੌਤੀ ਨਾ ਦੇ ਸਕੇ।

21ਵੀਂ ਸਦੀ ਦੀ ਨਵੀਂ ਜੰਗ ਵਿੱਚ ਅੱਜ ਅਮਰੀਕਾ ਦੀ ਸੰਸਾਰ ਅੰਦਰ ਤਕਨੀਕੀ ਸਰਦਾਰੀ ਨੂੰ ਫ਼ੌਜੀ ਦਬਦਬੇ ਤੋਂ ਵੀ ਵੱਧ ਮਹੱਤਵਪੂਰਨ ਮੰਨਿਆ ਜਾਂਦਾ ਹੈ। ਅਮਰੀਕਾ ਦੀ ਇਸ ਰਣਨੀਤੀ ਵਿੱਚ ਜੋ ਤਕਨੀਕੀ ਖੇਤਰ ਮੁੱਖ ਹਨ, ਉਨ੍ਹਾਂ ਵਿੱਚ ਮਸਨੂਈ ਬੌਧਿਕਤਾ (ਏ.ਆਈ.), ਕੁਆਂਟਮ ਕੰਪਿਊਟਿੰਗ, ਸਾਈਬਰ ਢਾਂਚਾ, ਸੈਮੀਕੰਡਕਟਰ ਚਿੱਪ ਆਦਿ ਦੇ ਖੇਤਰਾਂ ਵਿੱਚ ਆਪਣਾ ਦਬਦਬਾ ਬਣਾਈ ਰੱਖਣਾ ਹੈ। ਇਹ ਸਭ ਚੀਨ ਨਾਲ ਤਕਨੀਕੀ ਜੰਗ ਦਾ ਹਿੱਸਾ ਹਨ। ਅਮਰੀਕਾ ਦੀ ਨਵੀਂ ਰਣਨੀਤੀ ਮੰਨਦੀ ਹੈ ਕਿ ਜੇ ਤਕਨੀਕ ’ਤੇ ਕੰਟਰੋਲ ਖਿਸਕ ਗਿਆ ਤਾਂ ਸੈਨਿਕ ਅਤੇ ਆਰਥਿਕ ਦੋਵੇਂ ਤਾਕਤਾਂ ਡਿੱਗ ਜਾਣਗੀਆਂ। ਅਮਰੀਕਾ ਚੀਨ ਨੂੰ ਇੱਕ ਕਮਿਊਨਿਸਟ ਖ਼ਤਰਾ ਸਮਝਦਾ ਹੈ। ਉਸ ਨੂੰ ਆਰਥਿਕ ਮੁਕਾਬਲੇਬਾਜ਼, ਤਕਨੀਕੀ ਖੇਤਰ ਵਿੱਚ ਵਿਰੋਧੀ ਤੇ ਸੈਨਿਕ ਚੁਣੌਤੀ ਵਜੋਂ ਦੇਖਦਾ ਹੈ। ਇਸ ਲਈ ਅਮਰੀਕਾ ਦੀ ਨਵੀਂ ਨੀਤੀ ਚੀਨ ਵਿਰੁੱਧ ਇਹ ਰਣਨੀਤੀਆਂ ਤੈਅ ਕਰਦੀ ਹੈ : ਹਿੰਦ-ਪ੍ਰਸ਼ਾਤ ਖਿੱਤੇ ਦਾ ਫ਼ੌਜੀਕਰਨ, ਕੁਆਡ, ਚਿਪਸ ਅਤੇ ਏ.ਆਈ. ’ਤੇ ਰੁਕਾਵਟਾਂ ਦੂਰ ਕਰਨ, ਤਾਈਵਾਨ ਨੂੰ ਹਥਿਆਰ ਤੇ ਸੈਨਾ ਸਮਰਥਨ ਦੇਣਾ ਆਦਿ।

ਅਮਰੀਕਾ ਦੀ ਇਸ ਨਵੀਂ ਸੁਰੱਖਿਆ ਕੌਮੀ ਨੀਤੀ ਮੁਤਾਬਕ ਮੱਧ ਪੂਰਬ ਅਤੇ ਯੂਰਪ ਦੀ ਭੂ-ਰਾਜਨੀਤਕ ਰਣਨੀਤੀ ਵਿਚ ਰੂਸ ਖ਼ਤਰਾ ਹੈ, ਪਰ ਸਦੀਵੀ ਨਹੀਂ। ਇਹ ਰਣਨੀਤੀ ਰੂਸ ਨੂੰ ਫੌਰੀ ਖ਼ਤਰਾ ਤਾਂ ਮੰਨਦੀ ਹੈ, ਪਰ ਚੀਨ ਵਾਂਗ ਲੰਬੇ ਸਮੇਂ ਦਾ ਮੁਕਾਬਲਾ ਨਹੀਂ ਸਮਝਦੀ। ਇਸ ਤੋਂ ਇਲਾਵਾ ਐਨ.ਐਸ.ਐਸ. ਦਾ ਉਦੇਸ਼ ਰੂਸ ਵਿਰੁੱਧ ਨਾਟੋ ਦਾ ਵਿਸਤਾਰ ਕਰਨਾ, ਯੂਕ੍ਰੇਨ ਨੂੰ ਹਥਿਆਰ ਤੇ ਆਰਥਿਕ ਸਮਰਥਨ ਦੇਣਾ, ਰੂਸ ਦੀਆਂ ਊਰਜਾ ਬੰਦਸ਼ਾਂ ਅਤੇ ਸਾਈਬਰ ਘੇਰਾਬੰਦੀ ਤੋੜਨਾ ਆਦਿ ਹੈ। ਐਨ.ਐਸ.ਐਸ. ਮੱਧ ਪੂਰਬ ਨੂੰ ਕਾਬੂ ਕਰਨ, ਇਜ਼ਰਾਈਲ ਤੇ ਮੱਧ ਪੂਰਬ ਦੀ ਊਰਜਾ ਦੀ ਸੁਰੱਖਿਆ ਅਤੇ ਅੱਤਵਾਦ ’ਤੇ ਕਾਬੂ ਪਾਉਣ ਨੂੰ ਕੇਂਦਰੀ ਕਾਰਜ ਮੰਨਦੀ ਹੈ। ਯੂਰਪੀਅਨ ਯੂਨੀਅਨ ਨਾਲ ਪੁਰਾਣੇ ਗੱਠਜੋੜ ਕਾਇਮ ਰੱਖਣਾ, ਪਰ ਨਵੀਂ ਰਣਨੀਤੀ ਵਿੱਚ ਆਰਥਿਕ ਖ਼ਰਚੇ ਦਾ ਬੋਝ ਯੂਰਪ ’ਤੇ ਪਾਉਣ ਦੀ ਅਮਰੀਕੀ ਯੋਜਨਾ ਦਾ ਹਿੱਸਾ ਹੈ। ਯੂਰਪ ਨੂੰ ਚੀਨ ਤੋਂ ਤਕਨੀਕੀ ਤੌਰ ’ਤੇ ਦੂਰ ਰੱਖਣ ਅਤੇ ਇਸ ਨੂੰ ਐਲ.ਐਨ.ਜੀ. ਗੈਸ ਦੇ ਨਿਰਯਾਤ ਰਾਹੀਂ ਅਮਰੀਕੀ ਊਰਜਾ ’ਤੇ ਨਿਰਭਰ ਬਣਾਉਣਾ ਵੀ ਸ਼ਾਮਿਲ ਹੈ। ਵਿਸ਼ਵ ਸਮੁੰਦਰੀ ਸ਼ਾਹਰਾਹਾਂ (ਹਾਰਮੋਜ਼, ਮਲੱਕਾ, ਦੱਖਣੀ ਚੀਨ ਸਾਗਰ) ’ਤੇ ਸੈਨਿਕ ਨਿਗਰਾਨੀ ਅਤੇ ਅੰਤਰਰਾਸ਼ਟਰੀ ਨਿਯਮ ਤੇ ਕਾਨੂੰਨ ਆਪਣੇ ਢੰਗ ਨਾਲ ਘੜਨਾ ਇਸ ਦਾ ਮੂਲਮੰਤਰ ਹੈ। ਅਮਰੀਕਾ ਅੰਦਰ ਮਨੁੱਖੀ ਅਧਿਕਾਰਾਂ ਦਾ ਜਿੰਨਾ ਮਰਜ਼ੀ ਘਾਣ ਹੋ ਰਿਹਾ ਹੋਵੇ, ਪਰ ਇਸ ਦੇ ਬਾਵਜੂਦ ਇਸ ਵੱਲੋਂ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਲੋਕਤੰਤਰ ਸੰਬੰਧੀ ਪ੍ਰਵਚਨ ਦਿੱਤੇ ਜਾਂਦੇ ਹਨ ਅਤੇ ਆਪਣੇ ਹਿਤਾਂ ਨੂੰ ਮੁੱਖ ਰੱਖ ਕੇ ਚੁਣੀਆਂ ਹੋਈਆਂ ਸਰਕਾਰਾਂ ਉਲਟਾ ਵੀ ਦਿੱਤੀਆਂ ਜਾਂਦੀਆਂ ਹਨ।

ਅਮਰੀਕਾ ਦੀ ਨਵੀਂ ਨੀਤੀ ਵਿੱਚ ਇੱਕ ਬਿਰਤਾਂਤ ਬਹੁਤ ਜ਼ੋਰ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਅੰਦਰ ਜਮਹੂਰੀਅਤ ਹੈ ਤੇ ਇਹ ਜਮਹੂਰੀ ਦੇਸ਼ਾਂ ਦਾ ਨੇਤਾ ਹੈ ਅਤੇ ਚੀਨ ਤੇ ਰੂਸ ਆਦਿ ਦੇਸ਼ ਤਾਨਾਸ਼ਾਹ ਹਨ, ਜੋ ਵਿਸ਼ਵ ਲਈ ਵੱਡੇ ਖ਼ਤਰੇ ਹਨ। ਇਹ ਐਨ.ਐਸ.ਐਸ. ਦੇ ਬਿਰਤਾਂਤ ਇਨ੍ਹਾਂ ਉਦੇਸ਼ਾਂ ਨੂੰ ਪੂਰੇ ਕਰਦੇ ਹਨ ਤੇ ਐਨ.ਐਸ.ਐਸ. ਅਮਰੀਕਾ ਦੇ ਦੁਨੀਆ ਭਰ ਅੰਦਰ ਸੈਨਿਕ ਦਖ਼ਲ ਨੂੰ ਜਾਇਜ਼ ਸਮਝਦਾ ਹੈ।

**(ਬਾਕੀ ਸਫ਼ਾ 27 ’ਤੇ)**

# ਦੁਨੀਆਂ ਦੀਆਂ ਮਹਾਂਸ਼ਕਤੀਆਂ ਦੀ ਖਹਿਬਾਜ਼ੀ ਕਾਰਨ ਲਮਕ ਰਹੀ ਹੈ ਰੂਸ-ਯੂਕ੍ਰੇਨ ਜੰਗ

**ਮਨਦੀਪ**

ਬੀਤੇ ਚਾਰ ਵਰ੍ਹਿਆਂ ਤੋਂ ਯੂਕ੍ਰੇਨ ਜੰਗ ਸਾਮਰਾਜੀ ਧੜਿਆਂ ਦੇ ਆਪਸੀ ਟਕਰਾਅ ਦਾ ਕੇਂਦਰ ਬਣੀ ਹੋਈ ਹੈ ਤੇ ਇਹ ਜੰਗ ਬਿਨਾਂ ਕਿਸੇ ਸਪੱਸ਼ਟ ਫੌਜੀ-ਯੁੱਧਨੀਤਕ ਹੱਲ ਦੇ ਨਿਰੰਤਰ ਜਾਰੀ ਹੈ। ਪੱਛਮੀ ਤਾਕਤਾਂ ਨੇ ਯੂਕ੍ਰੇਨ ਨੂੰ ਮੂਹਰੇ ਲਾ ਕੇ ਰੂਸ ਨੂੰ ਘੇਰਨ ਲਈ ਜੰਗ ਦੇ ਜੋ ਹਾਲਾਤ ਪੈਦਾ ਕੀਤੇ ਹਨ, ਉਸ ਨੇ ਸਮੁੱਚੀ ਗਲੋਬਲ ਆਰਥਿਕਤਾ ਤੇ ਭੂ-ਸਿਆਸਤ ਦਾ ਮੂੰਹ-ਮੁਹਾਂਦਰਾ ਬਦਲ ਦਿੱਤਾ ਹੈ। ਇਸ ਲਮਕਵੀਂ ਜੰਗ ਨੇ ਨਵੇਂ ਟਕਰਾਵਾਂ ਤੇ ਵਿਰੋਧਾਂ ਲਈ ਜ਼ਮੀਨ ਤਿਆਰ ਕਰ ਦਿੱਤੀ ਹੈ। ਯੂਕ੍ਰੇਨ ਜੰਗ ਸੰਬੰਧੀ ਅਮਰੀਕੀ ਤੇ ਯੂਰਪੀ ਤਾਕਤਾਂ ਦੀ ਨੀਤੀ ਦੇ ਵਖਰੇਵਿਆਂ ਕਾਰਨ ਪੱਛਮੀ ਧੜੇ ਵਿੱਚ ਤ੍ਰੇੜਾਂ ਦਿਖਾਈ ਦੇ ਰਹੀਆਂ ਹਨ। ਨਵੀਂ ਵਿਸ਼ਵ ਵਿਵਸਥਾ ਦੇ ਸਮਤੋਲ ਨੂੰ ਬਣਾਈ ਰੱਖਣ ਲਈ ਰੂਸ, ਚੀਨ, ਅਮਰੀਕਾ ਸਮੇਤ ਪੁਰਾਣੀਆਂ ਰਵਾਇਤੀ ਸਾਮਰਾਜੀ ਤਾਕਤਾਂ ਵੀ ਪੱਬਾਂ ਭਾਰ ਹਨ। ਇਨ੍ਹਾਂ ਜੰਗੀ ਤਾਕਤਾਂ ਵਲੋਂ ਸੰਸਾਰ ’ਤੇ ਆਰਥਿਕ, ਸਿਆਸੀ ਤੇ ਫੌਜੀ ਦਬਦਬਾ ਬਣਾਈ ਰੱਖਣ ਲਈ ਵਿਸ਼ਵ ਸ਼ਾਂਤੀ ਦੇ ਬਹਾਨੇ ਤੀਜੀ ਸੰਸਾਰ ਜੰਗ ਦਾ ਭੈਅ ਪੈਦਾ ਕੀਤਾ ਜਾ ਰਿਹਾ ਹੈ। ਅਮਰੀਕਾ ਤੇ ਉਸ ਦੇ ਪੱਛਮੀ ਭਾਈਵਾਲ ਇਸ ਜੰਗ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਹਨ ਤੇ ਉਨ੍ਹਾਂ ਨੂੰ ਇਸ ’ਚੋਂ ਬਾਹਰ ਨਿਕਲਣ ਦਾ ਰਾਹ ਨਹੀਂ ਲੱਭ ਰਿਹਾ। ਇਸ ਜੰਗ ਵਿੱਚ ਰੂਸ ’ਤੇ ਪਾਬੰਦੀਆਂ, ਜੰਗ ’ਚ ਜਾਨੀ ਨੁਕਸਾਨ ਤੇ ਫ਼ੌਜੀ ਆਰਥਿਕ ਖਰਚੇ ਕਾਰਨ ਬਹੁਤ ਨੁਕਸਾਨ ਹੋਇਆ ਹੈ ਪਰ ਇਸ ਦੇ ਬਾਵਜੂਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਹੌਂਸਲੇ ਹੋਰ ਬੁਲੰਦ ਹੋਏ ਜਾਪਦੇ ਹਨ। ਘਬਰਾਹਟ ’ਚ ਆਏ ‘ਨਾਟੋ’ ਚੀਫ਼ ਮਾਰਕ ਰਟ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਯੂਰਪੀ ਲੀਡਰ ਤੀਜੀ ਸੰਸਾਰ ਜੰਗ ਸੰਬੰਧੀ ਬਿਆਨਬਾਜ਼ੀ ਕਰ ਰਹੇ ਹਨ ਤੇ ਕਸੂਤਾ ਫਸਿਆ ਜ਼ੈਲੇਂਸਕੀ ਸੰਸਾਰ ਭਰ ਦੇ ਮੁਲਕਾਂ ਤੋਂ ਮਦਦ ਦੀ ਗੁਹਾਰ ਲਾ ਰਿਹਾ ਹੈ।

ਰੂਸ ਨੇ ਹੁਣ ਤੱਕ ਯੂਕ੍ਰੇਨ ਦੇ ਲਗਭਗ 20 ਫ਼ੀਸਦੀ ਖੇਤਰ ’ਤੇ ਕਬਜ਼ਾ ਕਰ ਲਿਆ ਹੈ, ਜਿਸ ’ਚ ਕਰੀਮੀਆ, ਡੋਨਬਾਸ, ਜ਼ੈਪਰਜੀਆ ਤੇ ਯੂਕ੍ਰੇਨ ਦੇ ਦੱਖਣੀ ਖੇਤਰ ਦਾ ਮਹੱਤਵਪੂਰਨ ਹਿੱਸਾ ਸ਼ਾਮਿਲ ਹੈ। ਇਹ ਜੰਗੀ ਕਵਾਇਦ ਰੂਸ ਦੇ ਪੁਨਰ-ਉਭਾਰ ਤੇ ਰੂਸੀ ਸਾਮਰਾਜ ਦੁਆਰਾ ਸੋਵੀਅਤ ਯੁੱਗ ਦੇ ਖੇਤਰਾਂ ਨੂੰ ਮੁੜ ਹਾਸਿਲ ਕਰਨ ਦੀਆਂ ਹਸਰਤਾਂ ਦੀ ਪੁਸ਼ਟੀ ਕਰਦੀ ਹੈ। ਇਸ ਜੰਗ ਨੇ ਜਿੱਥੇ ਰੂਸੀ ਸਾਮਰਾਜ ਦੀ ਫੌਜੀ ਤਾਕਤ ਦੀ ਚੜ੍ਹਤ ਨੂੰ ਉਭਾਰਿਆ, ਉੱਥੇ ਸਾਮਰਾਜੀ ਜੰਗੀ ਝਗੜਿਆਂ ਤੋਂ ਦੂਰ ਰਹਿ ਰਹੇ ਚੀਨ ਨੂੰ ਆਪਣੀ ਮਜ਼ਬੂਤੀ ਲਈ ਮੌਕਾ ਪ੍ਰਦਾਨ ਕੀਤਾ ਹੈ। ਉੱਧਰ ਟਰੰਪ ਪ੍ਰਸ਼ਾਸਨ ਲਈ ਚੀਨ ਮੁੱਖ ਚੁਣੌਤੀ ਹੋਣ ਕਰਕੇ ਟਰੰਪ ਨੇ ਸੱਤਾ ’ਚ ਆਉਣ ਤੋਂ ਤੁਰੰਤ ਬਾਅਦ ਰੂਸ-ਯੂਕ੍ਰੇਨ ਜੰਗ



ਨੂੰ ਖ਼ਤਮ ਕਰਵਾਉਣ ਲਈ ਬਿਆਨਬਾਜ਼ੀਆਂ ਤੇ ਵਾਰਤਾਵਾਂ ਆਰੰਭ ਕਰ ਦਿੱਤੀਆਂ ਜੋ ਲਗਾਤਾਰ ਬੇਸਿੱਟਾ ਰਹੀਆਂ। ਟਰੰਪ-ਪੁਤਿਨ ਤਿੰਨ ਵਾਰਤਾਵਾਂ ਤੋਂ ਬਾਅਦ ਟਰੰਪ ਪ੍ਰਸ਼ਾਸਨ ਦੁਆਰਾ ਆਪਣੇ ਕੂਟਨੀਤਕ ਯਤਨਾਂ ਤਹਿਤ ਸ਼ਾਂਤੀ ਵਾਰਤਾ ਦਾ ਇਕ 28 ਨੁਕਾਤੀ ਪ੍ਰਸਤਾਵ ਪੇਸ਼ ਕੀਤਾ ਗਿਆ ਪਰ ਯੂਕ੍ਰੇਨ ਨੇ ਇਸ ਦੇ ਮੁਕਾਬਲੇ 20 ਨੁਕਾਤੀ ਪ੍ਰਸਤਾਵ ਪੇਸ਼ ਕਰ ਕੇ ਟਰੰਪ ਦੇ ਦਲਾਲੀ ਵਾਲੇ ਪ੍ਰਸਤਾਵ ਨੂੰ ਟਾਲ ਦਿੱਤਾ। ਅਮਰੀਕੀ ਪ੍ਰਸਤਾਵ ਵਿੱਚ ਤੁਰੰਤ ਜੰਗਬੰਦੀ, ਅਮਰੀਕੀ ਨਿਗਰਾਨੀ ਹੇਠ ਯੂਕਰੇਨ ਤੇ ਰੂਸ ਵਿਚਕਾਰ ਸਿੱਧੀ ਗੱਲਬਾਤ, ਕਰੀਮੀਆ ਤੇ ਪੂਰਬੀ ਯੂਕਰੇਨ ਦੇ ਕੁਝ ਹਿੱਸੇ ਅਸਥਾਈ ਤੌਰ ’ਤੇ ਰੂਸੀ ਕਬਜ਼ੇ ਹੇਠ ਰਹਿਣ ਦੇਣ ਦਾ ਖੇਤਰੀ ਸਮਝੌਤਾ, ਯੂਕਰੇਨ ਨੂੰ ‘ਨਾਟੋ’ ’ਚੋਂ ਬਾਹਰ ਰੱਖਣ, ਰੂਸ ਨੂੰ ਪਾਬੰਦੀਆਂ ਤੋਂ ਰਾਹਤ ਦੇਣ, ਯੂਕਰੇਨ ਦੀ ਸੁਰੱਖਿਆ ਤੇ ਪੁਨਰ ਨਿਰਮਾਣ ਦਾ ਬੋਝ ਯੂਰਪ ’ਤੇ ਲੱਦਣ ਆਦਿ ਸੰਬੰਧੀ ਜ਼ਰੂਰੀ ਨੁਕਤੇ ਸ਼ਾਮਿਲ ਸਨ। ਟਰੰਪ ਦੀ ‘28 ਨੁਕਾਤੀ ਸ਼ਾਂਤੀ ਯੋਜਨਾ’ ਸਾਮਰਾਜੀ ਤਾਕਤਾਂ ਵਿਚਕਾਰ ਇੱਕ ਅਜਿਹਾ ਸਮਝੌਤਾ ਹੈ, ਜਿਸ ਦਾ ਉਦੇਸ਼ ਵਿਸ਼ਵ ਪੂੰਜੀਵਾਦ ਨੂੰ ਪੈਰਾਂ ਸਿਰ ਕਰਨਾ ਹੈ।

ਇਹ ਜੰਗ ਸਾਮਰਾਜੀ ਦੇਸ਼ਾਂ ਦੀਆਂ ਹਥਿਆਰ ਕੰਪਨੀਆਂ, ਬਹੁ-ਰਾਸ਼ਟਰੀ ਕਾਰਪੋਰੇਸ਼ਨਾਂ ਤੇ ਸਾਮਰਾਜੀ ਵਿੱਤੀ ਸੰਸਥਾਵਾਂ ਲਈ ਮੁਨਾਫ਼ੇ ਦਾ ਵੱਡਾ ਵਪਾਰਕ ਜ਼ਰੀਆ ਹੈ। ਇਸ ਲਈ ਇਹ ਸ਼ਾਂਤੀ ਪ੍ਰਸਤਾਵ ਅੰਤਰ-ਸਾਮਰਾਜੀ ਸਮਝੌਤੇ ਅਤੇ ਥੋਪੀ ਹੋਈ ਸ਼ਾਂਤੀ ਦਾ ਅਸਥਾਈ ਪ੍ਰਸਤਾਵ ਹੈ। ਇਸ ਜੰਗ ’ਚੋਂ ਯੂਕ੍ਰੇਨੀ ਹਾਕਮਾਂ ਤੇ ਧਨ ਕੁਬੇਰਾਂ ਨੇ ਭ੍ਰਿਸ਼ਟਾਚਾਰ ਰਾਹੀਂ, ਰੂਸ ਨੇ ਖੇਤਰੀ ਲਾਹੇ ਤੇ ਸਾਮਰਾਜੀ ਵਿਸਥਾਰ ਰਾਹੀਂ ਅਤੇ ਅਮਰੀਕਾ ਨੇ ਹਥਿਆਰਾਂ ਦੀ ਵਿਕਰੀ, ਵਿੱਤੀ ਤੇ ਵਪਾਰਕ ਸਮਝੌਤਿਆਂ (ਧਰਤੀ ਦੇ ਦੁਰਲੱਭ ਖਣਿਜਾਂ ਦਾ ਸਮਝੌਤਾ) ਰਾਹੀਂ ਖ਼ੂਬ ਮੁਨਾਫ਼ਾ ਬਟੋਰਿਆ ਹੈ। ਇਸ ਸ਼ਾਂਤੀ ਪ੍ਰਸਤਾਵ ਦੇ ਢਕਵੰਜ ਦੇ ਬਾਵਜੂਦ ਜੰਗੀ ਹਿੰਸਾ ਬੇਰੋਕ ਜਾਰੀ ਹੈ।


ਯੂਕ੍ਰੇਨ ਕ੍ਰੀਮੀਆ ਤੇ ਡੋਨਬਾਸ ਸਮੇਤ ਰੂਸੀ ਕਬਜ਼ੇ ਵਾਲੇ ਖੇਤਰਾਂ ਤੋਂ ਰੂਸੀ ਫੌਜਾਂ ਦੀ ਵਾਪਸੀ, ਆਪਣੀਆਂ ਸਰਹੱਦਾਂ ਦੀ ਅੰਤਰਰਾਸ਼ਟਰੀ ਪੱਧਰ ’ਤੇ ਮਾਨਤਾ ਤੇ ਬਹਾਲੀ, ਬਹੁਪੱਖੀ ਭਰੋਸਿਆਂ ਤਹਿਤ ਭਵਿੱਖ ਦੇ ਹਮਲਿਆਂ ਤੋਂ ਸੁਰੱਖਿਆ ਗਾਰੰਟੀ, ਯੂਕ੍ਰੇਨ ਜੰਗ ਦੇ ਨੁਕਸਾਨਾਂ ਲਈ ਮੁਆਵਜ਼ਾ, ਯੁੱਧ ਅਪਰਾਧਾਂ ਲਈ ਜਵਾਬਦੇਹੀ ਤੇ ਦੇਸ਼ ਛੱਡਣ ਲਈ ਮਜਬੂਰ ਹੋਏ ਨਾਗਰਿਕਾਂ ਤੇ ਬੱਚਿਆਂ ਦੀ ਵਾਪਸੀ ਤੇ ਬਹਾਲੀ ਦੀ ਮੰਗ ਕਰ ਰਿਹਾ ਹੈ। ਬੁਨਿਆਦੀ ਤੌਰ ’ਤੇ ਯੂਕ੍ਰੇਨ ਚਾਹੁੰਦਾ ਹੈ ਕਿ ਰੂਸ ਯੂਕ੍ਰੇਨ ਨੂੰ ਇੱਕ ਸੁਤੰਤਰ, ਪ੍ਰਭੂਸੱਤਾ ਸੰਪੰਨ ਰਾਜ ਵਜੋਂ ਮਾਨਤਾ ਦੇਵੇ, ਜਿਸ ਕੋਲ ਬਾਹਰੀ ਦਬਾਅ ਤੋਂ ਬਿਨਾਂ ਆਪਣੇ ਰਾਜਨੀਤਕ, ਆਰਥਿਕ ਤੇ ਫੌਜੀ ਸਹਿਯੋਗੀ ਚੁਣਨ ਦਾ ਅਧਿਕਾਰ ਹੋਵੇ। ਦੂਜੇ ਪਾਸੇ ਰੂਸ ਯੂਕ੍ਰੇਨ ਤੋਂ ‘ਨਾਟੋ’ ਮੈਂਬਰਸ਼ਿਪ ਤੋਂ ਬਾਹਰ ਰਹਿਣ, ਕਰੀਮੀਆ ਤੇ ਪੂਰਬੀ ਯੂਕ੍ਰੇਨ ਦੇ ਕੁਝ ਹਿੱਸਿਆਂ ’ਤੇ ਰੂਸ ਦੇ ਪ੍ਰਭਾਵ ਨੂੰ ਸਵੀਕਾਰ ਕਰਨ ਅਤੇ ਯੂਕ੍ਰੇਨ ਦੀਆਂ ਫੌਜੀ ਸਮਰੱਥਾਵਾਂ ’ਤੇ ਸੀਮਾਵਾਂ ਨਿਸਚਿਤ ਕਰਨ ਦੀ ਗਰੰਟੀ ਚਾਹੁੰਦਾ ਹੈ। ਨਾਲ ਹੀ ਰੂਸ ਪੱਛਮੀ ਤਾਕਤਾਂ ਦੁਆਰਾ ਨਾਟੋ ਦੇ ਪੂਰਬ ਵੱਲ ਵਿਸਥਾਰ ਨੂੰ ਰੋਕਣ ਤੇ ਆਰਥਿਕ ਪਾਬੰਦੀਆਂ ਹਟਾਉਣ ਦੀ ਮੰਗ ਕਰ ਕੇ ਆਪਣੀ ਖੇਤਰੀ ਸਰਦਾਰੀ ਨੂੰ ਕਾਇਮ ਰੱਖਣ ਦਾ ਚਾਹਵਾਨ ਵੀ ਹੈ। ਰੂਸ ‘ਨਾਟੋ’ ਦੇ ਪੂਰਬ ਵੱਲ ਵਾਧੇ ਨੂੰ ਬੰਨ੍ਹ ਮਾਰ ਕੇ ਆਪਣੀ ਰਾਸ਼ਟਰੀ ਸੁਰੱਖਿਆ ਲਈ ਬਫਰ ਜ਼ੋਨ ਸਿਰਜਣਾ ਚਾਹੁੰਦਾ ਹੈ।

ਇਸ ਬਹੁ-ਧਰੁਵੀ ਖੇਡ ਵਿੱਚ ਅਮਰੀਕੀ ਸਾਮਰਾਜ ਯੂਕ੍ਰੇਨੀ ਪ੍ਰਭੂਸੱਤਾ ਦੀ ਬਜਾਏ ਵਿਸ਼ਵਵਿਆਪੀ ਸਰਦਾਰੀ ਬਣਾਈ ਰੱਖਣ ਤੇ ਅੰਤਰ-ਸਾਮਰਾਜੀ ਦੁਸ਼ਮਣੀ ਨੂੰ ਆਪਣੇ ਹਿਤਾਂ ਮੁਤਾਬਕ ਢਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਬਦਲਦੇ ਸੰਸਾਰ ਸਮੀਕਰਨਾਂ ਤਹਿਤ ਉਸ ਲਈ ਰੂਸ ਨਾਲੋਂ ਵੱਡੀ ਚੁਣੌਤੀ ਚੀਨ ਹੋਣ ਕਰਕੇ ਅਮਰੀਕਾ ਇਸ ਜੰਗ ਦੇ ਬੋਝ ਤੋਂ ਮੁਕਤ ਹੋਣਾ ਚਾਹੁੰਦਾ ਹੈ। ਭਾਵੇਂ ਕਿ ਅਮਰੀਕਾ ਨਾਟੋ ਨੂੰ ਮੁੜ ਸੁਰਜੀਤ ਕਰ ਕੇ, ਅਮਰੀਕੀ ਫੌਜੀ ਸੁਰੱਖਿਆ, ਹਥਿਆਰਾਂ ਅਤੇ ਊਰਜਾ ’ਤੇ ਯੂਰਪੀਅਨ ਨਿਰਭਰਤਾ ਵਧਾ ਕੇ ਯੂਰਪ ’ਤੇ ਅਮਰੀਕੀ ਸਰਦਾਰੀ ਨੂੰ ਮੁੜ ਸਥਾਪਤ ਵੀ ਕਰਨਾ ਚਾਹੁੰਦਾ ਹੈ ਪਰ ਉਹ ਸਾਮਰਾਜੀ ਅੰਤਰ-ਵਿਰੋਧਾਂ ਵਿੱਚ ਬੁਰੀ ਤਰ੍ਹਾਂ ਫਸ ਚੁੱਕਾ ਹੈ।

ਯੂਕਰੇਨ ਯੁੱਧ ਵਿੱਚ ਯੂਰਪੀ ਸੰਘ ਤੇ ਹੋਰ ਅਮਰੀਕੀ ਪੱਛਮੀ ਸਹਿਯੋਗੀਆਂ ਦੇ ਆਪਣੇ ਹਿੱਤ ਹਨ। ਯੂਰਪੀ ਸੰਘ ਦੇ ਜ਼ਿਆਦਾਤਰ ਦੇਸ਼ ਰੂਸ ਨੂੰ ਰੋਕਣ ਤੇ ਆਪਣੀ ਕਮਜ਼ੋਰ ਸੁਤੰਤਰ ਰੱਖਿਆ ਸਮਰੱਥਾ ਦੀ ਭਰਪਾਈ ਕਰਨ ਲਈ ਯੁੱਧ ਦਾ ਸਮਰਥਨ ਕਰਦੇ ਹਨ, ਜਿਸ ਨਾਲ ਉਸ ਦੀ ਅਮਰੀਕੀ ਫੌਜੀ ਸ਼ਕਤੀ ’ਤੇ ਨਿਰਭਰਤਾ ਹੋਰ ਵਧ ਰਹੀ ਹੈ।

**(ਬਾਕੀ ਸਫ਼ਾ 27 ’ਤੇ)**

# ਤਾਕਤ, ਅਸਥਿਰਤਾ ਤੇ ਦਹਿਸ਼ਤ 'ਚ ਕਿਉਂ ਫਸ ਰਹੀ ਹੈ ਦੁਨੀਆਂ ?



ਖੁਸ਼ਵਿੰਦਰ ਸਿੰਘ ਸੂਰੀਆ




ਅੱਜ ਦੁਨੀਆ ਇੱਕ ਅਜਿਹੇ ਦੌਰ ਵਿੱਚ ਦਾਖ਼ਲ ਹੋ ਚੁੱਕੀ ਹੈ, ਜਿੱਥੇ ਅਸਥਿਰਤਾ ਕੋਈ ਅਸਥਾਈ ਹਾਲਾਤ ਨਹੀਂ, ਸਗੋਂ ਇੱਕ ਸਥਾਈ ਸੱਚ ਬਣਦੀ ਜਾ ਰਹੀ ਹੈ। ਠੰਡੀ ਜੰਗ ਦੇ ਖ਼ਤਮ ਹੋਣ ਤੋਂ ਬਾਅਦ ਇਹ ਸਮਝ ਬਣੀ ਸੀ ਕਿ ਹੁਣ ਸ਼ਾਇਦ ਦੁਨੀਆ ਕਾਨੂੰਨਾਂ, ਸੰਸਥਾਵਾਂ ਤੇ ਆਪਸੀ ਸਹਿਮਤੀ ਦੇ ਆਧਾਰ 'ਤੇ ਚੱਲੇਗੀ। ਸੰਯੁਕਤ ਰਾਸ਼ਟਰ, ਨਾਟੋ, ਵਿਸ਼ਵ ਵਪਾਰ ਸੰਸਥਾ ਵਰਗੀਆਂ ਸੰਸਥਾਵਾਂ ਇਸੇ ਉਮੀਦ ਨਾਲ ਮਜ਼ਬੂਤ ਕੀਤੀਆਂ ਗਈਆਂ ਸਨ ਕਿ ਭਵਿੱਖ ਵਿੱਚ ਟਕਰਾਅ ਤਾਕਤ ਨਾਲ ਨਹੀਂ, ਸਗੋਂ ਸੰਵਾਦ ਨਾਲ ਹੱਲ ਹੋਣਗੇ। ਪਰ 21ਵੀਂ ਸਦੀ ਦੇ ਤੀਜੇ ਦਹਾਕੇ ਤੱਕ ਪਹੁੰਚਦਿਆਂ ਇਹ ਧਾਰਨਾ ਟੁੱਟਦੀ ਦਿਖਾਈ ਦੇ ਰਹੀ ਹੈ। ਭਾਵੇਂ ਡੋਨਾਲਡ ਟਰੰਪ ਦੀ ਰਾਜਨੀਤੀ ਵਿੱਚ ਵਾਪਸੀ ਇਸ ਦੀ ਜੜ੍ਹ ਨਹੀਂ, ਪਰ ਇਸ ਦਾ ਸਪੱਸ਼ਟ ਪ੍ਰਤੀਕ ਜ਼ਰੂਰ ਬਣ ਗਈ ਹੈ। ਟਰੰਪ ਅਜਿਹੇ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ, ਜਦੋਂ ਦੁਨੀਆ ਪਹਿਲਾਂ ਹੀ ਕਈ ਸੰਕਟਾਂ 'ਚ ਘਿਰੀ ਹੋਈ ਹੈ। ਯੂਕ੍ਰੇਨ ਦੀ ਲੜਾਈ, ਮੱਧ ਪੂਰਬ ਦੀ ਅਸਥਿਰਤਾ, ਚੀਨ ਤੇ ਅਮਰੀਕਾ ਵਿਚਕਾਰ ਵਧਦਾ ਤਣਾਅ, ਗਲੋਬਲ ਅਰਥਵਿਵਸਥਾ 'ਤੇ ਦਬਾਅ ਸਭ ਮਿਲ ਕੇ ਅੰਤਰਰਾਸ਼ਟਰੀ ਵਿਵਸਥਾ ਦੀ ਨੀਂਹ ਨੂੰ ਹਿਲਾ ਚੁੱਕੇ ਹਨ। ਇਸ ਦਰਮਿਆਨ ਟਰੰਪ ਦੇ ਬਿਆਨ, ਫ਼ੈਸਲੇ ਤੇ ਵਿਦੇਸ਼ ਨੀਤੀ ਸਿਰਫ਼ ਅਮਰੀਕਾ ਦੀ ਅੰਦਰੂਨੀ ਰਾਜਨੀਤੀ ਨਾ ਰਹਿ ਕੇ ਪੂਰੀ ਦੁਨੀਆ ਲਈ ਸੰਕੇਤ ਬਣ ਰਹੀ ਹੈ ਕਿ ਅੱਗੇ ਆਉਣ ਵਾਲਾ ਸਮਾਂ ਕਿਵੇਂ ਦਾ ਹੋ ਸਕਦਾ ਹੈ ?

ਇਹ ਸਮਝਣਾ ਜ਼ਰੂਰੀ ਹੈ ਕਿ ਟਰੰਪ ਰਵਾਇਤੀ ਅਮਰੀਕੀ ਨੇਤਾਵਾਂ ਵਾਂਗ ਨਹੀਂ ਸੋਚਦਾ, ਉਸ ਲਈ ਵਿਦੇਸ਼ ਨੀਤੀ ਕੋਈ ਨੈਤਿਕ ਜ਼ਿੰਮੇਵਾਰੀ ਜਾਂ ਗਲੋਬਲ ਮਿਸ਼ਨ ਨਹੀਂ, ਸਗੋਂ ਇੱਕ ਸੌਦੇ ਵਾਂਗ ਹੈ, ਜਿੱਥੇ ਹਰ ਰਿਸ਼ਤਾ, ਹਰ ਗੱਠਜੋੜ, ਹਰ ਦੇਸ਼ ਸਭ ਕੁਝ ਲਾਭ ਤੇ ਨੁਕਸਾਨ ਦੇ ਤਰਾਜੂ 'ਤੇ ਤੋਲਿਆ ਜਾਂਦਾ ਹੈ। ਜਿੱਥੇ ਸਪੱਸ਼ਟ ਲਾਭ ਨਾ ਦਿਸੇ, ਉੱਥੇ ਕਾਨੂੰਨ, ਰਿਵਾਇਤ ਤੇ ਦੋਸਤੀ ਵੀ ਉਸ ਲਈ ਰੁਕਾਵਟ ਨਹੀਂ ਬਣਦੀਆਂ, ਇਹੀ ਸੋਚ ਉਸ ਨੂੰ ਪ੍ਰਭਾਵਸ਼ਾਲੀ ਵੀ ਤੇ ਖ਼ਤਰਨਾਕ ਵੀ ਬਣਾਉਂਦੀਹੈ। ਉਸ ਦੇ ਗ੍ਰੀਨਲੈਂਡ ਬਾਰੇ ਦਿੱਤੇ ਬਿਆਨ ਇਸ ਮਨੋਵਿਰਤੀ ਨੂੰ ਸਪੱਸ਼ਟ ਕਰਦੇ ਹਨ। ਜਦੋਂ ਦੁਨੀਆ ਪ੍ਰਭੂਸੱਤਾ ਤੇ ਸਰਹੱਦਾਂ ਦੀ ਰਾਖੀ ਦੀ ਗੱਲ ਕਰਦੀ ਹੈ ਤਾਂ ਟਰੰਪ ਦਾ ਇਹ ਕਹਿਣਾ ਕਿ ਅਮਰੀਕਾ ਨੂੰ ਗ੍ਰੀਨਲੈਂਡ ਚਾਹੀਦਾ ਹੈ ਅਤੇ ਉਹ ਇਸ ਨੂੰ ਕਿਸੇ ਵੀ ਤਰੀਕੇ ਨਾਲ ਹਾਸਿਲ ਕਰ ਸਕਦਾ ਹੈ, ਆਧੁਨਿਕ ਵਿਸ਼ਵ ਵਿਵਸਥਾ ਲਈ ਇੱਕ ਗੰਭੀਰ ਚੇਤਾਵਨੀ ਹੈ। ਦਰਅਸਲ ਗ੍ਰੀਨਲੈਂਡ ਸਿਰਫ਼ ਬਰਫ਼ ਨਾਲ ਢਕਿਆ ਟਾਪੂ ਹੀ ਨਹੀਂ, ਸਗੋਂ ਆਰਕਟਿਕ ਖੇਤਰ ਦੀ ਕੁੰਜੀ ਹੈ-ਜਿੱਥੇ ਭਵਿੱਖ ਦੇ ਸਰੋਤ, ਵਪਾਰਕ ਰਾਹ ਤੇ ਸੈਨਿਕ ਸੰਤੁਲਨ ਲੁਕੇ ਹੋਏ ਹਨ। ਟਰੰਪ ਦੀ ਨਜ਼ਰ 'ਚ ਇਹ ਇਕ ਰਣਨੀਤਕ ਸੰਪਤੀ ਹੈ, ਉੱਥੇ ਦੇ ਲੋਕਾਂ ਦੀ ਪਛਾਣ ਜਾਂ ਇੱਛਾ ਦਾ ਮਸਲਾ ਨਹੀਂ। ਇਹ ਪਿਛਲੀ ਸਦੀ ਵਾਂਗ ਖੁੱਲ੍ਹਾ ਵਿਸਤਾਰਵਾਦ ਨਹੀਂ, ਪਰ ਉਸ ਤੋਂ ਘੱਟ ਖ਼ਤਰਨਾਕ ਨਹੀਂ ਹੈ। ਇਹ ਦਬਾਅ ਰਾਹੀਂ ਕਾਬੂ ਪਾਉਣ ਦੀ ਨੀਤੀ ਹੈ, ਜਿੱਥੇ ਸਿੱਧਾ ਕਬਜ਼ਾ ਕਰਨ ਦੀ ਥਾਂ ਧਮਕੀ, ਆਰਥਿਕ ਦਬਾਅ ਤੇ ਫ਼ੌਜੀ ਤਾਕਤ ਵੀ ਵਰਤੀ ਜਾਂਦੀ ਹੈ। ਇਸ ਸੋਚ ਵਿਚ ਮਿੱਤਰ ਤੇ ਦੁਸ਼ਮਣ ਵਿਚਕਾਰ ਦੀ ਰੇਖਾ ਧੁੰਦਲੀ ਹੋ ਜਾਂਦੀ ਹੈ।

ਨਾਟੋ ਵਰਗਾ ਗੱਠਜੋੜ ਵੀ ਉੱਥੇ ਤੱਕ ਹੀ ਮਹੱਤਵਪੂਰਨ ਹੈ, ਜਿੱਥੇ ਤੱਕ ਉਹ ਅਮਰੀਕੀ ਹਿੱਤਾਂ ਦੇ ਅਨੁਕੂਲ ਹੈ। ਇਹ ਰਣਨੀਤੀ ਈਰਾਨ ਦੇ ਮਾਮਲੇ ਵਿਚ ਸਪੱਸ਼ਟ ਰੂਪ ਧਾਰ ਲੈਂਦੀ ਹੈ ਅਤੇ ਉਸ ਨੂੰ ਘੇਰ ਕੇ ਆਰਥਿਕ ਪਾਬੰਦੀਆਂ, ਉਸ ਨਾਲ ਵਪਾਰ ਕਰਨ ਵਾਲੇ ਦੇਸ਼ਾਂ 'ਤੇ ਟੈਕਸ ਵਧਾਉਣ ਦੀ ਧਮਕੀ, ਸੈਨਿਕ ਮੌਜੂਦਗੀ ਦਾ ਪ੍ਰਦਰਸ਼ਨ ਤੇ ਕੂਟਨੀਤਿਕ ਅਲਹਿਦਗੀ ਇਰਾਨ ਨੂੰ ਅਜਿਹੇ ਮੋੜ 'ਤੇ ਲਿਆਉਣ ਲਈ ਹਨ, ਤਾਂ ਜੋ ਉਸ ਦੇ ਬਦਲਾਂ ਨੂੰ ਸੀਮਿਤ ਕੀਤਾ ਜਾ ਸਕੇ। ਮਕਸਦ ਸਾਫ਼ ਹੈ: ਈਰਾਨ ਜਾਂ ਤਾਂ ਅਮਰੀਕਾ ਦੀਆਂ ਸ਼ਰਤਾਂ 'ਤੇ ਗੱਲਬਾਤ ਕਰੇ, ਜਾਂ ਫਿਰ ਆਰਥਿਕ ਤੇ ਰਾਜਨੀਤਿਕ ਤੌਰ 'ਤੇ ਕਮਜ਼ੋਰ ਹੋ ਜਾਵੇ। ਆਧੁਨਿਕ ਜੰਗ ਸਿਰਫ਼ ਬੰਬਾਂ ਤੇ ਗੋਲੀਆਂ ਨਾਲ ਹੀ ਨਹੀਂ ਲੜੀ ਜਾਂਦੀ, ਸਗੋਂ ਆਰਥਿਕ ਦਬਾਅ, ਸਪਲਾਈ ਚੇਨ, ਊਰਜਾ ਸਰੋਤ ਤੇ ਮੁਦਰਾ ਸਭ ਅੱਜ ਦੇ ਹਥਿਆਰ ਹਨ। ਟਰੰਪ ਇਸ ਨਵੀਂ ਕਿਸਮ ਦੀ ਜੰਗ ਨੂੰ ਸਮਝਦਾ ਹੈ ਅਤੇ ਬਿਨਾਂ ਝਿਜਕ ਇਸ ਦਾ ਇਸਤੇਮਾਲ ਕਰਦਾ ਹੈ। ਇਸ ਸੰਦਰਭ ਵਿੱਚ ਸਵਾਲ ਉੱਠਦਾ ਹੈ, ਕੀ ਟਰੰਪ ਵਿਸਤਾਰਵਾਦੀ ਹੈ ਜਾਂ ਸਿਰਫ਼ ਸੌਦੇਬਾਜ਼ ਹੈ ? ਉਹ ਹਿਟਲਰ ਜਾਂ ਪੁਰਾਣੇ ਸਾਮਰਾਜਵਾਦੀਆਂ ਵਾਂਗ ਨਕਸ਼ੇ ਸਿੱਧੇ ਨਹੀਂ ਬਦਲ ਰਿਹਾ, ਪਰ ਉਨ੍ਹਾਂ ਦੀ ਸੋਚ ਤੋਂ ਪ੍ਰਭਾਵਿਤ ਹੈ ਕਿ ਤਾਕਤਵਰ ਦੇਸ਼ਾਂ ਨੂੰ ਕਮਜ਼ੋਰ ਦੇਸ਼ਾਂ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਨ ਦੀ ਲੋੜ ਨਹੀਂ। ਜਿੱਥੇ ਲਾਭ ਹੁੰਦਾ ਹੋਵੇ, ਉੱਥੇ ਦਬਾਅ ਪਾਉਣਾ ਜਾਇਜ਼ ਹੈ। ਇਹੀ ਸੋਚ ਟਰੰਪ ਨੂੰ ਰਵਾਇਤੀ ਲੋਕਤੰਤਰਿਕ ਨੇਤਾਵਾਂ ਤੋਂ ਵੱਖਰਾ ਕਰਦੀ ਹੈ। ਅਮਰੀਕਾ 'ਚ ਨਿਆਂਪਾਲਿਕਾ, ਮੀਡੀਆ, ਚੋਣ ਪ੍ਰਣਾਲੀ ਜਿਹੀਆਂ ਸੰਸਥਾਵਾਂ ਕਿਸੇ ਵੀ ਵਿਅਕਤੀ ਨੂੰ ਪੂਰਾ ਤਾਨਾਸ਼ਾਹ ਬਣਨ ਤੋਂ ਰੋਕਦੀਆਂ ਹਨ। ਫਿਰ ਵੀ ਟਰੰਪ ਦਾ ਅਧਿਕਾਰਤਾਵਾਦੀ ਰੁਝਾਨ ਇਨ੍ਹਾਂ ਸੰਸਥਾਵਾਂ ਨੂੰ ਕਮਜ਼ੋਰ ਦਿਖਾਉਣ, ਅੰਤਰਰਾਸ਼ਟਰੀ ਕਾਨੂੰਨਾਂ ਨੂੰ ਬੇਮਾਇਨੇ ਕਹਿਣ ਤੇ ਰਾਸ਼ਟਰਵਾਦ ਨੂੰ ਡਰ ਨਾਲ ਜੋੜਦਾ ਹੈ ਇਹ ਸਭ ਲੱਛਣ ਦੁਨੀਆ ਨੂੰ ਅਸਥਿਰ ਕਰ ਸਕਦੇ ਹਨ।

ਅੱਜ ਦੀ ਦੁਨੀਆ ਇਨ੍ਹਾਂ ਰੁਝਾਨਾਂ ਦੇ ਅਸਰ ਹੇਠ ਆਉਂਦੀ ਨਜ਼ਰ ਆ ਰਹੀ ਹੈ। ਦਰਅਸਲ ਹੁਣ ਵਿਸ਼ਵ ਵਿਵਸਥਾ ਨਿਯਮਾਂ ਦੀ ਬਜਾਏ ਤਾਕਤ 'ਤੇ ਆਧਾਰਿਤ ਹੁੰਦੀ ਜਾ ਰਹੀ ਹੈ। ਅਮਰੀਕਾ, ਚੀਨ ਤੇ ਰੂਸ ਅਜੋਕੇ ਤਿੰਨ ਵੱਡੇ ਕੇਂਦਰ ਬਣ ਰਹੇ ਹਨ, ਪਰ ਇਨ੍ਹਾਂ ਵਿਚਕਾਰ ਲੜਾਈ ਸਿੱਧੀ ਨਹੀਂ ਹੈ। ਇਹ ਪ੍ਰਭਾਵ ਖੇਤਰਾਂ, ਤਕਨਾਲੋਜੀ, ਵਪਾਰ ਤੇ ਵਿਚਾਰਧਾਰਾ ਦੇ ਟਕਰਾਅ ਹਨ, ਜਿਸ 'ਚ ਅਕਸਰ ਛੋਟੇ ਤੇ ਦਰਮਿਆਨੇ ਦੇਸ਼ ਟਕਰਾਅ ਦਾ ਮੈਦਾਨ ਬਣ ਜਾਂਦੇ ਹਨ। ਭਾਰਤ ਦੀ ਸਥਿਤੀ ਕੁਝ ਵੱਖਰੀ ਹੈ, ਕਿਉਂਕਿ ਉਹ ਪੂਰੀ ਤਰ੍ਹਾਂ ਪੱਛਮੀ ਖੇਮੇ ਜਾਂ ਚੀਨ ਰੂਸ ਧੁਰੇ ਦਾ ਹਿੱਸਾ ਨਹੀਂ ਹੈ ਅਤੇ ਉਸ ਦੀ ਨੀਤੀ ਦਾ ਕੇਂਦਰ ਰਣਨੀਤਕ ਸੁਤੰਤਰਤਾ ਹੈ। ਟਰੰਪ ਦੀ ਹਮਲਾਵਰ ਨੀਤੀ ਭਾਰਤ ਲਈ ਖ਼ਤਰਾ ਵੀ ਤੇ ਮੌਕਾ ਵੀ ਹੈ। ਉਸ ਦਾ ਈਰਾਨ 'ਤੇ ਦਬਾਅ ਭਾਰਤ ਦੇ ਊਰਜਾ ਹਿੱਤਾਂ ਤੇ ਚਾਬਹਾਰ ਜਿਹੇ ਪ੍ਰਾਜੈਕਟਾਂ ਨੂੰ ਪ੍ਰਭਾਵਿਤ ਕਰਦਾ ਹੈ, ਪਰ ਚੀਨ ਦੇ ਮੁਕਾਬਲੇ ਅਮਰੀਕਾ ਦੀ ਨਜ਼ਰ ਵਿਚ ਭਾਰਤ ਦੀ ਅਹਿਮੀਅਤ ਵੀ ਵਧਦੀ ਹੈ। ਇਸ ਸਾਰੀ ਅਸਥਿਰਤਾ ਦਾ ਅਸਰ ਆਮ ਇਨਸਾਨ ਦੀ ਜ਼ਿੰਦਗੀ 'ਤੇ ਵੀ ਪੈਂਦਾ ਹੈ, ਕਿਉਂਕਿ ਤੇਲ ਦੀਆਂ ਕੀਮਤਾਂ, ਮਹਿੰਗਾਈ, ਨੌਕਰੀਆਂ ਦੀ ਅਨਿਸ਼ਚਿਤਤਾ ਤੇ ਮਾਨਸਿਕ ਦਬਾਅ ਇਹ ਸਭ ਗਲੋਬਲ ਰਾਜਨੀਤੀ ਨਾਲ ਜੁੜੇ ਹੋਏ ਹਨ। ਇਸ ਪੂਰੇ ਦੌਰ ਵਿਚ ਸੋਨੇ ਦਾ ਭਾਅ ਚੁੱਪਚਾਪ ਬਹੁਤ ਸਪੱਸ਼ਟ ਸੰਕੇਤ ਦੇ ਰਿਹਾ ਹੈ। ਸੋਨੇ ਦੀ ਕੀਮਤ ਸਿਰਫ਼ ਇਕ ਆਰਥਿਕ ਅੰਕੜਾ ਨਹੀਂ, ਸਗੋਂ ਦੁਨੀਆ ਦੇ ਡਰ ਦਾ ਪੈਮਾਨਾ ਹੁੰਦੀ ਹੈ। ਟਰੰਪ ਦੀ ਹਮਲਾਵਰ ਨੀਤੀ ਦੇ ਚੱਲਦਿਆਂ ਇਰਾਨ ਨਾਲ ਟਕਰਾਅ ਤੇ ਗਲੋਬਲ ਤਣਾਅ ਵਧਣ ਨਾਲ ਸੋਨੇ ਦੀ ਮੰਗ ਤੇ ਕੀਮਤ ਦੋਵੇਂ ਵਧੀਆਂ ਹਨ। ਜੋ ਸਾਬਤ ਕਰਦਾ ਹੈ ਕਿ ਨਿਵੇਸ਼ਕ, ਬੈਂਕ ਤੇ ਆਮ ਲੋਕ ਮੌਜੂਦਾ ਵਿਸ਼ਵ ਪ੍ਰਣਾਲੀ 'ਤੇ ਪੂਰਾ ਭਰੋਸਾ ਨਹੀਂ ਕਰ ਰਹੇ। ਸੋਨਾ ਇਸ ਲਈ ਨਹੀਂ ਮਹਿੰਗਾ ਹੋ ਰਿਹਾ ਕਿ ਲੋਕ ਅਮੀਰ ਬਣਨਾ ਚਾਹੁੰਦੇ ਹਨ, ਉਹ ਤਾਂ ਆਪਣੇ ਪੈਸੇ ਨੂੰ ਬਚਾਉਣਾ ਚਾਹੁੰਦੇ ਹਨ, ਕਿਉਂਕਿ ਜੰਗ ਜਾਂ ਪਾਬੰਦੀਆਂ ਕਾਰਨ ਅਨਿਸ਼ਚਿਤਤਾ ਦੇ ਦੌਰ ਵਿੱਚ ਕਰੰਸੀ ਡਿਗ ਸਕਦੀ ਹੈ, ਸਟਾਕ ਮਾਰਕੀਟ ਤੇ ਬੈਂਕਿੰਗ ਸਿਸਟਮ ਦੀ ਭਰੋਸੇਯੋਗਤਾ ਘਟ ਸਕਦੀ ਹੈ। ਪਰ ਸੋਨਾ ਕਿਸੇ ਇੱਕ ਸਰਕਾਰ ਜਾਂ ਮੁਦਰਾ ਨਾਲ ਨਾ ਜੁੜਿਆ ਹੋਣ ਕਰਕੇ ਹਮੇਸ਼ਾ ਇੱਕ ਸੁਰੱਖਿਅਤਾ ਬਣਿਆ ਰਹਿੰਦਾ ਹੈ। ਸੋਨੇ ਦਾ ਵੱਧ ਰਿਹਾ ਭਾਅ ਇਹ ਦੱਸਦਾ ਹੈ ਕਿ ਦੁਨੀਆ ਅੰਦਰੋਂ ਕਿੰਨੀ ਡਰੀ ਹੋਈ ਹੈ।

ਤੀਜੀ ਵਿਸ਼ਵ ਜੰਗ ਦੀ ਚਰਚਾ ਵੀ ਇਸੇ ਪਿਛੋਕੜ 'ਚੋਂ ਜਨਮ ਲੈਂਦੀ ਹੈ। ਵਿਸ਼ਵ ਜੰਗ ਦੀ ਸੰਭਾਵਨਾ ਅਜੇ ਘੱਟ ਹੈ, ਕਿਉਂਕਿ ਪ੍ਰਮਾਣੂ ਹਥਿਆਰਾਂ ਦਾ ਡਰ ਸਭ ਨੂੰ ਲੜਨ ਤੋਂ ਰੋਕਦਾ ਹੈ। ਪਰ ਛੋਟੇ ਯੁੱਧ, ਅਸਿੱਧੇ ਟਕਰਾਅ ਤੇ ਗਲਤ ਅੰਦਾਜ਼ਿਆਂ ਦਾ ਖ਼ਤਰਾ ਵੱਧ ਰਿਹਾ ਹੈ। ਇਤਿਹਾਸ ਗਵਾਹ ਹੈ ਕਿ ਵੱਡੀਆਂ ਜੰਗਾਂ ਅਕਸਰ ਯੋਜਨਾ ਨਾਲ ਨਹੀਂ, ਸਗੋਂ ਹਾਲਾਤ ਦੀ ਲੜੀ ਕਾਰਨ ਪੈਦਾ ਹੁੰਦੀਆਂ ਹਨ। ਅੰਤ ਵਿੱਚ ਡੋਨਾਲਡ ਟਰੰਪ ਨੂੰ ਸਿਰਫ਼ ਇੱਕ ਵਿਅਕਤੀ ਵਜੋਂ ਦੇਖਣਾ ਗਲਤ ਹੋਵੇਗਾ। ਉਹ ਇੱਕ ਅਜਿਹੇ ਯੁੱਗ ਦਾ ਪ੍ਰਤੀਕ ਹੈ, ਜਿੱਥੇ ਰਾਸ਼ਟਰ ਆਪੋ-ਆਪਣੇ ਹਿੱਤਾਂ ਨੂੰ ਸਭ ਤੋਂ ਉੱਪਰ ਰੱਖ ਰਹੇ ਹਨ ਤੇ ਵਿਸ਼ਵ ਨੈਤਿਕਤਾ ਪਿੱਛੇ ਛੁੱਟਦੀ ਜਾ ਰਹੀ ਹੈ। ਅੱਜ ਦੁਨੀਆ ਆਦਰਸ਼ਵਾਦੀ ਨਹੀਂ, ਸਗੋਂ ਕਠੋਰ ਮੌਕਾਪ੍ਰਸਤ ਬਣਦੀ ਜਾ ਰਹੀ ਹੈ। ਭਾਰਤ ਵਰਗੇ ਦੇਸ਼ਾਂ ਲਈ ਇਹ ਸਮਾਂ ਸਾਵਧਾਨੀ, ਸੰਤੁਲਨ ਤੇ ਦੂਰਅੰਦੇਸ਼ੀ ਅਪਨਾਉਣ ਦੀ ਮੰਗ ਕਰਦਾ ਹੈ। ਹੁਣ ਡਰ ਨਹੀਂ, ਸਮਝ ਹੀ ਸਮੇਂ ਦੀ ਵੱਡੀ ਲੋੜ ਹੈ।

# ਦੱਖਣ, ਪੂਰਬੀ ਰਾਜਾਂ ਵਿੱਚ ਚੋਣਾਂ ਦਾ ਘਮਾਸਾਣ



ਗੁਰਮੀਤ ਸਿੰਘ ਪਲਾਹੀ

ਭਾਰਤ ਦੇ ਪੂਰਬੀ ਹਿੱਸੇ ਦੇ ਮਹੱਤਵਪੂਰਣ ਸੂਬੇ ਪੱਛਮੀ ਬੰਗਾਲ ਵਿੱਚ ਸਿਆਸੀ ਧਿਰ ਤ੍ਰਿਮੂਲ ਕਾਂਗਰਸ ਦੀ ਤਿੰਨ ਵਾਰ ਚੁਣੀ ਗਈ ਮੁੱਖ ਮੰਤਰੀ ਚੋਣ ਮੋਰਚੇ 'ਤੇ ਅਡਿੱਗ ਖੜੀ ਦਿਖਾਈ ਦੇ ਰਹੀ ਹੈ, ਜਦਕਿ ਦੇਸ਼ ਦੇ ਦੱਖਣੀ ਸੂਬੇ ਤਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ.ਡੀ.ਐੱਮ.ਕੇ. ਵਿਚਕਾਰ ਸਖ਼ਤ ਟੱਕਰ ਹੈ। ਭਾਜਪਾ ਬੰਗਾਲ ਵਿੱਚ ਕਿਸੇ ਮਜ਼ਬੂਤ ਚਿਹਰੇ ਦੀ ਤਲਾਸ਼ ਵਿੱਚ ਹੈ।

ਬੰਗਾਲ ਦੀ ਸਿਆਸੀ ਹਵਾ ਵਿੱਚ ਮਹਿਲਾ, ਮੁਸਲਿਮ, ਮਸਜਿਦ, ਮੰਦਿਰ, ਮਟਨ, ਮੱਛਲੀ, ਮਨੀ ਪਾਵਰ, ਮਸਲ ਪਾਵਰ, ਮਮਤਾ ਅਤੇ ਮੋਦੀ ਹਾਵੀ ਹਨ। ਤ੍ਰਿਮੂਲ ਕਾਂਗਰਸ ਦੀ ਕੋਸ਼ਿਸ਼ ਚੋਣਾਂ ਵਿੱਚ ਦੀਦੀ ਬਨਾਮ ਮੋਦੀ ਬਣਾਉਣ ਦੀ ਹੈ, ਜਦਕਿ ਮੁੱਖ ਮੁਕਾਬਲੇ ਵਿੱਚ ਖੜੀ ਭਾਜਪਾ ਚੋਣਾਂ, ਹਿੰਦੂ-ਮਸਲਿਮ ਘੁਸਪੈਠ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਲੜਨ ਦੀ ਚਾਹਵਾਨ ਹੈ।

ਦੱਖਣ ਦੇ ਮਹੱਤਵਪੂਰਨ ਸੂਬੇ ਤਾਮਿਲਨਾਡੂ 'ਚ ਪਿਛਲੇ ਪੰਜ ਦਹਾਕਿਆਂ ਤੋਂ ਕੋਈ ਵੀ ਰਾਸ਼ਟਰ ਪਾਰਟੀ ਸੂਬਾ ਸਰਕਾਰ ਨਾ ਬਣਾ ਸਕੀ ਅਤੇ ਨਾ ਹੀ ਕਿਸੇ ਗਠਬੰਧਨ ਦੇ ਬਾਵਜੂਦ ਸੱਤਾ 'ਚ ਸ਼ਾਮਲ ਹੋ ਸਕੀ ਹੈ। ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. 'ਚ ਸੂਬੇ ਦੀ ਸੱਤਾ ਲਈ ਲੜਾਈ ਹੁੰਦੀ ਰਹੀ ਹੈ।

ਮਈ 2026 ਵਿੱਚ ਦੱਖਣੀ ਸੂਬਿਆਂ ਕੇਰਲਾ ਅਤੇ ਤਾਮਿਲਨਾਡੂ 'ਚ ਵਿਧਾਨ ਸਭਾ ਚੋਣ ਹੈ। ਕੇਰਲ ਵਿੱਚ ਖੱਬੀ ਲੋਕਤੰਤਰਿਕ ਧਿਰ ਅਤੇ ਤਾਮਿਲਨਾਡੂ 'ਚ ਡੀ.ਐੱਮ.ਕੇ, ਦਾ ਰਾਜ-ਭਾਗ ਹੈ। ਪੂਰਬੀ ਸੂਬੇ ਬੰਗਾਲ ਵਿੱਚ ਚੋਣਾਂ ਮਈ 'ਚ ਤਹਿ ਹਨ। ਉੱਤਰੀ ਪੂਰਬੀ ਸੂਬੇ ਅਸਾਮ ਅਤੇ ਪਾਂਡੀਚੇਰੀ 'ਚ ਵਿਧਾਨ ਸਭਾ ਚੋਣਾਂ ਮਈ 2026 'ਚ ਨਿਰਧਾਰਤ ਹਨ। ਅਸਾਮ 'ਚ ਭਾਜਪਾ ਅਤੇ ਪਾਂਡੀਚੇਰੀ 'ਚ ਆਲ ਇੰਡੀਆ ਐਨ.ਆਰ. ਕਾਂਗਰਸ ਅਤੇ ਭਾਜਪਾ ਭਾਈਵਾਲੀ ਨਾਲ ਰਾਜ ਕਰ ਰਹੇ ਹਨ।

ਭਾਰਤੀ ਚੋਣ ਕਮਿਸ਼ਨ ਵੱਲੋਂ ਐੱਸ.ਆਈ.ਆਰ. ਕਾਰਨ ਸਿਆਸੀ ਪਾਰਾ ਵਧਦਾ ਰਿਹਾ। ਸੂਬੇ ਦਾ ਪੱਖ ਪੇਸ਼ ਕਰਨ ਲਈ ਮੁੱਖ ਮੰਤਰੀ ਮਮਤਾ ਬੈਨਰਜੀ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਈ, ਕਿਉਂਕਿ ਭਾਜਪਾ ਵੱਲੋਂ ਤ੍ਰਿਮੂਲ ਕਾਂਗਰਸ ਨੂੰ ਪ੍ਰੇਸ਼ਾਨ ਕਰਨ ਲਈ ਅਤੇ ਰਾਜ ਸ਼ਕਤੀ ਪ੍ਰਾਪਤ ਕਰਨ ਲਈ ਪੂਰਾ ਤਾਣ ਲਗਾਇਆ ਜਾ ਰਿਹਾ ਹੈ। ਇਸ ਵੇਲੇ ਟੱਕਰ ਵੀ ਤ੍ਰਿਮੂਲ ਕਾਂਗਰਸ ਅਤੇ ਭਾਜਪਾ ਵਿਚਕਾਰ ਹੈ। ਕਦੇ ਇਹ ਟੱਕਰ ਕਾਂਗਰਸ ਅਤੇ ਖੱਬੀਆਂ ਧਿਰਾਂ ਦਰਮਿਆਨ ਹੋਇਆ ਕਰਦੀ ਸੀ। ਖੱਬੀਆਂ ਧਿਰਾਂ ਨੇ ਬੰਗਾਲ 'ਚ 34 ਸਾਲ ਰਾਜ ਕੀਤਾ । ਖੱਬੀ ਧਿਰ ਦਾ ਰਾਜ ਖ਼ਤਮ ਕਰਕੇ ਮਮਤਾ ਬੈਨਰਜੀ ਡੇਢ ਦਹਾਕੇ ਤੋਂ ਸੱਤਾ 'ਚ ਹੈ। ਕੁੱਲ ਮਿਲਾਕੇ 294 ਸੀਟਾਂ ਵਿੱਚੋਂ 213 ਸੀਟਾਂ 'ਤੇ ਕਾਬਜ਼ ਹੈ।

ਸਾਲ 2021 ਵਿਧਾਨ ਸਭਾ ਚੋਣ ਸਮੇਂ ਟੀ.ਐੱਮ.ਸੀ. ਨੇ 48.5 ਫ਼ੀਸਦੀ ਵੋਟ ਲਈ ਅਤੇ ਭਾਜਪਾ ਨੇ 38.5 ਫ਼ੀਸਦੀ ਵੋਟ ਪ੍ਰਾਪਤ ਕਰਕੇ 77 ਸੀਟਾਂ ਜਿੱਤੀਆਂ, ਕਾਂਗਰਸ ਅਤੇ ਖੱਬੀ ਧਿਰ ਨੂੰ ਕੋਈ ਵੀ ਸੀਟ ਨਾ ਮਿਲੀ। ਕਾਂਗਰਸ ਨੂੰ ਤਿੰਨ ਫ਼ੀਸਦੀ ਅਤੇ ਖੱਬੀ ਧਿਰ ਨੂੰ 2.7 ਫ਼ੀਸਦੀ ਵੋਟ ਮਿਲੇ ਸਨ।

ਮਮਤਾ ਬੈਨਰਜੀ ਸਰਕਾਰ ਦੇ ਸਾਹਮਣੇ ਇਸ ਵੇਲੇ ਵੱਡੀਆਂ ਚੁਣੌਤੀਆਂ ਹਨ ।ਉਸਦੇ ਕਈ ਮੰਤਰੀ ਭ੍ਰਿਸ਼ਟਾਚਾਰ, ਭਰਤੀ ਘੁਟਾਲੇ ਕਾਰਨ ਵੱਡੀ ਚਰਚਾ 'ਚ ਹੈ। ਪਰ ਐੱਸ.ਆਈ.ਆਰ. ਦੇ ਮੁੱਦੇ 'ਤੇ ਤ੍ਰਿਮੂਲ ਕਾਂਗਰਸ ਦੇ ਵਰਕਰ ਪਿੰਡਾਂ, ਸ਼ਹਿਰਾਂ 'ਚ ਪੂਰੀ ਤਰ੍ਹਾਂ ਸਰਗਰਮ ਹਨ। ਉੱਧਰ ਭਾਜਪਾ ਵਰਕਰ ਪੂਰੀ ਤੇਜ਼ੀ ਨਾਲ ਹੁਣੇ ਤੋਂ ਹੀ ਵੋਟਰਾਂ ਕੋਲ ਘਰ-ਘਰ ਜਾ ਕੇ ਪ੍ਰਚਾਰ ਆਰੰਭ ਕਰ ਚੁੱਕੇ ਹਨ। ਭਾਵੇਂ ਤ੍ਰਿਮੂਲ ਕਾਂਗਰਸ ਅਤੇ ਭਾਜਪਾ ਸਿੱਧੀ ਟੱਕਰ ਵਿੱਚ ਹਨ, ਪਰ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਨੂੰ ਐੱਮ.ਪੀ. ਦੀ ਇੱਕ ਸੀਟ ਮਿਲੀ ਸੀ ਅਤੇ ਪੂਰੇ ਰਾਜ ਵਿੱਚ ਉਸ ਦੀ ਵੋਟ ਪ੍ਰਤੀਸ਼ਤ 15.7 ਹੋ ਗਈ। ਜਦ ਕਿ ਟੀ.ਐੱਮ.ਸੀ. 46.2 ਫ਼ੀਸਦੀ ਅਤੇ ਭਾਜਪਾ 39.1 ਫ਼ੀਸਦੀ ਵੋਟ ਪ੍ਰਾਪਤ ਕਰ ਸਕੀ। ਟੀ.ਐੱਮ.ਸੀ. ਨੇ 29 ਲੋਕ ਸਭਾ ਸੀਟਾਂ, ਭਾਜਪਾ ਨੇ 12 ਸੀਟਾਂ ਅਤੇ ਕਾਂਗਰਸ ਨੇ ਇੱਕ ਸੀਟ ਜਿੱਤੀ। ਲੋਕ ਸਭਾ ਦੀਆਂ ਬੰਗਾਲ 'ਚ ਕੁੱਲ 42 ਸੀਟਾਂ ਹਨ।

ਦੂਜੇ ਪਾਸੇ ਦੱਖਣੀ ਰਾਜ ਤਾਮਿਲਨਾਡੂ 'ਚ ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. ਦੇ ਦਰਮਿਆਨ ਜਦੋਂ 2021 'ਚ ਵਿਧਾਨ ਸਭਾ ਚੋਣ ਯੁੱਧ ਹੋਇਆ ਤਾਂ ਡੀ.ਐੱਮ.ਕੇ. 133, ਅੰਨਾ ਡੀ.ਐੱਮ.ਕੇ. 66 ਸੀਟਾਂ ਲਿਜਾ ਸਕੀ। ਡੀ.ਐੱਮ.ਕੇ. ਨੇ 37.70 ਫ਼ੀਸਦੀ ਅਤੇ ਅੰਨਾ ਡੀ.ਐੱਮ.ਕੇ. ਨੇ 33.23 ਫ਼ੀਸਦੀ ਵੋਟ ਪ੍ਰਾਪਤ ਕੀਤੇ ਜਦ ਕਿ ਕਾਂਗਰਸ 18 ਸੀਟਾਂ ਲੈ ਕੇ 4.27 ਫ਼ੀਸਦੀ, ਭਾਜਪਾ 04 ਸੀਟਾਂ ਲੈ ਕੇ 2.62 ਫ਼ੀਸਦੀ ਵੋਟ ਲਿਜਾ ਸਕੀ ਸੀ। ਲੋਕ ਸਭਾ ਦੀਆਂ 39 ਸੀਟਾਂ ਵਿੱਚ 22 ਡੀ.ਐੱਮ.ਕੇ., ਕਾਂਗਰਸ 09, ਸੀ.ਪੀ.ਐੱਮ. 02, ਅਤੇ ਹੋਰ 06 ਸੀਟਾਂ ਪ੍ਰਾਪਤ ਕਰ ਸਕੇ ਪਰ ਅੰਨਾ ਡੀ.ਐੱਮ.ਕੇ. 20.7 ਫ਼ੀਸਦੀ ਵੋਟ ਬੈਂਕ ਲੈ ਕੇ ਵੀ ਕੋਈ ਸੀਟ ਨਾ ਜਿੱਤ ਸਕੀ। ਵਿਧਾਨ ਸਭਾ ਚੋਣਾਂ 'ਚ ਏ.ਆਈ. ਡੀ.ਐੱਮ.ਕੇ. ਅਤੇ ਭਾਜਪਾ ਇਕੱਠਿਆਂ ਚੋਣ ਲੜੇਗੀ। ਜਦ ਕਿ ਡੀ.ਐੱਮ.ਕੇ. ਅਤੇ ਕਾਂਗਰਸ ਦਾ ਗੱਠਜੋੜ ਸੀਟਾਂ ਦੀ ਆਪਸੀ ਵੰਡ ਨਾਲ ਚੋਣ ਲੜੇਗਾ। ਸੂਬੇ ਵਿੱਚ ਅੰਨਾ ਡੀ.ਐੱਮ.ਕੇ. ਤੇ ਭਾਜਪਾ ਭ੍ਰਿਸ਼ਟਾਚਾਰ, ਰੁਜ਼ਗਾਰ, ਪਰਿਵਾਰਵਾਦ ਦੋਸ਼ ਲਗਾ ਰਹੇ ਹਨ ਜਦ ਕਿ ਸੱਤਾ ਧਿਰ ਡੀ.ਐੱਮ.ਕੇ. ਆਪਣੀ ਲੋਕ-ਹਿਤੈਸ਼ੀ ਸਕੀਮ ਅਤੇ ਕੇਂਦਰ ਵੱਲੋਂ ਸੂਬੇ ਵਿੱਚ ਹਿੰਦੀ ਨੂੰ ਜ਼ਬਰੀ ਥੋਪਣ, ਐੱਸ.ਆਈ.ਆਰ. ਅਤੇ ਸੂਬੇ ਨਾਲ ਲਗਾਤਾਰ ਵਿਤਕਰਿਆਂ ਨੂੰ ਚੋਣ ਮੁੱਦਾ ਬਣਾ ਰਹੀ ਹੈ।ਤਾਮਿਲਨਾਡੂ ਉਹ ਰਾਜ ਹੈ, ਜਿੱਥੇ ਫਿਲਮੀ ਅਦਾਕਾਰਾ ਜੈ ਲਲਿਤਾ ਨੇ ਲੰਮਾ ਸਮਾਂ ਰਾਜ ਕੀਤਾ। ਤਾਮਿਲਨਾਡੂ 'ਚ ਇਸ ਵਾਰ ਇੱਕ ਤੀਜੀ ਧਿਰ ਦੋ ਸਾਲ ਪੁਰਾਣੀ ਟੀ.ਵੀ.ਕੇ. ਅਦਾਕਾਰ ਥਲਾਪਤੀ ਵਿਜੈ ਦੀ ਅਗਵਾਈ 'ਚ ਚੋਣ ਚੁਣੌਤੀ ਪੇਸ਼ ਕਰ ਰਹੀ ਹੈ, ਜਿਸ ਨਾਲ ਤਿਕੋਣਾ ਮੁਕਾਬਲਾ ਹੋਣ ਦੀ ਸੰਭਾਵਨਾਵਾਂ ਬਣੀਆਂ ਹੋਈਆਂ ਹਨ। ਭਾਵੇਂ ਕਿ ਰਜਨੀਕਾਂਤ ਅਤੇ ਕਮਲ ਹਸਨ ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਈਆਂ, ਪਰ ਅਦਾਕਾਰ ਥਲਾਪਤੀ ਵਿਜੈ ਦੀ ਵੱਡੀ ਚਰਚਾ ਅਤੇ ਲੋਕ ਪ੍ਰਿਯਤਾ ਹੈ।

ਤਾਮਿਲਨਾਡੂ 'ਚ ਕਰੂਰ ਰੈਲੀ 'ਚ 41 ਲੋਕਾਂ ਦੀ ਥਲਾਪਤੀ ਵਿਜੈ ਦੀ ਬਹਿਤ ਵੱਡੀ ਰੈਲੀ 'ਚ ਭਗਦੜ ਕਾਰਨ ਮੌਤ ਹੋ ਗਈ, ਪਰ ਲੋਕ ਇਸ ਹਾਦਸੇ 'ਚ ਡੀ.ਐੱਮ.ਕੇ. ਸਰਕਾਰ ਦੀ ਗ਼ੈਰ-ਜ਼ਿੰਮੇਵਾਰੀ ਮਨ ਰਹੇ ਹਨ। ਉਂਞ ਦੱਖਣੀ ਤਾਮਿਲਨਾਡੂ ਅਤੇ ਨੌਜਵਾਨਾਂ 'ਚ ਟੀ.ਵੀ.ਕੇ. ਦਾ ਪ੍ਰਭਾਵ ਹੈ ਅਤੇ ਉਸ ਵੱਲੋਂ 15 ਫ਼ੀਸਦੀ ਵੋਟਾਂ ਲੈ ਜਾਣ ਦੀ ਸੰਭਾਵਨਾ ਹੈ।

ਦੱਖਣੀ ਰਾਜ ਕੇਰਲਾ 'ਚ ਰਾਜ-ਭਾਗ ਸੀ.ਪੀ.ਐੱਮ. ਅਤੇ ਖੱਬੇ ਫਰੰਟ ਦੇ ਕੋਲ ਹੈ। 2021 'ਚ 140 ਵਿੱਚ 99 ਸੀਟਾਂ ਇਸ ਫਰੰਟ ਨੇ ਜਿੱਤੀਆਂ।2024 ਦੀਆਂ ਲੋਕ ਸਭਾ ਚੋਣਾਂ 'ਚ ਇੰਡੀਆ ਫਰੰਟ, ਜਿਸ ਵਿੱਚ ਕਾਂਗਰਸ ਤੇ ਖੱਬੀਆਂ ਧਿਰਾਂ ਸ਼ਾਮਲ ਸਨ। ਕੁੱਲ 20 ਲੋਕ ਸਭਾ ਸੀਟਾਂ ਵਿੱਚੋਂ 19 ਸੀਟਾਂ ਜਿੱਤੀਆਂ ਅਤੇ ਐਨ.ਡੀ.ਏ. ਨੇ ਸਿਰਫ਼ ਇੱਕ। ਕਾਂਗਰਸ ਨੇ 14, ਸੀ.ਪੀ.ਐੱਮ. ਇੱਕ ਤੇ ਹੋਰ ਭਾਈਵਾਲ ਚਾਰ ਸੀਟਾਂ ਜਿੱਤੇ ਜਦ ਕਿ ਭਾਜਪਾ ਇੱਕ ਸੀਟ ਹੀ ਲੈ ਜਾ ਸਕੀ।

ਕੇਰਲ 'ਚ ਮੁਕਾਬਲਾ ਖੱਬੀਆਂ ਧਿਰਾਂ ਫਰੰਟ, ਜਿਸ ਵਿੱਚ ਸੀਪੀ.ਐੱਮ.,ਸੀ.ਪੀ.ਆਈ., ਕੇਰਲਾ ਕਾਂਗਰਸ ਦਰਮਿਆਨ ਅਤੇ ਯੂਨਾਈਟਿਡ ਡੈਮੋਕਰੇਟਿਕ ਫਰੰਟ ਦਰਮਿਆਨ ਹੈ, ਜਿਸ ਵਿੱਚ ਕਾਂਗਰਸ, ਆਰ.ਐੱਸ.ਪੀ., ਇੰਡੀਅਨ ਯੂਨੀਅਨ ਮੁਸਲਿਮ ਦਰਮਿਆਨ ਹੈ। ਜਦ ਕਿ ਐੱਨ.ਡੀ.ਏ. ਜਿਸ ਵਿੱਚ ਭਾਰਤੀ ਜਨਤਾ ਪਾਰਟੀ ਸ਼ਾਮਲ ਹੈ, ਵੀ ਇੱਕ ਧਿਰ ਹੈ। ਚੋਣਾਂ 'ਚ ਬੇਰਜ਼ੁਗਾਰੀ, ਭ੍ਰਿਸ਼ਟਾਚਾਰ ਘੱਟ ਗਿਣਤੀਆਂ ਦੇ ਹਿੱਤ ਮੁੱਖ ਮੁੱਦੇ ਹਨ। ਇਸ ਸੂਬੇ 'ਚ ਭਾਜਪਾ ਦਾ ਖ਼ਾਸ ਅਧਾਰ ਵੇਖਣ ਨੂੰ ਨਹੀਂ ਮਿਲਦਾ।ਅਸਾਮ 'ਚ ਭਾਜਪਾ ਅਤੇ ਏ.ਐੱਸ.ਓ.ਐੱਮ. ਵਿਚਕਾਰ ਟੱਕਰ ਰਹਿੰਦੀ ਹੈ। ਇਸ ਸਮੇਂ ਰਾਜ ਭਾਜਪਾ ਦਾ ਹੈ। ਪਾਂਡੀਚੇਰੀ ਵਿੱਚ ਐੱਨ.ਡੀ.ਏ. ਜਿਸ ਵਿੱਚ ਭਾਜਪਾ ਅਤੇ ਏ.ਆਈ.ਐੱਨ.ਆਰ.ਸੀ. ਸ਼ਾਮਲ ਹਨ ਅਤੇ ਐੱਸ.ਪੀ.ਏ., ਜਿਸ ਵਿੱਚ ਡੀ.ਐੱਮ.ਕੇ. ਅਤੇ ਕਾਂਗਰਸ ਸ਼ਾਮਲ ਹਨ, ਵਿੱਚ ਮੁਕਾਬਲਾ ਹੋਏਗਾ।

(ਬਾਕੀ ਸਫ਼ਾ 27 'ਤੇ)



# ਪੰਜਾਬੀਆਂ ਦੀ ਬਦਲ ਰਹੀ ਹੈ ਜੀਵਨ ਸ਼ੈਲੀ

## ਖੇਤਾਂ 'ਚ ਕਣਕ - ਮੱਕੀ ਦੀ ਥਾਂ ਉੱਗੀਆਂ ਅਸਮਾਨ ਛੂੰਹਦੀਆਂ ਇਮਾਰਤਾਂ

### ਸਿਆਣੇ ਕਹਿੰਦੇ ਨੇ ਕਿ 'ਜ਼ਮੀਨ ਵੇਚ ਕੇ ਮਿਲਿਆ ਪੈਸਾ ਟਿਕਦਾ ਨਹੀਂ'

### ਮੋਹਾਲੀ ਦੇ ਵਿਕਾਸ ਲਈ ਬਨੂੜ ਦੇ ਸੱਤ ਪਿੰਡਾਂ ਦੀ ਜ਼ਮੀਨ ਦੀ ਲਈ ਜਾ ਰਹੀ ਹੈ ਬਲੀ




**ਸਮੇਂ ਦੇ ਨਾਲ ਨਾਲ ਤਰੱਕੀ ਕਰਦਾ ਹੋਇਆ ਮੋਹਾਲੀ ਸ਼ਹਿਰ ਅੱਜ-ਕੱਲ੍ਹ ਜਿੱਥੇ ਦੂਰ- ਦੂਰ ਤੱਕ ਫੈਲ ਕੇ 'ਮਹਾਂ ਨਗਰ' ਬਣਦਾ ਜਾ ਰਿਹਾ ਹੈ, ਉਥੇ ਇਹ ਆਪਣੇ ਕਲਾਵੇ ਵਿੱਚ ਦੂਰ- ਨੇੜੇ ਦੇ ਪਿੰਡਾਂ ਨੂੰ ਵੀ ਲੈਂਦਾ ਜਾ ਰਿਹਾ ਹੈ, ਜਿਸ ਕਾਰਨ ਇਹਨਾਂ ਪਿੰਡਾਂ ਦਾ ਅਸਲ ਵਜੂਦ ਖ਼ਤਮ ਹੋ ਰਿਹਾ ਹੈ ਅਤੇ ਇਹ ਪਿੰਡ ਮੋਹਾਲੀ ਸ਼ਹਿਰ ਦਾ ਇੱਕ 'ਸੈਕਟਰ' ਬਣ ਕੇ ਰਹਿ ਗਏ ਹਨ। ਅੱਜ ਤੋਂ ਕਰੀਬ 45 ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਦੀ ਉਪਜਾਊ ਜ਼ਮੀਨ ਵਿੱਚ ਹੀ ਮੋਹਾਲੀ ਸ਼ਹਿਰ ਵਸਾਇਆ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਸ਼ਹਿਰ ਦਾ ਘੇਰਾ ਬਹੁਤ ਵਿਸ਼ਾਲ ਹੋ ਚੁੱਕਿਆ ਹੈ।**



ਪੰਜਾਬ ਦੇ ਬਨੂੜ ਇਲਾਕੇ ਦੇ 7 ਪਿੰਡਾਂ ਦੀ ਉਪਜਾਊ ਜ਼ਮੀਨ 'ਤੇ ਹੁਣ ਇੱਕ ਵਾਰ ਫੇਰ 'ਸ਼ਹਿਰ' ਅਤੇ 'ਪੂੰਜੀਵਾਦ' ਦੀ ਕੈੜੀ ਅੱਖ ਹੈ। ਪੰਜਾਬ ਦੇ ਪ੍ਰਸਿੱਧ ਸ਼ਹਿਰ ਮੋਹਾਲੀ ਦਾ ਹੋਰ ਵਿਸਤਾਰ ਕਰਨ ਲਈ 'ਗਮਾਡਾ' ਵੱਲੋਂ ਬਨੂੜ ਨੇੜਲੇ 7 ਪਿੰਡਾਂ ਦੀ ਜ਼ਮੀਨ ਅਕਵਾਇਰ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਆਥਾਰਿਟੀ (ਗਮਾਡਾ) ਵੱਲੋਂ ਬਨੂੜ ਖੇਤਰ ਦੇ ਸੱਤ ਪਿੰਡਾਂ ਵਿੱਚ ਏਅਰੋਟ੍ਰੋਪੋਲਿਸ ਖੇਤਰ ਦੇ ਵਿਸਥਾਰ ਦੀ ਯੋਜਨਾ ਬਣਾਈ ਗਈ ਹੈ। ਗਮਾਡਾ ਵੱਲੋਂ ਇਸ ਮਕਸਦ ਲਈ ਮਾਸਟਰ ਪਲਾਨ ਬਨੂੜ ਵਿੱਚ ਸ਼ਾਮਲ ਸੱਤ ਪਿੰਡਾਂ ਦੀ 2500 ਏਕੜ ਦੇ ਕਰੀਬ ਜ਼ਮੀਨ ਐਕੁਆਇਰ ਕਰਨ ਦੀ ਸ਼ਨਾਖ਼ਤ ਕੀਤੀ ਗਈ ਹੈ। ਇਸ ਲਈ ਅਗਲੀ ਪ੍ਰਕਿਰਿਆ ਜਲਦੀ ਹੀ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਗਮਾਡਾ ਵੱਲੋਂ ਪਹਿਲਾਂ ਹੀ ਏਅਰੋਟ੍ਰੋਪੋਲਿਸ ਦੀਆਂ ਈ, ਐੱਫ, ਜੀ, ਐੱਚ, ਆਈ ਅਤੇ ਜੇ ਪਾਕਿਟਾਂ ਲਈ ਅੱਠ ਪਿੰਡਾਂ ਕੁਰੜੀ, ਬੜੀ, ਮਟਰਾਂ, ਪੱਤੋਂ, ਸਿਆਊ, ਛੱਤ, ਕਿਸ਼ਨਪੁਰਾ ਅਤੇ ਬਾਕਰਪੁਰ ਦੀ 3553 ਏਕੜ ਜ਼ਮੀਨ ਗ੍ਰਹਿਣ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ। ਜਾਣਕਾਰੀ ਅਨੁਸਾਰ ਬਨੂੜ ਮਾਸਟਰ ਪਲਾਨ ਅਧੀਨ ਆਉਂਦੇ ਜਿਨ੍ਹਾਂ ਪਿੰਡਾਂ ਦੀ ਜ਼ਮੀਨ ਹਾਸਲ ਕਰਨ ਲਈ ਸ਼ਨਾਖ਼ਤ ਕੀਤੀ ਗਈ ਹੈ, ਉਨ੍ਹਾਂ ਵਿੱਚ ਸੇਖਨਮਾਜਰਾ, ਕੁਰੜਾ, ਤੰਗੌਰੀ, ਮਾਣਕਪੁਰ ਕੱਲਰ, ਅਜ਼ੀਜ਼ਪੁਰ, ਕਰਾਲਾ ਅਤੇ ਬਸੀ ਈਸੇ ਖਾਂ ਸ਼ਾਮਲ ਹਨ। ਇਹ ਟਾਊਨਸ਼ਿਪ ਬਨੂੜ ਤੋਂ ਜ਼ੀਰਕਪੁਰ ਨੂੰ ਜਾਂਦੇ ਕੌਮੀ ਮਾਰਗ ਦੇ ਆਲੇ-ਦੁਆਲੇ ਅਤੇ ਮੋਹਾਲੀ ਦੇ ਸ਼ਹੀਦ ਭਗਤ ਸਿੰਘ ਕੌਮਾਂਤਰੀ ਏਅਰਪੋਰਟ ਦੇ ਨੇੜਲੇ ਪਿੰਡਾਂ ਵਿੱਚ ਵਸਾਈ ਜਾ ਰਹੀ ਹੈ।

ਇਸ ਤੋਂ ਕਈ ਸਾਲ ਪਹਿਲਾਂ ਮੋਹਾਲੀ ਜ਼ਿਲ੍ਹੇ ਦੇ ਪਿੰਡਾਂ ਦੀ ਜ਼ਮੀਨ ਮੋਹਾਲੀ-ਲੁਧਿਆਣਾ ਰੇਲਵੇ ਲਿੰਕ ਲਈ ਅਕਵਾਇਰ ਕੀਤੀ ਜਾ ਚੁੱਕੀ ਹੈ। ਕਿਹਾ ਜਾਂਦਾ ਹੈ ਕਿ ਰੇਲਵੇ ਨੇ ਜਿਹੜੇ ਲੋਕਾਂ ਦੀ ਜ਼ਮੀਨ ਅਕਵਾਇਰ ਕੀਤੀ ਸੀ, ਉਨ੍ਹਾਂ ਨੂੰ ਕਰੋੜਾਂ ਰੁਪਏ ਮੁਆਵਜ਼ਾ ਵੀ ਦਿੱਤਾ ਸੀ। ਇਸ ਮੁਆਵਜ਼ੇ ਨਾਲ ਕਈ ਲੋਕਾਂ ਨੇ ਮੁੜ ਜ਼ਮੀਨ ਖਰੀਦ ਲਈ ਜਾਂ ਫ਼ਲਾਂ ਦੇ ਬਾਗ ਖਰੀਦ ਲਏ ਪਰ ਵੱਡੀ ਗਿਣਤੀ ਲੋਕਾਂ ਨੇ ਆਲੀਸ਼ਾਨ ਘਰ ਬਣਾਉਣ ਅਤੇ ਵੱਡੀਆਂ ਤੇ ਮਹਿੰਗੀਆਂ ਗੱਡੀਆਂ ਖਰੀਦਣ ਲਈ ਇਹ ਪੈਸਾ ਖ਼ਰਚ ਕਰ ਦਿੱਤਾ। ਹੁਣ ਅਜਿਹੇ ਲੋਕਾਂ ਕੋਲ ਨਾ ਆਪਣੀ ਜ਼ਮੀਨ ਰਹੀ ਹੈ ਤੇ ਨਾ ਪੈਸਾ। ਸਿਆਣੇ ਕਹਿੰਦੇ ਹਨ ਕਿ ਜ਼ਮੀਨ ਵੇਚ ਕੇ ਮਿਲਿਆ ਪੈਸਾ ਘੱਟ ਹੀ ਟਿਕਦਾ ਹੈ। ਇਹੋ ਕਾਰਨ ਹੈ ਕਿ ਜਿਹੜੇ ਲੋਕਾਂ ਦੀ ਜ਼ਮੀਨ ਅਕਵਾਇਰ ਹੋਈ ਸੀ, ਉਹਨਾਂ ਦੀ ਜ਼ਮੀਨ ਵੀ ਗਈ ਤੇ ਜ਼ਮੀਨ ਨਾ ਹੋਣ ਕਾਰਨ ਨਵੀਂ ਪੀੜ੍ਹੀ ਖੇਤੀ ਕਰਨ ਯੋਗ ਨਾ ਰਹਿ ਸਕੀ, ਜਿਸ ਕਾਰਨ ਉਹ ਬੇਰੁਜ਼ਗਾਰ ਹੋ ਗਈ। ਕਰੋੜਾਂ ਰੁਪਏ ਦੇ ਰੂਪ ਵਿੱਚ ਮਿਲਿਆ ਪੈਸਾ ਵੀ ਖ਼ਰਚਿਆ ਗਿਆ, ਜਿਸ ਕਾਰਨ ਇਹ ਲੋਕ ਹੁਣ ਕੱਖੋਂ ਹੋਲੇ ਹੁੰਦੇ ਜਾਪ ਰਹੇ ਹਨ।



ਅਜੇ ਕੁਝ ਹ਼ਫਤੇ ਪਹਿਲਾਂ ਦੀ ਗੱਲ ਹੈ ਕਿ ਪਟਿਆਲਾ ਤੋਂ ਮੋਹਾਲੀ-ਚੰਡੀਗੜ੍ਹ ਰੇਲਵੇ ਲਿੰਕ ਲਈ ਵੀ ਮੋਹਾਲੀ ਅਤੇ ਪਟਿਆਲਾ ਜ਼ਿਲ੍ਹਿਆਂ ਦੀ ਜ਼ਮੀਨ ਅਕਵਾਇਰ ਕਰਨ ਦਾ ਐਲਾਨ ਕੀਤਾ ਗਿਆ ਸੀ। ਉਸ ਤੋਂ ਬਾਅਦ ਹੁਣ ਮੋਹਾਲੀ ਦੇ ਵਿਸਤਾਰ ਲਈ 'ਗਮਾਡਾ' ਵੱਲੋਂ ਬਨੂੜ ਦੇ 7 ਪਿੰਡਾਂ ਦੀ ਜ਼ਮੀਨ ਅਕਵਾਇਰ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਐਲਾਨ ਤੋਂ ਪਹਿਲਾਂ ਹੀ ਪੂੰਜੀਪਤੀ ਵਰਗ ਅਤੇ ਕਾਲੋਨਾਈਜ਼ਰ ਵੀ ਸਰਗਰਮ ਹੋ ਚੁੱਕੇ ਹਨ, ਜਿਨ੍ਹਾਂ ਨੇ ਇਹ ਐਲਾਨ ਹੋਣ ਤੋਂ ਪਹਿਲਾਂ ਹੀ ਇਨ੍ਹਾਂ ਪਿੰਡਾਂ ਵਿੱਚ ਕਿਸਾਨਾਂ ਤੋਂ ਸਸਤੇ ਭਾਅ ਜ਼ਮੀਨ ਖਰੀਦ ਲਈ ਹੈ, ਜੋਕਿ ਹੁਣ ਜ਼ਮੀਨ ਅਕਵਾਇਰ ਹੋਣ 'ਤੇ ਸਰਕਾਰ ਤੋਂ ਵੱਡਾ ਮੁਆਵਜ਼ਾ ਲੈਣਗੇ ਅਤੇ ਮੋਟਾ ਮੁਨਾਫ਼ਾ ਕਮਾਉਣਗੇ।

ਮੋਹਾਲੀ ਸ਼ਹਿਰ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਚੰਡੀਗੜ੍ਹ ਦੀ ਤਰਜ਼ 'ਤੇ ਵਸਾਇਆ ਗਿਆ ਹੈ। ਸ਼ਾਇਦ ਇਸੇ ਕਾਰਨ ਇਸ ਸ਼ਹਿਰ ਨੂੰ ਵਸਾਉਣ ਅਤੇ ਫੈਲਾਉਣ ਲਈ ਪੰਜਾਬ ਦੇ ਪਿੰਡਾਂ ਦੀ ਜ਼ਮੀਨ ਵਰਤੀ ਜਾ ਰਹੀ ਹੈ। ਚੰਡੀਗੜ੍ਹ ਵਸਾਉਣ ਲਈ ਵੀ ਪੰਜਾਬ ਦੇ ਅਨੇਕਾਂ ਪਿੰਡਾਂ ਨੂੰ ਉਜਾੜਿਆ ਗਿਆ ਸੀ ਜਿਸ ਕਰਕੇ ਇਹਨਾਂ ਪਿੰਡਾਂ ਦੇ ਖੰਡਰਾਂ 'ਤੇ ਪੱਥਰਾਂ ਦੇ ਸ਼ਹਿਰ ਚੰਡੀਗੜ੍ਹ ਦੀ ਉਸਾਰੀ ਹੋਈ। ਪੰਜਾਬ ਦੇ ਪਿੰਡਾਂ ਬਜਵਾੜੀ (23 ਸੈਕਟਰ), ਦਲਹੇੜੀ ਜੱਟਾਂ (28 ਸੈਕਟਰ), ਦਲਹੇੜੀ (19 ਸੈਕਟਰ), ਗੁਰਦਾਸਪੁਰਾ (28-ਇੰਡਸਟਰੀਅਲ ਏਰੀਆ), ਹਮੀਰਗੜ੍ਹ (ਕੰਚਨਪੁਰ) (7-26 ਸੈਕਟਰ), ਕਾਲੀਬੜ (4-5-8-9 ਸੈਕਟਰ), ਕੈਲੜ (15-16-24 ਸੈਕਟਰ), ਕਾਂਜੀ ਮਾਜਰਾ (14 ਸੈਕਟਰ - ਪੰਜਾਬ ਯੂਨੀਵਰਸਿਟੀ), ਖੇੜੀ (20-30-32 ਚੌਕ), ਮਹਿਲਾ ਮਾਜਰਾ (2-3 ਸੈਕਟਰ), ਨਗਲਾ (27 ਸੈਕਟਰ), ਰਾਮ ਨਗਰ (ਭੰਗੀ ਮਾਜਰਾ) (6-7 ਸੈਕਟਰ), ਰੁੜਕੀ (17-18-21-22 ਸੈਕਟਰ), ਸੈਣੀ ਮਾਜਰਾ (25 ਸੈਕਟਰ), ਸਹਿਜ਼ਾਦਪੁਰ (11-12 ਸੈਕਟਰ) (31-47 ਸੈਕਟਰ), ਬਜਵਾੜਾ (35-36 ਸੈਕਟਰ), ਬਜਵਾੜੀ ਬਖਤਾ (37 ਸੈਕਟਰ/ਬੇ-ਚਿਰਾਗ ਪਿੰਡ), ਫ਼ਤਹਿਗੜ੍ਹ (ਮਾਦੜਾਂ) (33-34 ਸੈਕਟਰ), ਗੱਗੜ ਮਾਜਰਾ (ਏਅਰਪੋਰਟ ਏਰੀਆ), ਕੰਥਾਲਾ (31 ਸੈਕਟਰ, ਟ੍ਰਿਬਿਊਨ ਚੌਕ), ਜੈਪੁਰ, ਸਲਾਹਪੁਰ, ਦਤਾਰਪੁਰ (ਰਾਮ ਦਰਬਾਰ, ਏਅਰਪੋਰਟ ਏਰੀਆ), ਚੂਹੜਪੁਰ, ਕਰਮਾਣ (29 ਸੈਕਟਰ, ਇੰਡਸਟਰੀਅਲ ਏਰੀਆ), ਝੁਮਰੂ (49-50 ਸੈਕਟਰ), ਨਿਜਾਮਪੁਰ (48 ਸੈਕਟਰ), ਸ਼ਾਹਪੁਰ (38 ਸੈਕਟਰ), ਮਨੀਮਾਜਰਾ, ਧਨਾਸ (14 ਸੈਕਟਰ), ਮਲੋਆ, ਡੱਡੂ ਮਾਜਰਾ (39 ਸੈਕਟਰ), ਬਡਹੇੜੀ, ਬੁਟੇਰਲਾ (41 ਸੈਕਟਰ), ਅਟਾਵਾ (42 ਸੈਕਟਰ), ਬੁੜੈਲ (45 ਸੈਕਟਰ), ਕਜਹੇੜੀ (52 ਸੈਕਟਰ), ਮਦਨਪੁਰ (54 ਸੈਕਟਰ), ਪਲਸੌਰਾ (55 ਸੈਕਟਰ) ਦੀ ਥਾਂ ਚੰਡੀਗੜ੍ਹ ਬਣਾਇਆ ਗਿਆ ਹੈ। ਕਿਸੇ ਸਮੇਂ ਚੰਡੀਗੜ੍ਹ ਏਸ਼ੀਆ ਦਾ ਸਭ ਤੋਂ ਸੋਹਣਾ ਸ਼ਹਿਰ ਮੰਨਿਆ ਜਾਂਦਾ ਸੀ ਅਤੇ ਇੱਥੇ ਪੜ੍ਹਾਈ, ਨੌਕਰੀ ਅਤੇ ਕੋਈ ਕੰਮ ਧੰਦਾ ਕਰਨਾ ਪੰਜਾਬੀ ਸ਼ਾਨ ਸਮਝਦੇ ਸਨ ਪਰ ਹੁਣ ਇਸ ਸ਼ਹਿਰ ਦੀ ਉਹ ਗੱਲ ਨਹੀਂ ਰਹੀ, ਹੁਣ ਮੋਹਾਲੀ ਸ਼ਹਿਰ ਪੰਜਾਬੀਆਂ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ, ਇਸੇ ਕਾਰਨ ਸਰਕਾਰ, ਪ੍ਰਸ਼ਾਸਨ ਤੇ ਗਮਾਡਾ ਵੱਲੋਂ ਇਸ ਸ਼ਹਿਰ ਦਾ ਲਗਾਤਾਰ ਵਿਸਤਾਰ ਕੀਤਾ ਜਾ ਰਿਹਾ ਹੈ।



ਸਮਾਂ ਕਦੇ ਇਕੋ ਜਿਹਾ ਨਹੀਂ ਰਹਿੰਦਾ, ਇਹ ਹਮੇਸ਼ਾ ਚਲਦਾ ਰਹਿੰਦਾ ਹੈ ਅਤੇ ਸਮੇਂ ਦੇ ਬਦਲਣ ਕਰਕੇ ਹੀ ਸਮਾਜ ਵਿੱਚ ਵੀ ਅਹਿਮ ਤਬਦੀਲੀ ਆਉਣੀ ਸੁਭਾਵਿਕ ਹੈ। ਸਮੇਂ ਦੇ ਬਦਲਣ ਅਨੁਸਾਰ ਹੀ ਲੋਕਾਂ ਦੀ ਜੀਵਨ ਸ਼ੈਲੀ ਅਤੇ ਰਹਿਣ ਸਹਿਣ ਵਿੱਚ ਵੀ ਫਰਕ ਆ ਜਾਂਦਾ ਹੈ। ਬਾਰਾਂ ਕੋਹਾਂ 'ਤੇ ਬੋਲੀ ਤੇ ਪਹਿਰਾਵਾ ਤਾਂ ਬਦਲਦੇ ਹੀ ਹਨ, ਲੋਕਾਂ ਦੀ ਸੋਚ ਵੀ ਬਦਲੀ ਜਿਹੀ ਲੱਗਦੀ ਹੈ, ਭਾਵੇਂ ਕਿ ਇੰਟਰਨੈਟ ਕਰਕੇ ਹੁਣ ਦੁਨੀਆ ਇੱਕ ਗਲੋਬਲ ਪਿੰਡ ਜਿਹਾ ਹੀ ਤਾਂ ਬਣ ਗਈ ਹੈ, ਪਰ ਜਿਹੜੇ ਲੋਕ ਕੰਪਿਊਟਰ ਤੇ ਇੰਟਰਨੈਟ ਦੀ ਵਰਤੋ ਨਹੀਂ ਕਰਦੇ , ਉਹਨਾਂ ਲਈ ਤਾਂ ਅਜੇ ਵੀ ਹਰ ਚੀਜ਼ ਪਹਿਲਾਂ ਵਰਗੀ ਹੈ, ਹਾਂ! ਹੋਰਨਾਂ ਲੋਕਾਂ ਵਿੱਚ ਆਈ ਤਬਦੀਲੀ ਵੇਖਕੇ ਉਹ ਹੈਰਾਨ ਜਿਹੇ ਜ਼ਰੂਰ ਹੁੰਦੇ ਹਨ।

ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਪੰਜਾਬ ਨੇ ਸਨਅਤੀ, ਹੋਜ਼ਰੀ, ਵਿਦਿਅਕ ਤੇ ਹੋਰ ਖੇਤਰਾਂ ਵਿੱਚ ਅਹਿਮ ਤਰੱਕੀ ਕੀਤੀ ਹੈ। ਜਿਸਦਾ ਸਬੂਤ ਮੋਹਾਲੀ, ਲੁਧਿਆਣਾ ਤੇ ਹੋਰ ਸ਼ਹਿਰਾਂ ਵਿੱਚ ਚਲਦੇ ਕਾਰਖਾਨੇ, ਫੈਕਟਰੀਆਂ ਅਤੇ ਹਰ ਸ਼ਹਿਰ ਤੇ ਪਿੰਡ ਦੀ ਗਲੀ ਮੋੜ 'ਤੇ ਖੁੱਲ੍ਹੇ ਸਕੂਲ /ਕਾਲਜਾਂ ਤੋਂ ਵੀ ਮਿਲ ਜਾਂਦੀ ਹੈ ਪਰ ਪੰਜਾਬ ਦੇ ਵਿਕਾਸ ਦੀ ਤਸਵੀਰ ਦਾ ਦੂਜਾ ਪਾਸਾ ਬੜਾ ਭਿਅੰਕਰ ਰੂਪ ਪੇਸ਼ ਕਰ ਰਿਹਾ ਹੈ। ਇੱਕ ਪਾਸੇ ਵਾਹੀਯੋਗ ਜ਼ਮੀਨ ਕਿੱਲਿਆਂ ਦੇ ਕਿੱਲੇ ਦੇ ਹਿਸਾਬ ਨਾਲ ਵੇਚੀ/ ਅਕਵਾਇਰ ਕੀਤੀ ਜਾ ਰਹੀ ਹੈ। ਇਸ ਵਾਹੀਯੋਗ ਜ਼ਮੀਨ ਉੱਪਰ ਬਹੁਮੰਜ਼ਲੀ ਇਮਾਰਤਾਂ ਦੀ ਉਸਾਰੀ ਹੋ ਰਹੀ ਹੈ। ਹਰ ਸ਼ਹਿਰ, ਕਸਬੇ ਤੇ ਪਿੰਡ ਵਿੱਚ ਹਰ ਪਾਸੇ ਹੀ ਖੇਤੀਬਾੜੀ ਵਾਲੀ ਜ਼ਮੀਨ ਉੱਪਰ ਹੀ ਬਹੁਮੰਜ਼ਿਲੀ ਇਮਾਰਤਾਂ ਦੀ ਉਸਾਰੀ ਹੋ ਰਹੀ ਹੈ, ਜਿਸ ਨੂੰ 'ਵਿਕਾਸ' ਦਾ ਨਾਂਅ ਦਿੱਤਾ ਜਾ ਰਿਹਾ ਹੈ। ਦੂਜੇ ਪਾਸੇ ਪੰਜਾਬ ਵਿੱਚ ਵਾਹੀਯੋਗ ਜ਼ਮੀਨ ਲਗਾਤਾਰ ਘਟਦੀ ਜਾ ਰਹੀ ਹੈ, ਜਿਸ ਕਰਕੇ ਹੀ ਆਉਣ ਵਾਲੇ ਸਮੇਂ ਵਿੱਚ ਫ਼ਸਲਾਂ ਦੀ ਪੈਦਾਵਾਰ ਵੀ ਘੱਟ ਜਾਵੇਗੀ। ਦਿਨੋਂ ਦਿਨ ਖੇਤੀ ਹੇਠ ਰਕਬਾ ਘਟ ਰਿਹਾ ਹੈ, ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਕਿੱਲੇ ਵੇਚ ਕੇ ਕਿਲੇ ਅਤੇ ਨਵੇਂ ਸ਼ਹਿਰ ਜਾਂ ਸ਼ਹਿਰਾਂ ਦੀਆਂ ਨਵੀਂਆਂ ਕਾਲੋਨੀਆਂ ਅਤੇ ਨਵੇਂ ਸੈਕਟਰ ਬਣਾਉਣ ਦਾ ਵੱਧ ਰਿਹਾ ਰੁਝਾਨ ਕੀ ਗੁੱਲ ਖਿਲਾਵੇਗਾ? ਕੁੱਝ ਲੋਕ ਇਸ ਨੂੰ ਪੰਜਾਬੀਆਂ ਦੀ ਤਰੱਕੀ ਨਾਲ ਜੋੜ ਰਹੇ ਹਨ ਅਤੇ ਕੁੱਝ ਲੋਕ ਆਉਣ ਵਾਲੇ ਸਮੇਂ ਲਈ ਇਸ ਨੂੰ ਠੀਕ ਨਹੀਂ ਸਮਝਦੇ। ਹੁਣ ਭਵਿੱਖ ਦੇ ਢਿੱਡ ਵਿੱਚ ਕੀ ਹੈ, ਇਹ ਕਿਸੇ ਨੂੰ ਨਹੀਂ ਪਤਾ। ਹਾਂ! ਹੁਣ ਆਲੀਸ਼ਾਨ ਇਮਾਰਤਾਂ, ਮਹਿੰਗੀਆਂ ਤੇ ਵੱਡੀਆਂ ਗੱਡੀਆਂ ਵੇਖਕੇ ਹਰ ਇੱਕ ਆਮ ਵਿਅਕਤੀ ਦਾ ਦਿਲ ਜ਼ਰੂਰ ਖ਼ੁਸ਼ ਹੋ ਜਾਂਦਾ ਹੈ ਅਤੇ ਹਰ ਆਮ ਵਿਅਕਤੀ ਵੀ ਅਜਿਹਾ ਸਭ ਕੁਝ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਅਜਿਹੀਆਂ ਚੀਜ਼ਾਂ ਦੇ ਸੁਪਨੇ ਲੈਂਦਾ ਅਕਸਰ ਆਮ ਵਿਅਕਤੀ ਕੁੱਝ ਸਮੇਂ ਲਈ ਕਿਸੇ ਸੁਪਨਮਈ ਦੁਨੀਆ ਵਿੱਚ ਪਹੁੰਚ ਜਾਂਦਾ ਹੈ ਪਰ ਜਦੋਂ ਹਕੀਕਤ ਸਾਹਮਣੇ ਆਉਣ ਕਾਰਨ ਉਸ ਦੇ ਸੁਪਨੇ ਟੁੱਟਦੇ ਹਨ ਤਾਂ ਉਹ ਡੋਰ ਭੌਰ ਹੋ ਜਾਂਦੇ ਹਨ। ਫਿਰ ਅਜਿਹੇ ਸਮੇਂ ਅਜਿਹੇ ਵਿਅਕਤੀ ਦਿਨੇ ਤਾਂ ਕੀ ਰਾਤ ਨੂੰ ਵੀ ਸੁਪਨੇ ਨਹੀਂ ਲੈਂਦੇ, ਦੁਨੀਆ ਵਿੱਚ ਸਭ ਤੋਂ ਖਤਰਨਾਕ ਸੁਪਨਿਆਂ ਦਾ ਮਰ ਜਾਣਾ ਹੀ ਤਾਂ ਹੁੰਦਾ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

FUEL CARDS
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

## ਹੋਲੀ ਅਤੇ ਹੋਲਾ-ਮਹੱਲਾ 'ਤੇ ਵਿਸ਼ੇਸ਼

# ਆਜ਼ਾਦੀ, ਸੁਤੰਤਰਤਾ, ਸਵੈਮਾਣ ਤੇ ਸਿੱਖੀ ਦੀ ਚੜ੍ਹਦੀਕਲਾ ਦਾ ਪ੍ਰਤੀਕ ਦਿਹਾੜਾ ਹੋਲਾ-ਮਹੱਲਾ



ਡਾ. ਰੂਪ ਸਿੰਘ

*ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿੱਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (17000 ਈ:) ਨੂੰ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ।*



ਹੋਲਾ-ਮਹੱਲਾ ਸਿੱਖਾਂ ਦਾ ਇਕ ਅਹਿਮ ਦਿਹਾੜਾ ਹੈ ਜੋ ਕਿ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਸਿੱਖ ਹੋਲੀ ਦੇ ਪਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਕਿਉਂਕਿ ਲੋਕਾਂ ਨੇ ਇਕ-ਦੂਜੇ 'ਤੇ ਰੰਗ, ਗੰਦ-ਮੰਦ ਸੁੱਟਣ, ਖਰੂਦ ਮਚਾਉਣ, ਸ਼ਰਾਬ ਪੀਣ, ਮੰਦਾ ਬੋਲਣ ਆਦਿ ਘਟੀਆ ਹਰਕਤਾਂ ਨੂੰ ਹੋਲੀ ਦਾ ਅੰਗ ਸਮਝ ਛੱਡਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ, ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿੱਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (17000 ਈ:) ਨੂੰ ਦਸਮ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖ਼ੁਦਮੁਖ਼ਤਿਆਰ ਖ਼ਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਦਿਨ-ਦਿਹਾਰ ਵਿਲੱਖਣ ਤੇ ਨਿਰਾਲੇ ਰੂਪ ਵਿਚ ਮਨਾ, ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਗੁਰਦੇਵ ਦਾ ਆਸ਼ਾ ਪੰਜਾਬੀਆਂ ਦੇ ਮਨਾਂ ਵਿਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਹੀ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿੱਚ ਸੁਤੰਤਰ ਹੋ ਵਿਚਰ ਸਕਣ।

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਉਸ ਸਮੇਂ ਨੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚੱਲਿਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ, ਜਿਸ ਤਰ੍ਹਾਂ 'ਇਕ' ਨੂੰ 'ਸਵਾ ਲੱਖ' ਕਹਿਣਾ, 'ਮੌਤ' ਨੂੰ 'ਚੜ੍ਹਾਈ ਕਰਨਾ', 'ਤੇਗ' ਨੂੰ 'ਤੇਗਾ','ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ' ਆਦਿ । ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿਚ :

ਬਰਛਾ ਢਾਲ ਕਟਾਰਾ ਤੇਗਾ,
ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ
ਅਰੁ ਕਰਦੌਨਾ ਟੋਲਾ ਹੈ,
ਸੁਭਟ ਸੁਚਾਲਾ ਅਰ ਲਖ ਬਾਹਾ,
ਕਲਗਾ ਸਿੰਘ ਸੁਚੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ ਜੈਸੇ,
ਤੈਸੇ ਬੋਲਾ 'ਹੋਲਾ' ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗ਼ੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗ਼ੁਲਾਮੀ ਦੀ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗ਼ੁਲਾਮ ਸਨ। ਗ਼ੁਲਾਮੀ ਦੀ ਦਲਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸੱਚਮੁੱਚ ਅਦਭੁਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਊਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਸਾਹਿਬੇ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂਸੱਤਾ-ਸੰਪਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫ਼ੌਜ ਦੀ ਸਥਾਪਨਾ ਕੀਤੀ। ਗੁਰਦੇਵ ਪਿਤਾ ਨੇ ਭਾਰਤੀਆਂ ਨੂੰ ਖ਼ੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖ਼ਾਲਸਾਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰਕੇ ਦਿੱਤਾ।



'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿੱਚ ਵੰਡ ਕੇ, ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇਕ ਦਲ ਨਿਸ਼ਚਿਤ ਸਥਾਨ 'ਤੇ ਕਾਬਜ਼ ਹੋ ਜਾਂਦਾ, ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਦੁਆਰਾ ਯੁੱਧ-ਜੁਗਤੀ ਅਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਓ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹਿ' ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰਦੇਵ ਪਿਤਾ, ਗੁਰੂ- ਦਰਬਾਰ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕਰਦੇ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵਲੋਂ 1687 ਈ: 'ਚ ਜਾਰੀ ਕੀਤੇ ਫ਼ਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹੋ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦੇ ਉਜਾੜੇ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਸਨ ਖੋਲ੍ਹਦੇ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਿਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ, ਜਿਨ੍ਹਾਂ ਨੂੰ ਆਮ ਲੋਕ ਘਟੀਆ ਅਤੇ ਪਿਛਾਂਹਖਿੱਚੂ ਤਰੀਕੇ ਨਾਲ ਮਨਾਉਂਦੇ ਚਲੇ ਆ ਰਹੇ ਸਨ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿੱਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ। ਗ਼ੁਲਾਮੀ ਦੀ 'ਬੂ' ਜਿਨ੍ਹਾਂ ਲੋਕਾਂ ਦਾ ਦਮ ਘੁੱਟ ਰਹੀ ਸੀ ਉਹੀ ਜਬਰ-ਜ਼ੁਲਮ ਦੇ ਖਿਲਾਫ਼ ਜੂਝਣ ਲਈ ਮੈਦਾਨੇ-ਜੰਗ ਵਿਚ ਨਿੱਤਰਨ ਲੱਗੇ। ਇਨ੍ਹਾਂ ਜੰਗੀ ਮਸ਼ਕਾਂ ਤੇ ਸਿੱਖਾਂ ਦੀ ਚੜ੍ਹਦੀ ਕਲਾ ਸਦਕਾ ਹੀ ਪੰਜਾਬ ਦੀ ਧਰਤੀ 'ਤੇ ਵਿਦੇਸ਼ੀ ਹਮਲਾਵਰਾਂ ਵਲੋਂ ਹੋਣ ਵਾਲੇ ਨਿਤ ਦੇ ਹਮਲੇ ਸਦਾ ਲਈ ਬੰਦ ਹੋ ਗਏ।

ਉਪਰੋਕਤ ਸਾਰੀ ਵਿਚਾਰ-ਚਰਚਾ ਦਾ ਮਕਸਦ ਸਿਰਫ਼ ਇਹ ਦਰਸਾਉਣਾ ਹੈ ਕਿ ਸਤਿਗੁਰਾਂ ਨੇ ਕਿਸ ਤਰ੍ਹਾਂ ਲੋਕਾਂ ਦੀ ਮਾਨਸਿਕਤਾ ਵਿੱਚ ਚੜ੍ਹਦੀ ਕਲਾ ਦਾ ਅਹਿਸਾਸ ਜਗਾ ਕੇ, ਉਨ੍ਹਾਂ ਨੂੰ ਜਬਰ-ਜ਼ੁਲਮ ਤੇ ਅਨਿਆਂ ਖ਼ਿਲਾਫ਼ ਜੂਝਣ ਦੇ ਸਮਰੱਥ ਬਣਾਇਆ, ਕਿਸ ਤਰ੍ਹਾਂ ਦੱਬੇ-ਕੁਚਲੇ, ਲਤਾੜੇ ਅਤੇ ਸਾਹ-ਸਤਹੀਣ ਲੋਕਾਂ ਵਿਚ ਨਵੀਂ ਰੂਹ ਫੂਕ ਕੇ ਉਨ੍ਹਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਇਹ ਸਭ ਗੁਰੂ ਜੀ ਦੀ ਸੁਚੱਜੀ ਤੇ ਸੁਹਿਰਦ ਅਗਵਾਈ ਦੇ ਸਦਕਾ ਹੀ ਸੰਭਵ ਹੋਇਆ। ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਅਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸਜਦੇ ਹਨ ਤੇ ਖਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ ਜੋ ਕਿਲ੍ਹਾ ਅਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਹੁੰਦਾ ਹੋਇਆ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖਾਲਸਾਈ ਬਾਣੇ ਵਿੱਚ ਖਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿੱਚ ਸਜਦੇ ਸਨ, ਜਿਨ੍ਹਾਂ 'ਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਦੀ ਤਸਵੀਰ ਹੂਬਹੂ ਪਰਗਟ ਕਰਦੇ ਸਨ, ਜਿਸ ਨਾਲ ਨੌਜੁਆਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਸੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ।



# ਹੋਲਾ ਮਹੱਲਾ-ਅਜੋਕੇ ਯੁੱਗ ਦੇ ਸਨਮੁੱਖ

ਵਿਕਰਮਜੀਤ ਸਿੰਘ ਤਿਹਾੜਾ
ਸੰਪਰਕ : 98555-34961



ਹੋਲਾ ਮਹੱਲਾ ਸਿੱਖ ਧਰਮ ਦਾ ਇਕ ਅਹਿਮ ਦਿਹਾੜਾ ਹੈ, ਜੋ ਇਨਕਲਾਬੀ ਸੋਚ ਨੂੰ ਉਤਸ਼ਾਹਿਤ ਕਰਨ ਅਤੇ ਹਰ ਸਿੱਖ ਨੂੰ ਮਨ ਅਤੇ ਤਨ ਕਰਕੇ ਬਲਵਾਨ ਬਣਾਉਣ ਦਾ ਪ੍ਰਤੀਕ ਹੈ। ਹੋਲਾ ਮਹੱਲਾ, ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਹੋਲੀ ਦੇ ਪ੍ਰੰਪਰਾਗਤ ਤਿਉਹਾਰ ਦੇ ਸਮਾਨਾਂਤਰ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ ਮਹੱਲਾ' ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ-ਵਿਦਿਆ ਵਿੱਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹੱਟ ਕੇ ਇਸ ਤਿਉਹਾਰ ਦਾ ਸਬੰਧ ਯੁੱਧ-ਪ੍ਰਕਿਰਿਆ ਨਾਲ ਜੋੜਿਆ।

ਹੋਲਾ ਮਹੱਲਾ ਮਨਾਉਣ ਦਾ ਰਿਵਾਜ ਗੁਰੂ ਸਾਹਿਬ ਨੇ 'ਚੇਤਰ ਵਦੀ ਇਕ' ਸੰਮਤ 1757 (1700 ਈ.) ਨੂੰ ਅਨੰਦਪੁਰ ਸਾਹਿਬ ਦੇ ਇਕ ਕਿਲ੍ਹੇ 'ਹੋਲਗੜ੍ਹ' ਵਿਖੇ ਆਰੰਭ ਕੀਤਾ। ਇਸ ਮੁਕਾਬਲੇ ਵਿੱਚ ਸਿੱਖ ਫੌਜ ਦੇ ਦੋ ਦਲਾਂ ਵਿੱਚ ਬਣਾਉਟੀ ਮੁਕਾਬਲਾ ਕਰਵਾਇਆ ਜਾਂਦਾ ਅਤੇ ਜਿੱਤੇ ਹੋਏ ਦਲ ਨੂੰ ਦੀਵਾਨ ਵਿੱਚ ਸਿਰੋਪਾ ਅਤੇ ਹੋਰ ਇਨਾਮ ਦੇ ਕੇ ਨਿਵਾਜਿਆ ਜਾਂਦਾ ਸੀ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਹੋਲਾ' ਸ਼ਬਦ ਦਾ ਅਰਥ ਹਮਲਾ ਹੈ ਅਤੇ ਇਹ ਹੱਲਾ ਅਤੇ ਹੱਲੇ ਦੀ ਥਾਂ ਬਦਲਵਾਂ ਰੂਪ ਹੈ। ਜਿਸ ਦਾ ਸੰਬੰਧ ਯੁੱਧ ਪ੍ਰਕਿਰਿਆ ਨਾਲ ਹੈ। ਡਾ. ਰੂਪ ਸਿੰਘ ਅਨੁਸਾਰ 'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ, ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਉਹਨਾਂ ਅਨੁਸਾਰ ਸਿੱਖਾਂ ਨੇ ਉਸ ਸਮੇਂ ਲੋਕਾਂ ਦੇ ਮਨਾਂ 'ਚ ਚੜ੍ਹਦੀਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚੱਲਿਤ ਕੀਤੇ ਸਨ, ਜਿਨ੍ਹਾਂ 'ਚ ਮਰਦਾਨਗੀ ਬੋਲਦੀ ਹੈ, ਅਜ਼ਾਦੀ ਦੀ ਖ਼ੁਸ਼ਬੋਈ ਆਉਂਦੀ ਹੈ, ਜਿੰਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ।

'ਮਹੱਲਾ' ਸ਼ਬਦ ਤੋਂ ਭਾਵ ਜਿਸ ਥਾਂ ਨੂੰ ਫ਼ਤਹਿ ਕਰਕੇ ਉਤਰੀਏ। ਗੁਰੂ ਜੀ ਦੁਆਰਾ ਕਰਵਾਏ ਜਾਂਦੇ ਅਭਿਆਸੀ ਮੁਕਾਬਲਿਆਂ ਵਿੱਚ ਇਕ ਦਲ ਨਿਸ਼ਚਿਤ ਸਥਾਨ 'ਤੇ ਕਾਬਜ਼ ਹੋ ਜਾਂਦਾ, ਦੂਜਾ ਉਸ 'ਤੇ ਹਮਲਾ ਕਰ ਕੇ ਕਾਬਜ਼ ਹੋਣ ਦੀ ਕੋਸ਼ਿਸ਼ ਕਰਦਾ ਸੀ। ਇਸ ਤਰ੍ਹਾਂ ਹੋਲਾ ਮਹੱਲਾ ਸਿੱਖਾਂ ਨੂੰ ਬਲਵਾਨ, ਸੂਰਬੀਰ ਅਤੇ ਬਹਾਦਰ ਬਣਾਉਣ ਵਾਲਾ ਸਿੱਧ ਹੁੰਦਾ ਹੈ ਜੋ ਕਿ ਉਨ੍ਹਾਂ ਨੂੰ ਪ੍ਰੰਪਰਾਵਾਦ ਵਿੱਚੋਂ ਕੱਢ ਕੇ ਨਵੀਂ ਸੋਚ ਪ੍ਰਦਾਨ ਕਰਦਾ ਹੈ। ਇਸ ਵਿੱਚ ਬਿਮਾਰ ਮਾਨਸਿਕਤਾ ਦਾ ਤਿਆਗ ਕਰਨ ਅਤੇ ਆਜ਼ਾਦੀ ਦਾ ਸੁਨੇਹਾ ਦਿੱਤਾ ਜਾਂਦਾ ਹੈ। ਨਵੇਂ ਅਰਥਾਂ ਦੀ ਸਿਰਜਣਾ ਹੁੰਦੀ ਹੈ ਜੋ ਕਿ ਭਾਰਤ ਦੀ ਅਜਾਈਂ ਜਾ ਰਹੀ ਜ਼ਿੰਦਗੀ ਨੂੰ ਨਵੇਂ ਅਰਥ ਦੇ ਕੇ ਇਕ ਮਕਸਦ ਦਿੰਦੇ ਹਨ। ਭਾਰਤੀ ਲੋਕ ਸਦੀਆਂ ਤੋਂ ਬਾਅਦ ਆਪਣੀ ਤਾਕਤ ਤੋਂ ਜਾਣੂ ਹੋਏ ਅਤੇ ਉਠ ਖੜ੍ਹਾਉਣ ਦੇ ਕਾਬਿਲ ਬਣੇ।

ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਲਾਈ ਇਨਕਲਾਬੀ ਲਹਿਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਜਿਸ ਨਾਲ ਸਦੀਆਂ ਤੋਂ ਲਤਾੜੇ ਜਾ ਰਹੇ ਲੋਕ, ਇਸ ਐਲਾਨੇ ਹੋਏ ਇਨਕਲਾਬ ਵਿੱਚ ਸ਼ਾਮਿਲ ਹੋਣ ਲਗਦੇ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਦੀ ਗਿਣਤੀ ਵੱਧਣ ਲੱਗਦੀ ਹੈ। ਹਰ ਕੋਈ ਗ਼ੁਲਾਮੀ ਦੀ ਜ਼ਿੰਦਗੀ ਦਾ ਬਦਲ ਚਾਹੁੰਦਾ ਹੈ ਅਤੇ ਖ਼ਾਲਸਾ ਪੰਥ ਵਿੱਚ ਆ ਸ਼ਾਮਿਲ ਹੁੰਦਾ ਹੈ, ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਥੋੜੇ ਸਮੇਂ ਵਿੱਚ ਸਿੱਖ ਮਹਾਨ ਸ਼ਕਤੀ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ ਅਤੇ ਭਾਰਤ 'ਤੇ ਕਾਬਜ਼ ਸ਼ਕਤੀਸ਼ਾਲੀ ਮੁਗ਼ਲ ਰਾਜ ਨਾਲ ਟੱਕਰ ਲੈਂਦੇ ਹਨ। ਇਹ ਸਭ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਇਨਕਲਾਬੀ ਸੋਚ ਦਾ ਹੀ ਨਤੀਜਾ ਸੀ, ਜਿਸ ਨੇ ਲੋਕਾਂ ਨੂੰ ਜੱਥੇਬੰਦ ਕੀਤਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਸ਼ਕਤੀ ਦਾ ਅਹਿਸਾਸ ਕਰਵਾਇਆ, ਜਿਸ ਨੇ ਬਾਅਦ ਵਿੱਚ ਸਮਾਂ ਪਾ ਕੇ ਭਾਰਤੀ ਦੀ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜਿਆ।

ਅਜੋਕੇ ਯੁੱਗ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੀ ਬਹੁਤ ਮਹੱਵਤਪੂਰਨ ਪ੍ਰਸੰਗਿਕਤਾ ਹੈ। ਹੋਲਾ ਮਹੱਲਾ ਅੱਜ ਵੀ ਉਤਨੀ ਹੀ ਮਹੱਤਤਾ ਰੱਖਦਾ ਅਤੇ ਨਵੀਂ ਸੇਧ ਪ੍ਰਦਾਨ ਕਰਦਾ ਹੈ।ਸਮਾਜਿਕ ਕਦਰਾਂ-ਕੀਮਤਾਂ ਨੂੰ ਉਚੇਰਾ ਕਰਨ, ਇਕਜੁੱਟਤਾ ਨੂੰ ਬਣਾਈ ਰੱਖਣ, ਨੌਜਵਾਨਾਂ ਨੂੰ ਸੇਧ ਦੇਣ ਅਤੇ ਨਸ਼ਿਆਂ ਤੋਂ ਬਚਾਉਣ, ਪੰਥਕ ਸ਼ਕਤੀ ਨੂੰ ਮਜ਼ਬੂਤ ਕਰਨ ਅਤੇ ਜ਼ੁਲਮ ਦੀ ਵਿਰੋਧਤਾ ਕਰਨ ਵਿੱਚ ਹੋਲਾ ਮਹੱਲਾ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। 'ਹੋਲੇ ਮਹੱਲੇ' ਦੇ ਦਿਹਾੜੇ ਨੂੰ ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਹੁੰਦਾ ਹੈ। ਜਿੱਥੇ ਦੇਸ਼-ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਸੰਗਤ ਪਹੁੰਚਦੀ ਹੈ। ਇਹ ਮਹਾਨ ਇਕੱਤਰਤਾ ਹੀ ਸਾਨੂੰ ਇਕਜੁੱਟਤਾ ਦਾ ਅਹਿਸਾਸ ਕਰਵਾਉਂਦੀ ਹੈ। ਅੱਜ ਦੇ ਅਤਿ-ਅਧੁਨਿਕ ਯੁੱਗ ਵਿੱਚ ਜਦ ਮਨੁੱਖ ਨੇ ਆਪਣੇ-ਆਪ ਨੂੰ ਅਤੇ ਆਪਣੀ ਬਿਰਤੀ ਨੂੰ ਖਿੰਡਾ ਲਿਆ ਹੈ, ਇਸ ਲਈ ਇਕਜੁੱਟਤਾ ਬਹੁਤ ਜ਼ਰੂਰੀ ਹੈ। ਜਿਸ ਨਾਲ ਅਸੀਂ ਮੇਲ ਮਿਲਾਪ ਅਤੇ ਭਾਈਚਾਰੇ ਦੀ ਭਾਵਨਾ ਨੂੰ ਪ੍ਰਫੁਲਿਤ ਕਰ ਸਕੀਏ। ਸਮਾਜ ਵਿੱਚ ਫੈਲੀ ਹੋਈ ਨਫ਼ਰਤ ਅਤੇ ਖੰਡਤਾ ਨੂੰ ਦੂਰ ਕਰਨ ਲਈ ਏਕਤਾ ਦਾ ਪ੍ਰਚਾਰ ਹੋਣਾ ਬਹੁਤ ਜ਼ਰੂਰੀ ਹੈ।

ਸਮਾਜ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਦਿਨੋ-ਦਿਨ ਫੈਲ ਰਹੀਆਂ ਹਨ। ਜਿਨ੍ਹਾਂ ਵਿੱਚ ਨਸ਼ਿਆਂ ਦੀ ਬਿਮਾਰੀ, ਭਰੂਣ ਹੱਤਿਆ, ਦਹੇਜ ਦੀ ਪ੍ਰਥਾ, ਵਾਤਾਵਰਣ ਪ੍ਰਦੂਸ਼ਣ ਆਦਿ ਵਰਗੀਆਂ ਸਮਾਜਿਕ ਬੁਰਾਈਆਂ ਅਤੇ ਕੁਰੀਤੀਆਂ ਪ੍ਰਮੁੱਖ ਹਨ।ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਲੋਕ-ਮਨਾਂ ਅੰਦਰ ਇਕ ਨਵੀਂ ਚੇਤਨਾ ਪੈਦਾ ਕਰਨ ਦੀ ਲੋੜ ਹੈ। ਲੋਕਾਂ ਦੀ ਮਾਨਸਿਕਤਾ ਅੱਜ ਬਿਮਾਰ ਹੋ ਚੁੱਕੀ ਹੈ, ਜੋ ਆਪਣੇ ਨਿੱਜ-ਸੁਆਰਥ ਲਈ ਕਿਸੇ ਵੀ ਹੱਦ ਤੱਕ ਗਿਰ ਜਾਂਦੇ ਹਨ।ਸਾਡੇ ਆਗੂ ਆਪਣੀ ਜਿੰਮੇਵਾਰੀ ਨੂੰ ਭੁੱਲ ਕੇ ਆਪਣੇ ਹੀ ਪੇਟ ਭਰਨ ਵਿੱਚ ਲੱਗੇ ਹੋਏ ਹਨ। ਲੁੱਟ-ਖੋਹ ਦਿਨ ਦਿਹਾੜੇ ਆਮ ਹੋ ਰਹੀ ਹੈ, ਜਿਸ ਕਾਰਨ ਬਦਲਾਅ ਲਿਆਉਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ ਅਤੇ ਹੋਲਾ ਮਹੱਲਾ ਹੀ ਇਸ ਬਦਲਾਅ ਦਾ ਸੂਚਕ ਹੈ। ਇਸ ਵਿੱਚ ਸਥਾਪਿਤ ਮਾਨਤਾਵਾਂ ਨੂੰ ਛੱਡ ਕੇ ਨਵੇਂ ਅਰਥਾਂ ਦੀ ਸਿਰਜਣਾ ਕੀਤੀ ਗਈ ਹੈ, ਜੋ ਮਾਨਵ ਜਾਤੀ ਦੀ ਭਲਾਈ ਅਤੇ ਸੁਤੰਤਰਤਾ ਦੇ ਹਿਤ ਵਿੱਚ ਹਨ। ਸਮਾਜ ਵਿੱਚ ਹੋ ਰਹੇ ਕਦਰਾਂ-ਕੀਮਤਾਂ ਦੇ ਘਾਣ, ਲਾਲਚ ਹਿਤ ਰਿਸ਼ਤਿਆਂ ਦੇ ਕਤਲ ਅਤੇ ਫ਼ਿਰਕੂਪੁਣੇ ਦੇ ਪ੍ਰਚਾਰ ਨੂੰ ਰੋਕਣ ਲਈ ਉਸੇ ਇਨਕਾਲਬ ਦੀ ਲੋੜ ਹੈ, ਜਿਸ ਦਾ ਐਲਾਨ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਕਰ ਕੇ ਕੀਤਾ ਗਿਆ ਸੀ, ਜਿਸ ਵਿੱਚ ਸਮਾਜ ਦੇ ਹਰ ਵਰਗ ਦੀ ਭਲਾਈ, ਮੇਲ-ਮਿਲਾਪ, ਪਿਆਰ ਅਤੇ ਭਾਈਚਾਰੇ ਦੀ ਭਾਵਨਾ ਦਾ ਸੁਨੇਹਾ ਅਤੇ ਆਜ਼ਾਦ ਸੋਚ ਜਿਹੇ ਪ੍ਰਮੁੱਖ ਸੰਕਲਪ ਹਨ।

'ਹੋਲਾ ਮਹੱਲਾ' ਲੋਕ ਸ਼ਕਤੀ ਦੇ ਅਹਿਸਾਸ ਨੂੰ ਜਗਾਉਣ ਦਾ ਪ੍ਰਤੀਕ ਹੈ। ਇਸ ਦੁਆਰਾ ਲੋਕਾਂ ਨੂੰ ਉਨ੍ਹਾਂ ਦੀ ਸ਼ਕਤੀ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ। ਰਾਜਨੀਤਿਕ ਧਿਰਾਂ ਨੂੰ ਆਪਣੇ ਨਿੱਜ ਸੁਆਰਥ ਦਾ ਤਿਆਗ ਕਰ ਕੇ ਅਜਿਹੇ ਪੈਂਤੜੇ ਉਲੀਕਣੇ ਚਾਹੀਦੇ ਹਨ, ਜਿਸ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਇਕ ਚੰਗੇ ਆਦਰਸ਼ਿਕ ਸਮਾਜ ਦੀ ਸਿਰਜਣਾ ਦਾ ਸੰਕਲਪ ਤਾਂ ਹੀ ਨੇਪਰੇ ਚੜ੍ਹ ਸਕਦਾ ਹੈ, ਜਦ ਇਸ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਹੋਵੇਗੀ। ਇਸ ਲਈ 'ਹੋਲੇ ਮਹੱਲੇ' ਦੀ ਭਾਰੀ ਇਕੱਤਰਤਾ ਵਿੱਚ ਇਸ ਕਾਰਜ ਨੂੰ ਪੂਰਾ ਕਰਨ ਲਈ ਉੱਦਮ ਕੀਤਾ ਜਾ ਸਕਦਾ ਹੈ।

ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਪੰਜਾਬ ਦੇ ਉਹ ਫੁਰਤੀਲੇ, ਸੂਰਬੀਰ ਅਤੇ ਬਹਾਦਰ ਗੱਭਰੂ, ਜਿਨ੍ਹਾਂ ਦੇ ਜ਼ੋਰ ਅੱਗੇ ਅਬਦਾਲੀ ਵਰਗਿਆਂ ਨੂੰ ਵੀ ਹਾਰ ਮੰਨਣੀ ਪਈ, ਅੱਜ ਆਪਣੀ ਜਵਾਨੀ ਨਸ਼ਿਆਂ ਅੱਗੇ ਹਾਰ ਗਏ ਹਨ। ਉੱਚੇ-ਲੰਮੇ ਅਤੇ ਭਰਵੇ ਸਰੀਰ ਦੇ ਮਾਲਕ ਨੌਜਵਾਨ, ਜਿਨ੍ਹਾਂ ਦੀਆਂ ਬਾਤਾਂ ਲੋਕ-ਗੀਤਾਂ ਵਿੱਚ ਆਮ ਪਾਈਆਂ ਜਾਂਦੀਆਂ ਹਨ, ਅੱਜ ਮਾੜੂਏ ਜਿਹੇ ਸਰੀਰਾਂ ਦੇ ਰਹਿ ਗਏ ਹਨ। ਛਾਤੀ ਦਾ ਜ਼ੋਰ ਅਤੇ ਡੌਲਿਆਂ ਦੀ ਜਾਨ ਨਸ਼ਿਆਂ ਨੇ ਚੂਸ ਲਈ ਹੈ। ਦੁੱਧ, ਮੱਖਣ ਅਤੇ ਦਹੀਂ ਖਾਣ

# ਹੋਲੀ ਅਤੇ ਲੋਕ ਸੱਭਿਆਚਾਰ

ਅਰੁਣ ਕੁਮਾਰ



ਭਾਰਤ ਵਿੱਚ ਤਿਉਹਾਰ ਹਮੇਸ਼ਾਂ ਖ਼ੁਸ਼ੀ ਦਾ ਸਰੋਤ ਰਹੇ ਹਨ। ਤਿਉਹਾਰਾਂ 'ਤੇ ਲੋਕਾਂ ਦੀ ਏਕਤਾ ਅਤੇ ਸਮੂਹਿਕਤਾ ਦੇਖਣ ਯੋਗ ਹੈ। ਤਿਉਹਾਰ ਸਾਡੇ ਸੱਭਿਆਚਾਰ ਨੂੰ ਅਮੀਰ ਬਣਾਉਂਦੇ ਹਨ। ਉਨ੍ਹਾਂ ਦਾ ਲੋਕ ਪਰੰਪਰਾਵਾਂ ਅਤੇ ਕਲਾਵਾਂ ਨਾਲ ਡੂੰਘਾ ਸਬੰਧ ਹੈ। ਹੋਲੀ ਅਤੇ ਫਾਗ ਵੀ ਅਜਿਹੇ ਤਿਉਹਾਰ ਹਨ। ਬਸੰਤ ਰੁੱਤ ਵਿੱਚ ਆਉਣ ਵਾਲਾ ਇਹ ਤਿਉਹਾਰ ਰਚਨਾਤਮਕਤਾ ਦੀ ਖ਼ੁਸ਼ੀ ਦਾ ਤਿਉਹਾਰ ਹੈ। ਫਾਗ ਅਤੇ ਦੁਲੇਂਡੀ ਦੇ ਮੌਕੇ 'ਤੇ, ਲੋਕ ਰੰਗਾਂ ਨਾਲ ਖੇਡਦੇ ਹਨ ਅਤੇ ਕਈ ਹੋਰ ਕਲਾ ਰੂਪਾਂ ਨਾਲ ਸੱਭਿਆਚਾਰ ਨੂੰ ਅਮੀਰ ਬਣਾਉਂਦੇ ਹਨ।

ਹੋਲੀ ਦਾ ਤਿਉਹਾਰ ਭਗਤ ਪ੍ਰਹਿਲਾਦ ਅਤੇ ਹੋਲਿਕਾ ਦੀ ਲੋਕ ਕਥਾ ਨਾਲ ਜੁੜਿਆ ਹੋਇਆ ਹੈ। ਹਿਰਨਿਆਕਸ਼ੀਪੂ ਨਾਮ ਦਾ ਇੱਕ ਰਾਜਾ ਹੰਕਾਰ ਨਾਲ ਭਰਿਆ ਹੋਇਆ ਸੀ। ਕਹਾਣੀ ਦੇ ਅਨੁਸਾਰ, ਉਸ ਨੇ ਆਪਣੇ ਆਪ ਨੂੰ ਭਗਵਾਨ ਐਲਾਨ ਦਿੱਤਾ। ਹਾਲਾਂਕਿ, ਉਸ ਦਾ ਪੁੱਤਰ ਪ੍ਰਹਿਲਾਦ, ਭਗਵਾਨ ਦਾ ਇੱਕ ਮਹਾਨ ਭਗਤ ਸੀ ਅਤੇ ਆਪਣੇ ਪਿਤਾ ਦੇ ਹੰਕਾਰ ਅੱਗੇ ਝੁਕਣ ਦੀ ਬਜਾਏ, ਆਪਣੀ ਭਗਤੀ ਜਾਰੀ ਰੱਖੀ। ਇਸ ਤੋਂ ਗੁੱਸੇ ਵਿੱਚ ਹਿਰਨਿਆਕਸ਼ੀਪੂ ਨੇ ਭਗਤ ਪ੍ਰਹਿਲਾਦ ਨੂੰ ਸਾੜਨ ਦੀ ਜ਼ਿੰਮੇਵਾਰੀ ਆਪਣੀ ਭੈਣ ਹੋਲਿਕਾ ਨੂੰ ਸੌਂਪ ਦਿੱਤੀ, ਜਿਸ ਨੂੰ ਅੱਗ ਵਿੱਚ ਨਾ ਸੜਨ ਦਾ ਵਰਦਾਨ ਮਿਲਿਆ ਸੀ। ਉਹ ਪ੍ਰਹਿਲਾਦ ਨੂੰ ਆਪਣੀ ਗੋਦ ਵਿੱਚ ਲੈ ਕੇ ਅੱਗ ਵਿੱਚ ਬੈਠ ਗਈ। ਹਾਲਾਂਕਿ, ਪ੍ਰਹਿਲਾਦ ਬਚ ਗਿਆ ਅਤੇ ਹੋਲਿਕਾ ਸੜ ਗਈ।

ਇਸ ਪਰੰਪਰਾ ਦੇ ਅਨੁਸਾਰ ਹਰਿਆਣਾ ਸਮੇਤ ਉੱਤਰੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਲਿਕਾ ਨੂੰ ਹੋਲੀ ਦੇ ਦਿਨ ਜਲਾਇਆ ਜਾਂਦਾ ਹੈ। ਹਰ ਪਿੰਡ ਵਿੱਚ ਲੋਕ ਕੁਝ ਦਿਨ ਪਹਿਲਾਂ ਹੀ ਹੋਲਿਕਾ ਦਹਿਨ ਦੀ ਤਿਆਰੀ ਕਰਦੇ ਹਨ। ਇਸ ਦੇ ਪ੍ਰਤੀਕ ਵਜੋਂ ਪੰਜਾਬੀ ਅਤੇ ਮੁਲਤਾਨੀ ਭਾਈਚਾਰੇ ਹੋਲੀ 'ਤੇ ਮੋਟੀਆਂ ਰੋਟੀਆਂ (ਚਪਾਤੀਆਂ) ਬਣਾਉਂਦੇ ਸਨ। ਇਹ ਪਰੰਪਰਾ ਅੱਜ ਵੀ ਚੱਲਦੀ ਹੈ। ਇਹ ਗੁੜ ਜਾਂ ਖੰਡ ਦੇ ਪਾਣੀ ਦੇ ਘੋਲ ਵਿੱਚ ਆਟਾ ਗੁੰਨ੍ਹ ਕੇ ਬਣਾਈਆਂ ਜਾਂਦੀਆਂ ਹਨ। ਰੋਟੀਆਂ ਬਣਾਉਣ ਤੋਂ ਬਾਅਦ, ਉਨ੍ਹਾਂ ਨੂੰ ਧਾਗੇ ਨਾਲ ਲਪੇਟ ਕੇ ਤਵੇ 'ਤੇ ਰੱਖਿਆ ਜਾਂਦਾ ਹੈ। ਅੱਗ ਤਵੇ 'ਤੇ ਰੋਟੀਆਂ ਨੂੰ ਸਾੜ ਦਿੰਦੀ ਹੈ ਅਤੇ ਉਨ੍ਹਾਂ ਨੂੰ ਕ੍ਰਿਸਪ ਯਾਨੀ ਖਸਤਾ ਬਣਾ ਦਿੰਦੀ ਹੈ, ਜਿਸ ਨਾਲ ਧਾਗਾ ਖ਼ਰਾਬ ਨਹੀਂ ਹੁੰਦਾ। ਅਗਲੇ ਦਿਨ, ਧਾਗਾ ਹਟਾ ਦਿੱਤਾ ਜਾਂਦਾ ਹੈ ਅਤੇ ਮੋਟੀਆਂ ਰੋਟੀਆਂ ਖਾਧੀਆਂ ਜਾਂਦੀਆਂ ਹਨ। ਇਸ ਪਰੰਪਰਾ ਦੇ ਅਨੁਸਾਰ ਚਪਾਤੀ ਹੋਲਿਕਾ ਦਾ ਪ੍ਰਤੀਕ ਹੈ ਅਤੇ ਧਾਗਾ ਭਗਤ ਪ੍ਰਹਿਲਾਦ ਦਾ ਪ੍ਰਤੀਕ ਹੈ। ਇਸੇ ਤਰ੍ਹਾਂ ਹਰਿਆਣਾ ਦੇ ਕਈ ਹੋਰ ਭਾਈਚਾਰਿਆਂ ਵਿੱਚ ਹੋਲੀ 'ਤੇ ਕੰਢੀ (ਸੁਆਦੀ ਮਾਲਾ) ਬਣਾਈਆਂ ਜਾਂਦੀਆਂ ਹਨ। ਮਾਲਾ ਸੁੱਕੇ ਮੇਵੇ, ਆਲੂਬੁਖਾਰੇ ਅਤੇ ਹੋਰ ਫ਼ਲਾਂ, ਟੌਫੀਆਂ ਅਤੇ ਬਿਸਕੁਟਾਂ ਨਾਲ ਭਰੀਆਂ ਜਾਂਦੀਆਂ ਹਨ। ਹੋਲਿਕਾ ਦਾ ਪ੍ਰਤੀਕ ਇਹ ਸਾਰੀਆਂ ਚੀਜ਼ਾਂ ਬੱਚੇ ਖਾਂਦੇ ਹਨ ਅਤੇ ਜਿਸ ਧਾਗੇ 'ਤੇ ਇਹ ਸਾਰੀਆਂ ਚੀਜ਼ਾਂ ਬੰਨ੍ਹੀਆਂ ਜਾਂਦੀਆਂ ਹਨ, ਉਹ ਸ਼ਰਧਾਲੂ ਪ੍ਰਹਿਲਾਦ



ਵਾਂਗ ਸੁਰੱਖਿਅਤ ਰਹਿੰਦਾ ਹੈ।

ਹਾਲਾਂਕਿ, ਪੰਜਾਬ ਵਿੱਚ ਹੋਲਾ ਮਹੱਲਾ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਇਹ ਪਰੰਪਰਾ ਦਸਵੇਂ ਗੁਰੂ ਸਾਹਿਬ ਗੋਬਿੰਦ ਸਿੰਘ ਜੀ ਦੁਆਰਾ ਸ਼ੁਰੂ ਕੀਤੀ ਗਈ ਸੀ, ਜਿਸ ਵਿੱਚ ਨਿਹੰਗ ਸਿੰਘ ਅਤੇ ਸਿੱਖ ਨੌਜਵਾਨ ਨਗਰ ਕੀਰਤਨ ਦੌਰਾਨ ਘੋੜ ਸਵਾਰੀ ਅਤੇ ਤਲਵਾਰਬਾਜ਼ੀ ਦੇ ਸਾਹਸੀ ਕਾਰਨਾਮੇ ਦਿਖਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਪਰੰਪਰਾ ਕਮਜ਼ੋਰ ਅਤੇ ਸ਼ੋਸ਼ਿਤ ਲੋਕਾਂ ਵਿੱਚ ਸਵੈ-ਰੱਖਿਆ ਅਤੇ ਹਿੰਮਤ ਦੀ ਭਾਵਨਾ ਪੈਦਾ ਕਰਨ ਲਈ ਸ਼ੁਰੂ ਕੀਤੀ ਸੀ ਤਾਂ ਜੋ ਉਹ ਸ਼ੋਸ਼ਣ ਕਰਨ ਵਾਲਿਆਂ ਦਾ ਸਾਹਮਣਾ ਕਰ ਸਕਣ।

ਹੋਲੀ ਦੇ ਤਿਉਹਾਰ ਲਈ ਘਰਾਂ ਨੂੰ ਖਾਸ ਤਰੀਕਿਆਂ ਨਾਲ ਸਜਾਇਆ ਜਾਂਦਾ ਹੈ। ਕੰਧਾਂ ਅਤੇ ਵਿਹੜਿਆਂ 'ਤੇ ਪਲੱਸਤਰ ਕਰਨ ਦੇ ਨਾਲ-ਨਾਲ ਰੰਗਾਂ ਨਾਲ ਡਿਜ਼ਾਈਨ ਬਣਾਏ ਜਾਂਦੇ ਹਨ। ਇਹ ਡਿਜ਼ਾਈਨ ਅਤੇ ਪੇਂਟਿੰਗ ਔਰਤਾਂ ਦੀ ਕਲਾਤਮਕਤਾ ਨੂੰ ਦਰਸਾਉਂਦੇ ਹਨ। ਘਰ ਵਿੱਚ ਔਰਤਾਂ ਨੂੰ ਦੇਖ ਕੇ ਬੱਚੇ ਉਨ੍ਹਾਂ ਨਾਲ ਜੁੜ ਜਾਂਦੇ ਹਨ ਅਤੇ ਸਫ਼ਾਈ, ਸ਼ੁੱਧਤਾ ਅਤੇ ਕਲਾ ਵਿੱਚ ਵਿਸ਼ੇਸ਼ ਦਿਲਚਸਪੀ ਪੈਦਾ ਕਰਦੇ ਹਨ। ਹਾਲਾਂਕਿ, ਮਿੱਟੀ ਦੇ ਘਰਾਂ ਅਤੇ ਵਿਹਲੇ ਸਮੇਂ ਦੇ ਲੋਪ ਹੋਣ ਦੇ ਨਾਲ, ਇਹ ਕਲਾ ਵੀ ਲੋਪ ਹੋ ਰਹੀ ਹੈ। ਫਿਰ ਵੀ ਪਿੰਡਾਂ ਵਿੱਚ ਅਜਿਹੇ ਦ੍ਰਿਸ਼ ਅਜੇ ਵੀ ਦਿਖਾਈ ਦਿੰਦੇ ਹਨ।

ਹਰਿਆਣਾ ਵਿੱਚ ਹੋਲੀ ਅਤੇ ਦੁਲੇਂਡੀ 'ਤੇ ਰਵਾਇਤੀ ਪੱਗਾਂ ਅਤੇ ਧੋਤੀ-ਕੁੜਤਿਆਂ ਨਾਲ ਸਜੇ ਪੁਰਸ਼ ਅਤੇ ਲੋਕ ਪਹਿਰਾਵੇ ਵਿੱਚ ਸਜੀਆਂ ਔਰਤਾਂ, ਫੱਗ ਅਤੇ ਧਮਾਲ ਨਾਚ ਪੇਸ਼ ਕਰਦੀਆਂ ਖ਼ੁਸ਼ੀ ਅਤੇ ਖ਼ੁਸ਼ੀ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦੀਆਂ ਹਨ। ਰਾਧਾ-ਕ੍ਰਿਸ਼ਨ ਦੇ ਪਿਆਰ ਦੇ ਸੁੰਦਰ ਸ਼ਬਦ, ਕੁਦਰਤ ਦੀ ਸੁੰਦਰਤਾ ਅਤੇ ਫੱਗ ਦੇ ਹਾਸੇ-ਮਜ਼ਾਕ ਮਨਮੋਹਕ ਹਨ। ਹਰਿਆਣਾ ਦੇ ਬਾਂਗਰ ਖੇਤਰ ਵਿੱਚ ਮੁਟਿਆਰਾਂ ਵੱਲੋਂ ਪ੍ਰਸ਼ਨ-ਉੱਤਰ ਗੀਤਾਂ ਦੇ ਨਾਲ ਪੇਸ਼ ਕੀਤਾ ਗਿਆ ਲੂਰ ਨਾਚ ਵੀ ਖ਼ੁਸ਼ੀ ਦੀ ਇੱਕ ਵਿਲੱਖਣ ਉਦਾਹਰਣ ਹੈ। ਨਾਚ ਅਤੇ ਗਾਉਣ ਦੌਰਾਨ ਢੋਲ, ਤਾਸ਼ਾ, ਨਾਗੜਾ, ਬਿਨ, ਮਜੀਰਾ ਅਤੇ ਚਿਮਟੇ ਵਰਗੇ ਸੰਗੀਤ ਯੰਤਰ ਵਜਾਏ ਜਾਂਦੇ ਹਨ।

ਫੱਗ ਦੇ ਮੌਕੇ 'ਤੇ ਵਰਿੰਦਾਵਨ ਸਮੇਤ ਹਰਿਆਣਾ ਦੇ ਵੱਖ-ਵੱਖ ਥਾਵਾਂ 'ਤੇ ਖੇਡੀ ਜਾਣ ਵਾਲੀ ਕੋੜਾ ਮਾਰ ਹੋਲੀ ਵੀ ਇੱਕ ਵਿਸ਼ੇਸ਼ ਆਕਰਸ਼ਣ ਹੈ। ਇਸ ਵਿੱਚ ਔਰਤਾਂ ਕੱਪੜੇ ਗਿੱਲੇ ਕਰਕੇ ਅਤੇ ਮਰੋੜ ਕੇ ਕੋਰੜੇ ਬਣਾਉਂਦੀਆਂ ਹਨ ਅਤੇ ਉਨ੍ਹਾਂ ਨਾਲ ਮਰਦਾਂ 'ਤੇ ਖੇਡਦੇ ਹੋਏ ਹਮਲਾ ਕਰਦੀਆਂ ਹਨ। ਮਰਦ, ਆਪਣੇ ਆਪ ਨੂੰ ਕੋਰੜਿਆਂ ਤੋਂ ਬਚਾਉਣ ਲਈ, ਉਨ੍ਹਾਂ ਦਾ ਸਾਹਮਣਾ ਕਰਨ ਲਈ ਕਿਸੇ ਵੀ ਵਸਤੂ ਜਾਂ ਹੱਥ ਨੂੰ ਢਾਲ ਵਜੋਂ ਵਰਤਦੇ ਹਨ ਅਤੇ ਦੋਵੇਂ ਧਿਰਾਂ ਇੱਕ ਦੂਜੇ ਨੂੰ ਰੰਗ ਵਿੱਚ ਭਿੱਜਦੀਆਂ ਹਨ। ਇਸੇ ਤਰ੍ਹਾਂ ਭਰਾ ਅਤੇ ਭਾਬੀ ਵਿਚਕਾਰ ਹੋਲੀ ਖੇਡੀ ਜਾਣ ਦੀ ਪਰੰਪਰਾ ਹੈ ਜੋ ਮੌਜ-ਮਸਤੀ ਅਤੇ ਪਿਆਰ ਦਾ ਪ੍ਰਤੀਕ ਹੈ। ਹੋਲੀ ਅਤੇ ਫੱਗ ਦੇ ਮੌਕੇ 'ਤੇ ਪਹਿਨੇ ਜਾਣ ਵਾਲੇ ਲੋਕ ਪਹਿਰਾਵੇ ਵੀ ਕਲਾ ਅਤੇ ਸੱਭਿਆਚਾਰ ਦੇ ਪ੍ਰਤੀਕ ਹਨ। ਪੰਜਾਬ ਵਿੱਚ ਕਈ ਮੌਕਿਆਂ 'ਤੇ ਭੰਗੜਾ ਅਤੇ ਗਿੱਧਾ ਲੋਕ ਨਾਚ ਪੇਸ਼ ਕੀਤੇ ਜਾਂਦੇ ਹਨ, ਜਿਸ ਵਿੱਚ ਹੋਲੀ ਵੀ ਸ਼ਾਮਲ ਹੈ।

ਹਰਿਆਣਾ ਵਿੱਚ ਹੋਲੀ ਦੇ ਮੌਕੇ 'ਤੇ ਕਈ ਥਾਵਾਂ 'ਤੇ ਸਾਂਗ ਪੇਸ਼ ਕੀਤਾ ਜਾਂਦਾ ਹੈ। ਸਾਂਗ ਲੋਕ ਨਾਟਕ ਦਾ ਇੱਕ ਰੂਪ ਹੈ ਜਿਸ ਵਿੱਚ ਲੋਕ ਕਹਾਣੀਆਂ ਨੂੰ ਸੁੰਦਰਤਾ ਨਾਲ ਪੇਸ਼ ਕੀਤਾ ਜਾਂਦਾ ਹੈ। ਕਹਾਣੀਆਂ ਨੂੰ ਰਾਗਿਨੀਆਂ ਅਤੇ ਲੋਕ ਗੀਤਾਂ ਵਿੱਚ ਬੁਣਿਆ ਜਾਂਦਾ ਹੈ ਅਤੇ ਕਲਾਕਾਰ ਉਨ੍ਹਾਂ ਨੂੰ ਪੇਸ਼ ਕਰਦੇ ਹਨ। ਸਾਂਗ ਰਾਜ ਵਿੱਚ ਕਈ ਥਾਵਾਂ 'ਤੇ ਕਈ ਦਿਨਾਂ ਤੱਕ ਜਾਰੀ ਰਹਿੰਦਾ ਹੈ ਅਤੇ ਲੋਕ ਉਨ੍ਹਾਂ ਦਾ ਆਨੰਦ ਮਾਣਦੇ ਹਨ। ਸਾਂਗ ਵਰਗੀਆਂ ਲੋਕ ਸ਼ੈਲੀਆਂ ਲੋਕਾਂ ਨੂੰ ਇਕੱਠੇ ਹੋਣ ਅਤੇ ਆਪਣੇ ਸੱਭਿਆਚਾਰ ਦਾ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕਰਦੀਆਂ ਹਨ।

# ਖ਼ਾਲਸੇ ਦਾ ਹੋਲਾ-ਮਹੱਲਾ



ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਐੱਸ.ਜੀ.ਪੀ.ਸੀ.,
ਸ੍ਰੀ ਅੰਮ੍ਰਿਤਸਰ

ਭਾਰਤ ਅੰਦਰ ਮਨਾਏ ਜਾਂਦੇ ਮੌਸਮੀ ਤਿਉਹਾਰਾਂ ਨੂੰ ਖ਼ਾਲਸਾ ਪੰਥ ਨਿਵੇਕਲੇ ਅਤੇ ਖ਼ਾਲਸਾਈ ਰੰਗ-ਢੰਗ ਨਾਲ ਮਨਾਉਂਦਾ ਹੈ। ਇਨ੍ਹਾਂ ਮਹੱਤਵਪੂਰਨ ਤਿਉਹਾਰਾਂ ਵਿਚੋਂ ਇੱਕ ਤਿਉਹਾਰ ਹੋਲਾ-ਮਹੱਲਾ ਹੈ, ਜੋ ਬਸੰਤ ਰੁੱਤ ਦੇ ਤਿਉਹਾਰ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਦੀ ਇੱਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਹੋਲਗੜ੍ਹ ਦੇ ਸਥਾਨ 'ਤੇ ਹੋਲਾ-ਮਹੱਲਾ ਦਾ ਆਰੰਭ ਕੀਤਾ ਸੀ।

ਗੁਰੂ ਸਾਹਿਬ ਦਾ ਮੰਤਵ ਤੇ ਉਦੇਸ਼ ਬੜਾ ਉਸਾਰੂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਸਿੱਖਾਂ ਦੇ ਅੰਦਰ 'ਫ਼ਤਹਿ' ਦੇ ਮੰਤਵ ਨੂੰ ਹੋਰ ਦ੍ਰਿੜ੍ਹ ਕਰਨਾ ਚਾਹੁੰਦੇ ਸਨ। ਦਸਮੇਸ਼ ਪਿਤਾ ਜੀ ਨੇ ਮਾਨਵਤਾ ਨੂੰ ਸਵੈਮਾਨ ਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਉਨ੍ਹਾਂ ਵਿੱਚ ਨਿਡਰਤਾ ਤੇ ਨਿਰਭੈਅਤਾ ਭਰਨ ਅਤੇ ਸੂਰਬੀਰ ਯੋਧੇ ਬਣਾਉਣ ਦੇ ਮਕਸਦ ਨਾਲ ਹੋਲੀ ਦੀ ਥਾਂ ਹੋਲਾ-ਮਹੱਲਾ ਦਾ ਪ੍ਰਚਲਣ ਕੀਤਾ। ਕੌਮ ਅੰਦਰ ਆਜ਼ਾਦੀ ਦੀ ਭਾਵਨਾ ਭਰਨ ਲਈ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਉਨ੍ਹਾਂ ਨੂੰ ਨਵਾਂ ਜੀਵਨ ਬਖਸ਼ਿਆ, ਉਥੇ ਹੀ ਭਾਰਤੀ ਸਮਾਜ ਲਈ ਉਨ੍ਹਾਂ ਦੇ ਰੀਤੀ-ਰਿਵਾਜਾਂ ਅਤੇ ਰਸਮਾਂ ਨੂੰ ਮਨਾਉਣ ਦੇ ਢੰਗ ਵਿੱਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪਰਮਾਤਮਾ ਦੀ ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ।

ਪ੍ਰਚੱਲਿਤ ਤਿਉਹਾਰ ਹੋਲੀ ਮਨਾਉਣ ਲਈ ਜਿੱਥੇ ਲੋਕ ਇੱਕ-ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਹੀ ਖ਼ਾਲਸੇ ਵੱਲੋਂ ਹੋਲਾ-ਮਹੱਲਾ ਤਲਵਾਰਾਂ, ਬਰਛਿਆਂ ਅਤੇ ਨੇਜ਼ਿਆਂ ਨਾਲ ਖੇਡਿਆ ਗਿਆ। ਹੋਲੀ ਦਾ ਇਹ ਬਦਲ ਹੋਲੇ-ਮਹੱਲੇ ਦੇ ਰੂਪ ਵਿੱਚ ਕ੍ਰਾਂਤੀਕਾਰੀ ਸੰਕਲਪ ਵਜੋਂ ਸੀ, ਜਿਸ ਦਾ ਢੰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਨਿਸ਼ਚਿਤ ਕੀਤਾ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ ਕਰਦਿਆਂ ਕਵੀ ਸੁਮੇਰ ਸਿੰਘ ਇਸ ਤਰ੍ਹਾਂ ਲਿਖਦੇ ਹਨ : 'ਔਰਨ ਕੀ ਹੋਲੀ ਮਮ ਹੋਲਾ। ਕਹਯੋ ਕ੍ਰਿਪਾਨਿਧ ਬਚਨ ਅਮੋਲਾ।' ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਯੁੱਧ ਵਿੱਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਰੀਤੀ ਅਨੁਸਾਰ ਚੇਤ ਵਦੀ 1 ਨੂੰ ਸਿੱਖਾਂ ਵਿੱਚ ਹੋਲਾ-ਮਹੱਲਾ ਹੁੰਦਾ ਹੈ, ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇੱਕ ਪ੍ਰਕਾਰ ਦੀ ਮਨਸੂਈ ਲੜਾਈ ਹੈ। ਪੈਦਲ, ਘੋੜਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇੱਕ ਖ਼ਾਸ ਹਮਲੇ ਦੀ ਥਾਂ ਹਮਲਾ ਕਰਦੇ ਹਨ। ਕਲਗੀਧਰ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਤੇ ਦੋਵਾਂ ਜਥਿਆਂ ਨੂੰ ਲੋੜੀਂਦੀ, ਸਿੱਖਿਆ ਪ੍ਰਦਾਨ ਕਰਦੇ। ਜਿਹੜਾ ਜਥਾ ਜੇਤੂ ਹੁੰਦਾ, ਉਸ ਨੂੰ ਸਿਰੋਪਾਓ ਬਖਸ਼ਿਸ਼ ਕਰਦੇ। ਭਾਈ ਵੀਰ ਸਿੰਘ ਅਨੁਸਾਰ- ਮਹੱਲਾ ਸ਼ਬਦ ਤੋਂ ਭਾਵ 'ਮਯ ਹੱਲਾ' ਭਾਵ ਬਨਾਉਟੀ ਹਮਲਾ ਹੈ।

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸੇ ਨੂੰ ਯੁੱਧ-ਵਿੱਦਿਆ ਵਿੱਚ ਨਿਪੁੰਨ ਬਣਾਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਹੋਲਾ-ਮਹੱਲਾ ਦੀ ਖ਼ਾਲਸਈ ਰਵਾਇਤ ਆਰੰਭ ਕੀਤੀ। ਇਤਿਹਾਸ ਗਵਾਹ ਹੈ ਕਿ ਪਾਤਸ਼ਾਹ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿੱਚ ਮਨਾਏ ਜਾਂਦੇ ਜੰਗਜੂ ਤਿਉਹਾਰ ਸਮੇਂ ਸਿੰਘਾਂ ਦੀਆਂ ਆਪਸ ਵਿੱਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿੱਚ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੋਲਾ-ਮਹੱਲਾ ਮਨਾਉਣ ਦੀ ਚਲਾਈ ਪ੍ਰੰਪਰਾ ਸਿੱਖਾਂ ਅੰਦਰ ਸ਼ਕਤੀ ਤੇ ਅਣਖ ਨੂੰ ਪ੍ਰਗਟ ਕਰਨ ਦਾ ਅਨੋਖਾ ਢੰਗ ਸੀ। ਇਹ ਖ਼ਾਲਸਾ ਪੰਥ ਲਈ ਸਵੈਮਾਨ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਇਸ ਨਾਲ ਸਿੱਖਾਂ ਅੰਦਰ ਜਬਰ-ਜ਼ੁਲਮ ਵਿਰੁੱਧ ਜੂਝਣ ਲਈ ਨਵਾਂ ਉਤਸ਼ਾਹ ਪੈਦਾ ਹੁੰਦਾ ਹੈ। ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਦਰਸਾਉਂਦੇ ਇਸ ਕੌਮੀ ਤਿਉਹਾਰ ਮੌਕੇ ਹਰ ਸਾਲ ਲੱਖਾਂ ਸੰਗਤਾਂ ਪਾਵਨ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਵਿਖੇ ਪੁੱਜਦੀਆਂ ਹਨ।

ਇਸ ਮੌਕੇ ਜਿੱਥੇ ਧਾਰਮਿਕ ਦੀਵਾਨ ਸਜਦੇ ਹਨ, ਉਥੇ ਨਿਹੰਗ ਸਿੰਘਾਂ ਦੇ ਜੰਗਜੂ ਕਰਤੱਬ ਸੰਗਤਾਂ ਦੀ ਖਿੱਚ ਦਾ ਕੇਂਦਰ ਹੁੰਦੇ ਹਨ। ਖ਼ਾਲਸੇ ਦਾ ਹੋਲਾ-ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖ਼ਾਲਸਾ ਪੰਥ ਲਈ ਸਵੈਮਾਨ, ਖ਼ਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ-ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇੰਝ ਖ਼ਾਲਸਾ-ਪੰਥ ਵਿੱਚ 'ਹੋਲਾ- ਮਹੱਲਾ' ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਕ ਹਨ।

ਅੱਜ ਦੇ ਸਮੇਂ ਜਦੋਂ ਸਾਡੀ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਨੂੰ ਭੁੱਲਦੀ ਜਾ ਰਹੀ ਹੈ, ਉਸ ਸਮੇਂ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਇਹ ਤਿਉਹਾਰ ਪ੍ਰੇਰਣਾ ਸਰੋਤ ਹੋ ਸਕਦੇ ਹਨ। ਅਜੋਕੀ ਪੀੜ੍ਹੀ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ, ਗੌਰਵਮਈ ਵਿਰਸੇ ਅਤੇ ਬੀਰ ਰਸੀ ਰਵਾਇਤਾਂ ਤੋਂ ਜਾਣੂ ਕਰਵਾ ਕੇ ਪਤਿਤਪੁਣੇ ਅਤੇ ਨਸ਼ਿਆਂ ਤੋਂ ਰੋਕਿਆ ਜਾ ਸਕਦਾ ਹੈ। ਅੱਜ ਲੋੜ ਹੈ ਕਿ ਹਰ ਸਿੱਖ ਆਪਣੇ ਵਿਰਸੇ ਨੂੰ ਜਾਣਦਾ ਹੋਇਆ ਸ਼ਸਤਰ ਵਿਦਿਆ ਵਿੱਚ ਨਿਪੁੰਨ ਹੋਵੇ। ਸੋ ਆਓ ਖ਼ਾਲਸਾ ਪੰਥ ਦੇ ਨਿਆਰੇ ਤਿਉਹਾਰ ਹੋਲਾ-ਮਹੱਲਾ ਮੌਕੇ ਆਪਣੇ ਜੀਵਨ ਅੰਦਰ ਖ਼ਾਲਸਾਈ ਜਜ਼ਬੇ ਦੀ ਭਾਵਨਾ ਭਰਦਿਆਂ ਉੱਦਮੀ ਜੀਵਨ ਜਿਊਣ ਲਈ ਅੱਗੇ ਵਧੀਏ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦੇ ਖ਼ਾਤਮੇ ਲਈ ਵਚਨਬੱਧ ਹੋਈਏ।

# ਅਜੋਕੇ ਸੰਦਰਭ ਵਿੱਚ ਹੋਲੇ-ਮਹੱਲੇ ਦੀ ਮਹੱਤਤਾ



ਤਲਵਿੰਦਰ ਸਿੰਘ

ਸਿੱਖ ਧਰਮ ਵਿੱਚ ਹੋਲੀ ਨੂੰ ਗੁਰੂ ਸਾਹਿਬਾਨ ਨੇ ਇੱਕ-ਦੂਜੇ 'ਤੇ ਰੰਗ ਸੁੱਟਣ ਦੀ ਦੁਨਿਆਵੀ ਖੇਡ ਦੀ ਥਾਂ ਗੁਰਮਤਿ ਦੇ ਰੂਹਾਨੀ ਪੰਧ ਦੀਆਂ ਅਧਿਆਤਮਿਕ ਉਚਾਈਆਂ ਤੱਕ ਪਹੁੰਚਣ ਦੇ ਖੇੜੇ ਦੀ ਪ੍ਰਤੀਕ ਦੱਸਿਆ ਹੈ, ਉਥੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ-ਮਹੱਲਾ' ਪੇਸ਼ ਕਰਦਿਆਂ, ਹੋਲੀ ਨੂੰ ਨਵੇਂ ਤੇ ਸਿੱਖ ਸੱਭਿਆਚਾਰ ਦੇ ਹੁਲਾਸ ਤੇ ਚੜ੍ਹਦੀ ਕਲਾ ਦੇ ਦਿਹਾੜੇ ਵਜੋਂ ਪ੍ਰਸਿੱਧ ਕਰ ਦਿੱਤਾ ।ਜਿਸ ਸਮੇਂ ਸਾਹਿਬ-ਏ-ਕਮਾਲਿ, ਬਾਦਸ਼ਾਹ ਦਰਵੇਸ਼, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ-ਮਹੱਲਾ' ਦੀ ਰੀਤ ਆਰੰਭ ਕੀਤੀ ਸੀ, ਉਸ ਵੇਲੇ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਪੈਦਾ ਹੋਏ ਹਾਲਾਤ ਸਿੱਖਾਂ ਕੋਲੋਂ ਇਕੋ ਸਮੇਂ ਸ਼ਾਸਤਰ ਅਤੇ ਸ਼ਸਤਰ ਕਲਾ ਵਿੱਚ ਨਿਪੁੰਨ ਹੋਣ ਦੀ ਮੰਗ ਕਰਦੇ ਸਨ । 'ਹੋਲੇ -ਮਹੱਲੇ' ਦਾ ਆਰੰਭ ਸੰਨ 1700 ਈਸਵੀ, ਸੰਮਤ 1757 ਚੇਤ ਵਦੀ 1 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ 'ਤੇ ਕੀਤਾ ਗਿਆ । ਦਸਮ ਪਾਤਿਸ਼ਾਹ ਨੇ ਸਿੱਖ ਕੌਮ ਨੂੰ ਹੱਕ ਲੈਣ ਅਤੇ ਜ਼ੁਲਮਾਂ ਦਾ ਨਾਸ਼ ਕਰਨ ਲਈ ਹਥਿਆਰਬੰਦ ਹੋ ਕੇ ਸੰਘਰਸ਼ ਕਰਨ ਦਾ ਰਾਹ ਦਿਖਾਇਆ । ਦਸਮ ਪਿਤਾ ਨੇ ਆਤਮਿਕ ਵਿਗਾਸ ਦੇ ਨਾਲ-ਨਾਲ ਘੋੜਿਆਂ ਤੇ ਹਾਥੀਆਂ ਦੀ ਅਸਵਾਰੀ, ਨਗਾਰਿਆਂ ਦੀਆਂ ਉਚੀਆਂ ਆਵਾਜ਼ਾਂ, ਕਿਲ੍ਹਿਆਂ ਦੀ ਉਸਾਰੀ, ਜੰਗੀ ਖੇਡਾਂ ਦੇ ਅਭਿਆਸਾਂ ਆਦਿ ਰਾਹੀਂ ਇਨ੍ਹਾਂ ਸੰਕਲਪਾਂ ਨੂੰ ਅਮਲ ਵਿੱਚ ਲਿਆਂਦਾ ।

ਅਜੋਕੀ ਸਿੱਖ ਸੱਭਿਅਤਾ ਅਤੇ ਵਿਰਾਸਤ ਦੇ ਵਿਕਾਸ ਤੇ ਵਿਗਾਸ ਦੇ ਦੌਰਾਨ ਸਿੱਖ ਇਤਿਹਾਸ ਅਤੇ ਪ੍ਰੰਪਰਾਵਾਂ ਨਾਲ ਜੁੜੇ 'ਹੋਲੇ-ਮਹੱਲੇ' ਵਰਗੇ ਕੌਮੀ ਦਿਹਾੜਿਆਂ ਨੂੰ ਨਵੇਂ ਸੰਕਲਪਾਂ ਲਈ ਵਰਤੇ ਜਾਣ ਦੀ ਲੋੜ ਹੈ। ਸਿੱਖ ਚਿੰਤਕਾਂ ਦੇ ਦ੍ਰਿਸ਼ਟੀਕੋਣ ਤੋਂ ਅਜੋਕੇ ਹਾਲਾਤ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਹਾਲਾਤ ਤੋਂ ਬਹੁਤੇ ਵੱਖਰੇ ਨਹੀਂ ਹਨ। ਅੱਜ ਦਾ ਸਿੱਖ ਆਤਮਿਕ ਅਤੇ ਸਰੀਰਕ, ਦੋਵਾਂ ਪੱਖਾਂ ਤੋਂ ਕਮਜ਼ੋਰ ਪੈ ਰਿਹਾ ਹੈ। ਇੱਕ ਪਾਸੇ ਭਾਰਤ ਵਿੱਚ ਸਿੱਖ ਕੌਮ ਆਲੇ-ਦੁਆਲੇ ਦੇ ਵਿਰੋਧੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਹਾਲਾਤ ਨਾਲ ਜੂਝ ਰਹੀ ਹੈ ਅਤੇ ਦੂਜੇ ਪਾਸੇ ਪੰਥਕ ਵਿਕਾਸ ਤੇ ਵਿਗਾਸ ਦੇ ਉਦੇਸ਼ਾਂ ਦੀ ਪੂਰਤੀ ਲਈ ਸੰਘਰਸ਼ ਦੀ ਸਥਿਤੀ ਵਿੱਚ ਹੈ। ਵਿਦੇਸ਼ਾਂ ਵਿੱਚ ਸਿੱਖ ਆਪਣੀ ਵੱਖਰੀ ਕੌਮੀ ਹੋਂਦ ਅਤੇ ਧਾਰਮਿਕ ਆਜ਼ਾਦੀ ਲਈ ਲੜ ਰਹੇ ਹਨ, ਸਿੱਖ ਨੌਜਵਾਨੀ ਆਪਣੇ ਮੂਲ ਨਾਲੋਂ ਟੁੱਟ ਰਹੀ ਹੈ। ਸਿੱਖ ਸਮਾਜ ਅਤੇ ਰਾਜਨੀਤੀ ਦਾ 'ਅਮਲ' ਸਿੱਖੀ ਆਦਰਸ਼ ਨਾਲੋਂ ਬਿਲਕੁਲ ਹੀ ਉਲਟੀ ਦਿਸ਼ਾ ਵਿੱਚ ਚੱਲ ਰਿਹਾ ਹੈ । ਇਨ੍ਹਾਂ ਸਮੁੱਚੇ ਮੌਜੂਦਾ ਹਾਲਾਤ ਨੂੰ ਸਨਮੁਖ ਰੱਖਦਿਆਂ ਚਿੰਤਾ ਦੀ ਥਾਂ ਚਿੰਤਨ ਵੱਲ ਧਿਆਨ ਕੇਂਦਰਿਤ ਹੋਣਾ ਸਭ ਤੋਂ ਪਹਿਲੀ ਲੋੜ ਹੈ। 'ਹੋਲਾ-ਮਹੱਲਾ' ਸਿੱਖ ਕੌਮ ਦੀ ਸ਼ਕਤੀ ਨੂੰ ਜਥੇਬੰਦ ਕਰਨ ਅਤੇ ਉਸਾਰੂ ਰੁਚੀਆਂ ਦਾ ਪ੍ਰਸਾਰ ਕਰਨ ਦਾ ਜ਼ਰੀਆ ਬਣਨਾ ਚਾਹੀਦਾ ਹੈ ।ਮੌਜੂਦਾ ਸਮੇਂ ਸਭ ਤੋਂ ਵੱਡੀ ਲੋੜ ਸੰਸਾਰੀ ਰੁਝਾਨਾਂ ਅਤੇ ਸਰੋਕਾਰਾਂ ਮੁਤਾਬਕ ਸਿੱਖ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਆਲਮੀ ਪ੍ਰਸੰਗ ਵਿੱਚ ਪੇਸ਼ ਕਰਨ ਦੀ ਹੈ। ਸਿੱਖ ਕੌਮ ਨੂੰ ਦੁਨੀਆ ਦੀਆਂ ਦੂਜੀਆਂ ਸਫ਼ਲ ਕੌਮਾਂ ਦੇ ਮੁਕਾਬਲੇ ਆਪਣੇ ਅਮੀਰ ਬੌਧਿਕ ਵਿਰਸੇ ਅਤੇ ਸਰਬ-ਸਾਂਝੀਵਾਲਤਾ ਦੀ ਵਿਚਾਰਧਾਰਾ ਅਨੁਸਾਰ 'ਆਲਮੀ ਜੀਵਨ ਮਨੋਰਥ' ਤੈਅ ਕਰ ਕੇ ਉਸ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਇੱਕ ਸੁਖਾਵੇਂ ਸਰਬਪੱਖੀ ਮਨੁੱਖੀ ਵਿਕਾਸ ਦੇ ਨਮੂਨੇ ਦੀ ਭਾਲ ਵਿੱਚ ਭਟਕ ਰਹੀ ਲੋਕਾਈ ਸਾਹਮਣੇ ਜੀਵਨ ਦਾ ਇੱਕ ਸਾਵਾਂ, ਸਰਬਪੱਖੀ ਅਤੇ ਸਰਬਸਾਂਝਾ 'ਗੁਰਮਤਿ ਆਧਾਰਿਤ ਅਮਲੀ ਨਮੂਨਾ' ਪੇਸ਼ ਕੀਤਾ ਜਾ ਸਕੇ।

ਅਜੋਕੇ ਸਮੇਂ ਸਿੱਖ ਕੌਮ ਦੇ ਸਿਆਸੀ ਆਗੂਆਂ ਦੇ ਡਿੱਗ ਰਹੇ ਕਿਰਦਾਰ ਅਤੇ ਗੁਆਚ ਰਹੀਆਂ ਰਾਜਨੀਤਕ ਕਦਰਾਂ-ਕੀਮਤਾਂ 'ਮੀਰੀ-ਪੀਰੀ' ਦੇ ਸੰਕਲਪ ਨੂੰ ਮੁੜ ਰੂਪਮਾਨ ਕਰਨ ਦੀ ਮੰਗ ਕਰਦੀਆਂ ਹਨ। ਸਿੱਖ ਧਰਮ ਵਿੱਚ ਧਰਮ ਤੇ ਰਾਜਨੀਤੀ ਦੇ ਸੁਮੇਲ ਦੇ ਇਸ ਸੰਕਲਪ ਬਾਰੇ ਨਵੀਆਂ ਅੰਤਰ-ਦ੍ਰਿਸ਼ਟੀਆਂ ਪੈਦਾ ਕਰਨ, ਸਿੱਖ ਰਾਜਨੀਤੀ ਦੀ ਦਸ਼ਾ ਤੇ ਦਿਸ਼ਾ ਨਿਰਧਾਰਿਤ ਕਰਨ ਲਈ ਸਮੁੱਚੀਆਂ ਸਿੱਖ ਸਿਆਸੀ ਧਿਰਾਂ ਨੂੰ ਇਕ ਮੰਚ 'ਤੇ ਇਕੱਤਰ ਕਰ ਕੇ ਚਿੰਤਨ ਕੀਤਾ ਜਾਣਾ ਚਾਹੀਦਾ ਹੈ ।

ਮੌਜੂਦਾ ਸਮੇਂ ਸਿੱਖ ਨੌਜਵਾਨੀ ਦੀ ਹਾਲਤ ਸਭ ਤੋਂ ਤਰਸਯੋਗ ਹੈ । ਨੌਜਵਾਨਾਂ ਲਈ 'ਹੋਲਾ-ਮਹੱਲਾ' ਵਰਗੇ ਕੌਮੀ ਜੋੜ ਮੇਲੇ ਸਿਰਫ਼ ਮੌਜ-ਮਸਤੀ, ਜੈਕਾਰੇ ਲਗਾਉਣ ਅਤੇ ਦੋ-ਚਾਰ ਦਿਨ ਸ੍ਰੀ ਅਨੰਦਪੁਰ ਸਾਹਿਬ ਦੇ ਆਸਪਾਸ ਦੇ ਗੁਰਦੁਆਰਿਆਂ 'ਚ ਮੱਥਾ ਟੇਕਣ ਤੇ ਸੜਕਾਂ 'ਤੇ ਹੁੱਲੜਬਾਜ਼ੀ ਕਰਨ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਅਛੋਪਲੇ ਹੀ ਆਪਣੀ ਪਛਾਣ ਪੱਖੋਂ ਸਿੱਖੀ ਮੂਲ ਧਾਰਾ ਨਾਲੋਂ ਟੁੱਟੇ ਇਨ੍ਹਾਂ ਨੌਜਵਾਨਾਂ 'ਚ ਜਦੋਂ ਸਿੱਖੀ ਜਜ਼ਬਾ ਜੈਕਾਰਿਆਂ ਅਤੇ ਖ਼ਾਲਸਾ ਜੀ ਦੇ ਬੋਲਿਆਂ ਰਾਹੀਂ ਪ੍ਰਗਟ ਹੁੰਦਾ ਦੇਖਦੇ ਹਾਂ ਤਾਂ ਸਿੱਖ ਕੌਮ ਦੇ ਮੌਜੂਦਾ ਦੁਖਾਂਤ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ ਹੁੰਦਾ। ਨੌਜਵਾਨਾਂ 'ਚ ਜਜ਼ਬਾ ਹੈ, ਸਿੱਖੀ ਪਿਆਰ ਹੈ, ਪਰ ਉਨ੍ਹਾਂ ਨੂੰ ਪਤਾ ਨਹੀਂ ਹੈ ਕਿ ਉਨ੍ਹਾਂ ਦਾ ਰਸਤਾ ਕੀ ਹੈ, ਮੰਜ਼ਿਲ ਕੀ ਹੈ ਅਤੇ ਕੌਮ ਲਈ ਫ਼ਰਜ਼ ਕੀ ਹਨ। ਸਿੱਖ ਨੌਜਵਾਨੀ ਸਾਹਮਣੇ ਕੋਈ ਰੋਲ ਮਾਡਲ ਨਹੀਂ ਹੈ। 'ਹੋਲੇ-ਮਹੱਲੇ' ਵਰਗੇ ਰਵਾਇਤੀ ਜੋੜ-ਮੇਲਿਆਂ ਦੇ ਜਾਹੋ-ਜਲਾਲ ਤਾਂ ਹੀ ਕਾਇਮ ਰਹਿਣਗੇ, ਜੇਕਰ ਅਗਲੀ ਪੀੜ੍ਹੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧੁਰੋਂ ਬਖ਼ਸ਼ੀ ਸਿੱਖੀ ਦਾਤ, ਨਿਆਰੇ ਸਰੂਪ ਅਤੇ ਉੱਚੇ-ਸੁੱਚੇ ਇਖਲਾਕ ਨੂੰ ਸੰਭਾਲ ਕੇ ਰੱਖੇਗੀ।


ਸਿੱਖ ਵਿੱਦਿਅਕ, ਸੱਭਿਆਚਾਰਕ, ਖੇਡਾਂ ਸਮੇਤ ਸਮੁੱਚੇ ਸਿੱਖ ਕਦਰਾਂ-ਕੀਮਤਾਂ ਦੇ ਢਾਂਚੇ ਨੂੰ ਨਵੇਂ ਨਿਸ਼ਾਨਿਆਂ 'ਤੇ ਸੇਧਿਤ ਕਰਨਾ ਚਾਹੀਦਾ ਹੈ। ਸਿੱਖੀ ਜੰਗਜੂ ਕਲਾਵਾਂ ਦੇ ਪ੍ਰਦਰਸ਼ਨ ਤਾਂ 'ਹੋਲੇ-ਮਹੱਲੇ' ਮੌਕੇ ਹੁੰਦੇ ਹੀ ਹਨ, ਪਰ ਇਨ੍ਹਾਂ ਮੁਕਾਬਲਿਆਂ ਨੂੰ ਅਨੁਸ਼ਾਸਨਬੱਧ, ਯੋਜਨਾਬੱਧ ਤਰੀਕੇ ਨਾਲ ਕਰਵਾਉਣ, ਸਿੱਖ ਨੌਜਵਾਨੀ ਦੀ ਇਨ੍ਹਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ, ਨੌਜਵਾਨ ਪੀੜ੍ਹੀ ਨੂੰ ਢਾਹੂ ਰੁਚੀਆਂ ਤੋਂ ਬਚਾਉਣ ਲਈ ਸਰੀਰਕ ਨਿਰੋਗਤਾ ਵੱਲ ਉਤਸ਼ਾਹਿਤ ਕਰਨ, ਖੇਡ ਭਾਵਨਾ ਪ੍ਰਫੁਲਿਤ ਕਰਨ, ਨਸ਼ਾਖੋਰੀ ਤੋਂ ਦੂਰ ਰਹਿਣ ਅਤੇ ਨੌਜਵਾਨ ਪੀੜ੍ਹੀ ਅੰਦਰ ਸਿੱਖੀ ਵਿਰਸੇ ਦਾ ਪ੍ਰਸਾਰ ਕਰਨ ਵੱਲ ਧਿਆਨ ਦੇਣ ਦੀ ਲੋੜ ਹੈ । ਸ੍ਰੀ ਅਨੰਦਪੁਰ ਸਾਹਿਬ ਵਿਖੇ ਦੁਨੀਆ ਦਾ ਆਧੁਨਿਕ ਸਹੂਲਤਾਂ ਪ੍ਰਾਪਤ ਅਤੇ ਉੱਚ ਪੱਧਰ ਦਾ ਇੱਕ ਵਿਸ਼ਾਲ ਖੇਡ ਸਟੇਡੀਅਮ ਤਿਆਰ ਕਰਵਾਇਆ ਜਾਣਾ ਚਾਹੀਦਾ ਹੈ। ਸਿੱਖ ਜੰਗੀ ਕਲਾਵਾਂ ਦੇ ਕੌਮੀ ਮੁਕਾਬਲੇ 'ਹੋਲੇ-ਮਹੱਲੇ' ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਕਰਵਾਏ ਜਾਣ ਅਤੇ ਜੇਤੂਆਂ ਨੂੰ ਆਕਰਸ਼ਕ ਅਤੇ ਭਾਰੀ ਇਨਾਮ ਵੰਡੇ ਜਾਣ ਦੀ ਪਿਰਤ ਸ਼ੁਰੂ ਕੀਤੀ ਜਾਵੇ। ਇਸ ਮੌਕੇ ਅਜੋਕੀ ਸਿੱਖ ਨੌਜਵਾਨੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਲਈ ਲੜੀਵਾਰ ਗੁਰਮਤਿ ਕੈਂਪ ਲਗਾਉਣੇ ਚਾਹੀਦੇ ਹਨ, ਜਿਨ੍ਹਾਂ ਦੌਰਾਨ ਸਿੱਖ ਨੌਜਵਾਨਾਂ ਨੂੰ ਜੀਵਨ ਦੇ ਹਰ ਪੱਖ ਤੋਂ ਗੁਰਮਤਿ ਜੀਵਨ ਜਾਚ ਦੇ ਅਮਲ ਬਾਰੇ ਪ੍ਰਪੱਕ ਕੀਤਾ ਜਾਵੇ। ਸਿੱਖ ਨੌਜਵਾਨਾਂ ਦੇ ਪ੍ਰਤਿਭਾ ਖੋਜ, ਅਮਲੀ ਜੀਵਨ-ਜਾਚ ਅਤੇ ਮਨੁੱਖੀ ਵਿਹਾਰ ਮੁਕਾਬਲੇ ਕਰਵਾਏ ਜਾਣ ਤਾਂ ਜੋ ਸਿੱਖ ਨੌਜਵਾਨਾਂ ਨੂੰ ਸਿੱਖੀ ਨੈਤਿਕਤਾ, ਸਦਾਚਾਰ ਅਤੇ ਆਦਰਸ਼ਾਂ ਨਾਲ ਜੁੜਨ ਦਾ ਉਤਸ਼ਾਹ ਮਿਲ ਸਕੇ।

ਜਿਸ ਤਰ੍ਹਾਂ ਵੀਹਵੀਂ ਸਦੀ ਦੇ ਸ਼ੁਰੂ ਵਿੱਚ 'ਚੀਫ਼ ਖ਼ਾਲਸਾ ਦੀਵਾਨ' ਨੇ ਸਿੱਖ ਧਰਮ ਦੇ ਪ੍ਰਸਾਰ ਵਿੱਚ ਵਿੱਦਿਅਕ ਲਹਿਰ ਰਾਹੀਂ ਅਹਿਮ ਯੋਗਦਾਨ ਪਾਇਆ, ਉਸੇ ਤਰ੍ਹਾਂ ਮੌਜੂਦਾ ਸਮੇਂ ਸਿੱਖ ਵਿੱਦਿਅਕ ਪ੍ਰਬੰਧ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਨਵੀਂ ਪਹਿਲਕਦਮੀ ਦੀ ਲੋੜ ਹੈ। ਹਰ ਸਾਲ 'ਹੋਲੇ-ਮਹੱਲੇ' ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਸਾਲਾਨਾ ਸਿੱਖ ਵਿੱਦਿਅਕ ਕਾਨਫਰੰਸ' ਕਰਵਾਉਣ ਦੀ ਸ਼ੁਰੂਆਤ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿੱਚ ਦੁਨੀਆ ਭਰ ਤੋਂ ਸਿੱਖ ਵਿੱਦਿਅਕ ਮਾਹਿਰਾਂ ਨੂੰ ਬੁਲਾਇਆ ਜਾਵੇ ਤਾਂ ਜੋ ਸਿੱਖ ਵਿੱਦਿਅਕ ਪ੍ਰਣਾਲੀ ਦੀ ਸਮੇਂ-ਸਮੇਂ 'ਤੇ ਪ੍ਰਭਾਵੀ ਰੂਪ-ਰੇਖਾ ਨਿਰਧਾਰਿਤ ਕੀਤੀ ਜਾ ਸਕੇ ।

ਜਿਹੜੀਆਂ ਸਿੱਖ ਸ਼ਖ਼ਸੀਅਤਾਂ ਜੀਵਨ ਦੇ ਵੱਖੋ-ਵੱਖਰੇ ਖੇਤਰਾਂ ਵਿਚ ਕੌਮਾਂਤਰੀ ਪੱਧਰ 'ਤੇ ਸਿੱਖੀ ਦਾ ਨਾਂਅ ਰੌਸ਼ਨ ਕਰ ਰਹੀਆਂ ਹਨ, ਉਨ੍ਹਾਂ ਨੂੰ ਕੌਮੀ ਸਨਮਾਨ ਦੇਣ ਦੀ ਨਵੀਂ ਉਸਾਰੂ ਪਿਰਤ ਸ਼ੁਰੂ ਕਰਦਿਆਂ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ 'ਹੋਲੇ-ਮਹੱਲੇ' ਦੇ ਵਿਸ਼ੇਸ਼ ਮੌਕੇ ਨੂੰ ਚੁਣਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਸਿੱਖ ਨੌਜਵਾਨੀ ਲਈ ਰੋਲ ਮਾਡਲ ਵੀ ਉੱਭਰ ਕੇ ਸਾਹਮਣੇ ਆਉਣ ਦਾ ਸਬੱਬ ਬਣੇਗਾ । 'ਹੋਲੇ-ਮਹੱਲੇ' ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਸਰਬ ਧਰਮ ਸੰਮੇਲਨ' ਕਰਵਾਉਣ ਦੀ ਪਿਰਤ ਪਾਈ ਜਾਵੇ ਤਾਂ ਜੋ ਅੱਜ ਦੇ ਸਮੇਂ ਵਿੱਚ ਵਿਸ਼ਵ ਭਰ ਵਿੱਚ ਪੈਦਾ ਹੋ ਰਹੀ ਧਾਰਮਿਕ ਅਸਹਿਣਸ਼ੀਲਤਾ ਅਤੇ ਮਨੁੱਖੀ ਸਮੱਸਿਆਵਾਂ ਦੇ ਹੱਲ ਲਈ ਸਾਰੇ ਧਰਮਾਂ ਨੂੰ ਆਪੋ-ਆਪਣੀ ਸੁਹਿਰਦ ਜ਼ਿੰਮੇਵਾਰੀ ਨਿਭਾਉਣ ਲਈ ਤਿਆਰ ਕੀਤਾ ਜਾ ਸਕੇ ਅਤੇ ਮਨੁੱਖੀ ਸਦਾਚਾਰਕ, ਨੈਤਿਕ ਕਦਰਾਂ-ਕੀਮਤਾਂ ਵਿਚ ਧਰਮ ਦੀ ਪ੍ਰਸੰਗਿਕਤਾ ਬਣਾਈ ਰੱਖਣ ਦੇ ਉਪਰਾਲੇ ਆਰੰਭ ਕੀਤੇ ਜਾ ਸਕਣ। ਇਸ ਦੌਰਾਨ ਵਿਸ਼ਵ ਧਾਰਮਿਕ ਸਹਿ-ਹੋਂਦ ਅਤੇ ਅੰਤਰ ਧਰਮ ਸੰਵਾਦ ਲਈ ਨਵੀਂ ਲਹਿਰ ਦਾ ਆਗਾਜ਼ ਵੀ ਕੀਤਾ ਜਾਵੇ।

(ਬਾਕੀ ਸਫ਼ਾ 27 'ਤੇ)

# ਹੋਲਾ ਮਹੱਲਾ : ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 20 ਸਾਲ ਦੇ ਸਮੇਂ ਤੋਂ ਵੱਧ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਠਹਿਰੇ। ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਪੁਰਾਤਨ ਇਤਿਹਾਸਕ ਤਿਉਹਾਰਾਂ ਵਿੱਚ ‘ਹੋਲਾ ਮਹਲਾ’ ਦੇ ਤਿਉਹਾਰ ਦਾ ਵੀ ਮਹੱਤਵਪੂਰਨ ਸਥਾਨ ਹੈ। ਜੋ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਜੋ ਕਿ ਸ਼ਾਨਮੱਤੇ ਇਤਿਹਾਸ, ਗੌਰਵਮਈ ਵਿਰਸੇ ਬੀਰ ਰਸ ਨਾਲ ਜੰਗਾਂ ਵਿੱਚ ਕੁਰਬਾਨੀ, ਰਵਾਇਤੀ ਸ਼ਸ਼ਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਦ੍ਰਿੜ ਕਰਵਾਉਂਦਾ ਹੈ। ਹੋਲਾ ਮਹੱਲਾ ਖ਼ਾਲਸਾਈ ਜਾਹੋ ਜਹਾਲ ਦਾ ਪ੍ਰਤੀਕ ਹੈ। ਸੰਸਾਰਕ ਇਤਿਹਾਸਕ ਤਿਉਹਾਰਾਂ ਵਿੱਚ ਮੌਸਮ ਦੇ ਬਦਲਣ ਨਾਲ ਹੋਲੀ ਤੇ ਬਸੰਤ ਦੇ ਖੇੜੇ ਮਨੁੱਖ ਮਨ ਵਿੱਚ ਅਨੰਦ ਭਰਦੇ ਹਨ। ਮਨੁੱਖੀ ਚੇਤਨਾ ਵਿੱਚ ਮਹਾਨ ਘਲੂਘਾਰਿਆਂ ਦੀ ਵੀਰ ਭੂਮੀ ਨੇ ਜਿੱਥੇ ਪੁਰਾਤਨ ਪਿੜ ਨੂੰ ਕਾਇਮ ਰੱਖਿਆ ਹੈ, ਉੱਥੇ ਖ਼ਾਲਸਾ ਪੰਥ ਨੇ ਆਪਣੀ ਨਿਵੇਕਲੀ ਪਛਾਣ ਨਾਲ ਜੋੜ ਕੇ ਖ਼ਾਲਸਾਈ ਤਿਉਹਾਰ ਬੜੇ ਜਾਹੋ ਜਹਾਲ ਨਾਲ ਮਨਾਏ ਹਨ।

ਹੋਲਾ ਅਰਬੀ ਭਾਸ਼ਾ ਦਾ ਸ਼ਬਦ ‘ਹੂਲ’ ਭਾਵ ਭਲੇ ਕੰਮ ਲਈ ਜੂਝਣਾ, ਸੀਸ ਤਲੀ ’ਤੇ ਧਰ ਕੇ ਲੜਨਾ ਤਲਵਾਰ ਦੀ ਧਾਰ ’ਤੇ ਚੱਲਣਾ। ਮਹੱਲਾ ਫ਼ਾਰਸੀ ਦੇ ਸ਼ਬਦ ‘ਮਹਲਾ’ ਭਾਵ ਉਹ ਅਸਥਾਨ ਜਿੱਥੇ ਫ਼ਤਹਿ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਸਿੱਖ ਗੁਰੂਆਂ ਦਾ ਉਪਦੇਸ਼ ਹੈ ਕਿ ਜ਼ੁਲਮ, ਅਨਿਆਂ ਅਤੇ ਰਾਜਨੀਤਿਕ ਵਧੀਕੀਆਂ ਦੇ ਖ਼ਿਲਾਫ਼ ਮਰ ਮਿੱਟਣ ਲਈ ਤਿਆਰ ਰਹਿਣ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ’ਤੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖ ਪੰਥ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ। ਗੁਰੂ ਸਾਹਿਬ ਜੀ ਨੇ ਦਬੇ ਕੁੱਚਲੇ, ਗਰੀਬ, ਨਿਕੰਮੇ, ਨਿਤਾਣੇ ਨਿਖਿੱਧ ਨੀਚ ਵਰਗਾਂ ਨੂੰ ਇੱਕਠੇ ਕਰਕੇ ਸਵੈ ਮਾਣ ਦਾ ਜਜਬਾ ਭਰ ਕੇ ਉਹਨਾਂ ਨੂੰ ਸਵੈ ਮਾਣ ਨਾਲ ਪੰਥ ਦੀ ਰੱਖਿਆ ਲਈ ਜੂਝ ਕੇ ਕੁਰਬਾਨ ਹੋ ਜਾਣ ਵਾਲੇ ਸੂਰਬੀਰ ਯੋਧੇ ਨੂੰ ਫ਼ੌਜੀ ਖ਼ਾਲਸਾ ਸਾਜਿਆ। ਉਹਨਾਂ ਦੇ ਦਿਲਾਂ ਵਿੱਚ ਪੂਰਨ ਮਨੁੱਖੀ ਆਜ਼ਾਦੀ ਲਈ ਜੋਸ਼ ਭਰਿਆ। ਉਹਨਾਂ ਵਿਚੋਂ ਮੌਤ ਦੇ ਡਰ ਨੂੰ ਕੱਢ ਕੇ ਬਲਵਾਨ ਅਣਖੀ ਯੋਧੇ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ ਰੀਤਾਂ ਅਤੇ ਤਿਉਹਾਰਾਂ ਨੂੰ ਵੀ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਣਾ ਦਿੱਤੀ। ਉਹਨਾਂ ਨੇ ਸਿੰਘਾਂ ਨੂੰ ਸ਼ਸ਼ਤਰ ਵਿਦਿਆ ਵਿੱਚ ਨਿੰਪੂਨ ਬਣਾਇਆ। ਉਹਨਾਂ ਨੇ ਹੋਲਾ ਮਹੱਲਾ ਦੇ ਤਿਉਹਾਰ ਨੂੰ ਸੂਰਮਗਤੀ ਨਾਲ ਜੋੜਲ ਦਿੱਤਾ। ਉਹਨਾਂ ਚਾਹਿਆ ਕਿ ਸਮਾਜ ਵਿੱਚ ਨਰੋਆ ਪ੍ਰੀਵਰਤਨ ਆਵੇ ਕਿ ਸਮਾਜ ਨੂੰ ਸਾਰਥਿਕ ਅਤੇ ਉਸਾਰੂ ਸੇਧ ਮਿਲ ਸਕੇ। ਸ਼ਸ਼ਤਰਾਂ ਦਾ ਅਭਿਆਸ ਜਾਰੀ ਰੱਖਿਆ। ਗੁਰੂ ਸਾਹਿਬ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸ਼ਸ਼ਤਰਾਂ ਦੀ ਵਰਤੋਂ ਨੂੰ ਪ੍ਰਪੱਕ ਬਣਾਇਆ। ਜ਼ੁਲਮ ਦੇ ਖ਼ਿਲਾਫ਼ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ।

ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੰਜਾਬ ਦੇ ਉੱਤਰੀ ਪੂਰਬੀ ਖੇਤਰ ਦੇ ਰੋਪੜ ਜ਼ਿਲ੍ਹੇ ਵਿੱਚ ਸ਼ਿਵਾਲਕ ਤਲਹਟੀਆ ਖਾਸ ਕਰਕੇ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਇਤਿਹਾਸਕ ਨਗਰਾਂ ਆਲੇ ਦੁਆਲੇ 22 ਫ਼ਰਵਰੀ 1701 ਈ. ਵਿੱਚ ਆਨੰਦਪੁਰ ਸਾਹਿਬ ਦੇ ਹੋਲਗੜ੍ਹ ਕਿਲੇ ਤੋਂ ਆਰੰਭ ਹੋਇਆ। ਇਸ ਤਿਉਹਾਰ ਨੂੰ ਨਵਾਂ ਰੂਪ ਦੇ ਕੇ ਫ਼ਰਜੀ ਜੰਗੀ ਹੁਨਰ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਬਣਾਇਆ। ਇੱਕ ਨਵੀਂ ਪ੍ਰੰਪਰਾ ਆਰੰਭ ਕੀਤੀ। ਹੋਲੀਆਂ ਦਿਨ ਸਵੇਰ ਦੇ ਦੀਵਾਨ ਉਪਰੰਤ ਕਵੀ ਦਰਬਾਰ ਲੱਗਦੇ, ਰਾਗ ਸਭਾਵਾਂ ਹੁੰਦੀਆਂ, ਚੋਣਵੇਂ ਚੋਟੀ ਦੇ ਕਵੀ ਢਾਡੀ, ਕੀਰਤਨੀਏ, ਰਾਗੀ ਆਪਣਾ ਦੀਵਾਨ ਸਜਾਉਂਦੇ। ਸ਼ਾਮ ਵੇਲੇ ਤਾਕਤ ਬਹਾਦਰੀ ਦੇ ਕਰੱਤਬ, ਫ਼ੌਜੀ ਅਭਿਆਸ, ਖੇਡਾਂ ਦਾ ਪਿੜ ਬੱਝਦਾ। ਅਤਰ ਫ਼ੁਲੇਲ ਦੀਆਂ ਸੁਗੰਧੀਆਂ ਦੀ ਫ਼ੁਹਾਰ ਖੁਸ਼ਬੂਦਾਰ ਬਸੰਤੀ ਤੇ ਗੁਲਾਬੀ ਫ਼ੁੱਲਾਂ ਦੀ ਵਰਖਾ ਕੀਤੀ ਜਾਂਦੀ। ਸਾਰਾ ਦਿਨ ਨਵੀਂ ਉਮੰਗ ਅਤੇ ਨਵੀਂ ਜਿੰਦ ਜਾਨ ਦਾ ਜੋਸ਼ ਠਾਠਾਂ ਮਾਰਦਾ। ਹਰ ਪਾਸੇ ਚੜ੍ਹਦੀ ਕਲਾ ਦਾ ਪਸਾਰਾ ਬਣਿਆ ਰਹਿੰਦਾ।

ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ। ਗੁਰੂ ਸਾਹਿਬ ਆਪਣੀ ਫ਼ੌਜ ਨੂੰ ਦੋ ਦਲਾਂ ਵਿੱਚ ਵੰਡ ਲੈਂਦੇ ਸਨ। ਦੋਹਾਂ ਦੇ ਬਸਤਰ ਵੱਖਰੇ ਵੱਖਰੇ ਹੁੰਦੇ ਸਨ। ਹਿੱਕ ਦਲ ਹਵੇਲੀ ਵਿੱਚ ਡੇਰਾ ਲਾ ਲੈਂਦਾ ਸੀ। ਜਿਸ ਨੂੰ ਫ਼ਰਜੀ ਕਿਲਾ ਕਿਹਾ ਜਾਂਦਾ ਸੀ। ਦੂਸਰਾ ਦਲ ਗੁਰੂ ਸਾਹਿਬ ਜੀ ਦੀ ਅਗਵਾਈ ਹੇਠ ਉਸ ਕਿਲੇ ਨੂੰ ਸਰ ਕਰਨ ਲਈ ਪੂਰੇ ਜੋਸ ਨਾਲ ਚੜ੍ਹਾਈ ਕਰਕੇ ਆਉਂਦਾ ਸੀ। ਬੜੀ ਡੱਟਵੀਂ ਫ਼ਰਜੀ ਲੜਾਈ ਹੁੰਦੀ ਸੀ। ਦੋਹਾਂ ਦਲਾਂ ਨੂੰ ਆਦੇਸ਼ ਹੁੰਦਾ ਸੀ ਕਿ ਕਿਸੇ ’ਤੇ ਜਾਨੀ ਹਮਲਾ ਨਹੀਂ ਕਰਨਾ ਤੇ ਨਾ ਹੀ ਕੋਈ ਫ਼ੱਟੜਾਂ ਹੋਵੇ। ਦੋਹਾਂ ਪਾਸਿਓਂ ਛੋਟੀਆਂ ਛੋਟੀਆਂ ਫ਼ੌਜੀ ਟੁਕੜੀਆਂ ਆਪਣੇ ਜੰਗੀ ਕਰਤੱਬ ਦਿਖਾਉਂਦੀਆਂ। ਅੰਤ ਵਿੱਚ ਕਿਲਾ ਫ਼ਤਹਿ ਹੋ ਜਾਂਦਾ। ਇਸ ਜਿੱਤ ਨੂੰ ਮਨਾਉਣ ਦਾ ਵੀ ਵਿਲੱਖਣ ਢੰਗ ਸੀ। ਬਹੁਤ ਸਾਰਾ ਕੜਾਹ ਪ੍ਰਸ਼ਾਦ ਸਾਫ਼ ਸੁਥਰੀ ਥਾਂ ਤੇ ਸਾਫ਼ ਸੁਥਰੀਆਂ ਚਾਦਰਾਂ ਉਪਰ ਰਖਿਆ ਜਾਂਦਾ ਸੀ। ਸਿੰਘਾਂ ਨੂੰ ਹੁਕਮ ਹੁੰਦਾ ਸੀ ਕਿ ਸਾਰੇ ਹੱਲਾ ਕਰਕੇ ਜਿੰਨਾ ਕਿਸੇ ਦੀ ਪਹੁੰਚ ਵਿੱਚ ਹੋਵੇ, ਛੱਕ ਲਵੇ। ਨਾਲ ਹੀ ਇਹ ਵੀ ਹੁਕਮ ਸੀ ਕਿ ਪ੍ਰਸ਼ਾਦ ਦੀ ਬੇਅਦਬੀ ਨਾ ਹੋਵੇ। ਲੁੱਟ ਖਸੁੱਟ ਜਾਂ ਖੋਹਾ ਖੋਹੀ ਨਾ ਹੋਵੇ ਤਾਂ ਜੋ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹੇ। ਇਸ ਤਰ੍ਹਾਂ ਇਹ ਖ਼ਾਲਸੇ ਦੀ ਮੌਜ਼ ਅਤੇ ਜਾਹੋ ਜਹਾਲ ਦਾ ‘ਹੋਲਾ ਮਹੱਲਾ’ ਸੰਪੰਨ ਹੁੰਦਾ।

ਮਹੱਲਾ ਕੱਢਣ ਦੀ ਰੀਤ ਵਰਤਮਾਨ ਵਿੱਚ ਵੀ ਨਿਭਾਈ ਜਾਂਦੀ ਹੈ। ਇਸ ਤਿਉਹਾਰ ਵਿੱਚ ਜੰਗੀ ਢੋਲ ਮਿਆਰੀ ਧੁੰਨਾਂ ਨਾਲ ਅਤੇ ਨਿਹੰਗ ਸਿੰਘ ਰਵਾਇਤੀ ਬਾਣੇ ਵਿੱਚ ਕੇਸਗੜ੍ਹ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਫ਼ੌਜੀ ਟੁਕੜੀਆਂ ਦੇ ਰੂਪ ਵਿੱਚ ਨਗਾਰਿਆਂ ਦੀ ਗੂੰਜ ਵਿੱਚ ਨਿਸ਼ਾਨ ਸਾਹਿਬ ਚੜ੍ਹਾਏ ਜਾਂਦੇ ਹਨ। ਮਹੱਲਾ ਆਰੰਭ ਹੁੰਦਾ ਹੈ। ਇਹ ਇੱਕ ਭਾਈਚਾਰਕ ਜੋੜ ਮੇਲਾ ਹੈ। ਇਹ ਧਾਰਮਿਕ ਪ੍ਰੰਪਰਾਵਾਂ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇੱਕ ਜਲੂਸ ਦੀ ਸ਼ਕਲ ਵਿੱਚ ਇੱਕ ਗੁਰਧਾਮ ਤੋਂ ਦੂਸਰੇ ਗੁਰਧਾਮ ਜਿਵੇਂ ਕਿਲਾ ਆਨੰਦਗੜ੍ਹ ਲੋਹਗੜ੍ਹ ਸਾਹਿਬ , ਮਾਤਾ ਜੀਤੋ ਜੀ ਗੁਰਧਾਮ ਤੋਂ ਹੁੰਦਾ ਹੋਇਆ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸਮਾਪਤ ਹੁੰਦਾ ਹੈ।

ਇਸ ਦਿਨ ਵੱਡਾ ਜਲੂਸ ਜਿਸ ਨੂੰ ਮਹੱਲਾ ਕਹਿੰਦੇ ਹਨ। ਚਰਨ ਗੰਗਾ ਦੇ ਮੈਦਾਨ ਵਿੱਚ ਪੁੱਜਦਾ ਹੈ। ਅੱਗੇ ਅੱਗੇ ਜੰਗੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮਹੱਲਾ ਨਗਾਰਿਆਂ ਦੀ ਧੁੰਨ ਤੇ ਸੱਜ ਧੱਜ ਕੇ ਨਿਹੰਗ ਆਪਣੀ ਪੁਰਾਤਨ ਫ਼ੌਜੀ ਆਨ,ਸ਼ਾਨ ਨਾਲ ਸ਼ਾਮਲ ਹੁੰਦੇ ਹਨ। ਆਪਣੇ ਸ਼ਸ਼ਤਰਾਂ ਦੇ ਕਰਤੱਬੀ ਜੌਹਰ ਵਿਖਾਉਂਦੇ ਹਨ। ਤੇਗ ਦੇ ਕਮਾਲ ਵਿਖਾਏ ਜਾਂਦੇ ਹਨ। ਤਲਵਾਰਬਾਜੀ, ਤੀਰ ਅੰਦਾਜੀ, ਘੋੜ ਸਵਾਰੀ, ਨੇਜ਼ੇਬਾਜੀ ਵਰਗੇ ਜੰਗੀ ਜੌਹਰਾਂ ਦੀ ਕੁਸ਼ਲਤਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਾਹੈ। ਮਹੱਲਾ ਤਲਵਾਰਾਂ ਬਰਛਿਆਂ ਅਤੇ ਨੇਜਿਆਂ ਨਾਲ ਵੀ ਖੇਡਿਆ ਜਾਂਦਾ ਹੈ। ਜੰਗੀ ਅਭਿਆਸਾਂ ਦੇ ਨਾਲ ਨਾਲ ਪ੍ਰੰਪਰਾ ਅਨੁਸਾਰ ਦੀਵਾਨ ਵੀ ਸਜਾਏ ਜਾਂਦੇ ਹਨ। ਕਥਾ ਕੀਰਤਨ ਵਿਚਾਰਾਂ ਹੁੰਦੀਆਂ ਹਨ। ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਹਨ। ਕਾਵਿ ਗੋਸ਼ਟੀਆਂ ਤੇ ਕਵੀ ਕਰਬਾਰ ਸਜਾਏ ਜਾਂਦੇ ਹਨ। ਚੜ੍ਹਦੀਗਲਾ ਦਾ ਉਤਸ਼ਾਹ ਬਣਿਆ ਰਹਿੰਦਾ ਹੈ। ਹੋਲੇ ਮਹੱਲੇ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਇਹ ਤਿਉਹਾਰ ਤਿੰਨ ਸਦੀਆਂ ਤੋਂ ਵਧੇਰੇ ਸਮੇਂ ਤੋਂ ਨਿਯਮਤ ਤੌਰ ’ਤੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਦਾ ਹੈ। ਜੋ ਸਿੱਖ ਵਿਰਸੇ ਬਾਰੇ ਵਧੇਰੇ ਜਾਗ੍ਰਿਤ ਕਰਦਾ ਹੈ।

ਇਹ ਹੁਣ ਭਾਰਤ ਦਾ ਰਾਸ਼ਟਰੀ ਤਿਉਹਾਰ ਹੈ। ਜੋ ਬਹਾਦਰੀ ਅਤੇ ਰੱਖਿਆ ਦੇ ਤਿਆਰੀ ਅਭਿਆਸ ਵਿੱਚ ਗੁਰੂ ਸਾਹਿਬ ਜੀ ਦੇ ਬਹਾਦਰੀ ਦੇ ਸੰਕਲਪ ਨੂੰ ਦ੍ਰਿੜ ਕਰਵਾਉਂਦਾ ਹੈ। ਜੋ ਮੁਗਲ ਸਾਮਰਾਜ ਅਤੇ ਪਹਾੜੀ ਰਾਜਿਆਂ ਦੇ ਹਮਲੇ ਤੋਂ ਸਿੱਖਾਂ ਦੀ ਰੱਖਿਆ ਕਰਦੇ ਸਨ।


‘ਹੋਲਾ ਮਹੱਲਾ’ ਦੀਆਂ ਵਿਸ਼ੇਸ਼ਤਾਈਆਂ ਵਿਖੇ ਕੇ ਭਾਰਤੀ ਲੋਕਾਂ ਦੇ ਮਨਾਂ ਵਿੱਚ ਇਸ ਦਾ ਬੜਾ ਪ੍ਰਭਾਵ ਪਿਆ ਹੈ। ਉਹ ‘ਹੋਲਾ ਮਹੱਲਾ’ ਦੇ ਵਿਸ਼ੇਸ਼ ਉਤਸਵ ਵਿੱਚ ਹੁੰਮ ਹੁਮਾ ਕੇ ਸ਼ਾਮਲ ਹੋਣ ਲੱਗੇ ਹਨ। ਕੀਰਤਪੁਰ ਸਾਹਿਬ , ਨੰਦੇੜ ਵਿੱਚ ਵੀ ਮਹੱਲਾ ਨਿਕਲਦਾ ਹੈ। ਮਹੱਲੇ ਦੇ ਅੱਗੇ ਇੱਕ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਨਿਕਲਦਾ ਹੈ। ਪਿੱਛੇ ਸੰਗਤ ਚਲ ਪੈਂਦੀ ਹੈ। ਫ਼ਿਰ ਕੁਝ ਸੂਰਮੇ ਹਵਾ ਵਿੱਚ ਗੋਲੀ ਦਾਗਦੇ ਹਨ। ਜਿਵੇਂ ਕਿਸੇ ਦੁਸ਼ਮਣ ’ਤੇ ਹਮਲਾ ਕੀਤਾ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ। ਪਿੱਛੇ ਸੰਗਤ ਦੌੜ ਪੈਂਦੀ ਹੈ। ਇਸ ਤਰ੍ਹਾਂ ਮਹੱਲਾ ਜ਼ੋਰਾਂ ’ਤੇ ਹੁੰਦਾ ਹੈ।

ਦੇਖਦੇ ਹੀ ਦੇਖਦੇ ਮਹੱਲਾ ਭਰ ਜਾਂਦਾ ਹੈ। ਗੁਰਦੁਆਰਾ ਪਾਉਂਟਾ ਸਾਹਿਬ ਦੇ ਬਾਹਰ ਉਤਸਵ ਹੁੰਦਾ ਹੈ। ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੁੰਦੀਆਂ ਹਨ। ਇਹ ਨਜ਼ਾਰਾ ਦੇਖਿਆ ਹੀ ਬਣਦਾ ਹੈ। ਜੋ ਯਾਦਗਾਰੀ ਹੋ ਨਿਬੜਦਾ ਹੈ। ਜਿਥੇ ਸੂਰਮੇ ਆਪਣੇ ਜੰਗੀ ਕਰਤੱਬ ਦਿਖਾਉਂਦੇ ਹਨ, ਉਥੇ ਵਿਸ਼ੇਸ਼ ਤੌਰ ’ਤੇ ਕਵੀ ਦਰਬਾਰ ਸਜਾਏ ਜਾਂਦੇ ਹਨ, ਕਵੀ ਆਪਣੇਆਂ ਕਵਿਤਾਵਾਂ ਦਾ ਰੰਗ ਭਰਦੇ ਹਨ।

ਗੁਰਬਾਣੀ ਵਿੱਚ ਹੋਲੀ ਦਾ ਰੰਗ ਚਿਤ੍ਰਿਆ ਹੈ, ਜੋ ਪਰਮਾਤਮਾ ਦੀ ਸਿਫ਼ਤਿ ਸਾਲਾਹ ਦਾ ਰੰਗ ਚੜ੍ਹਦਾ ਹੈ।

ਅੰਤਿਕਾ : ਹੇ ਭਾਈ ! ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਰਕਤ ਨਾਲ ਮੇਰੇ ਅੰਦਰ ਮਾਨੋ ਫ਼ੱਗਣ ਦੀ ਹੋਲੀ ਬਣੀ ਪਈ ਹੈ। ਪ੍ਰਭੂ ਦੇ ਸੰਤ ਜਨ ਸਾਧ ਸੰਗਤ ਵਿੱਚ ਮਿਲ ਕੇ ਇਹ ਹੋਲੀ ਖੇਡਣ ਲੱਗ ਪਏ ਹਨ। ਹੇ ਭਾਈ ਇਹ ਹੋਲੀ ਕੀਹ ਹੈ ? ਸੰਤ ਜਨਾ ਦੀ ਸੇਵਾ ਨੂੰ ਮੈਂ ਹੋਲੀ ਬਣਾਇਆ ਹੈ। ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜਾ ਆਤਮਿਕ ਰੰਗ ਚੜ ਗਿਆ ਹੈ। ਅੰਗ 1180





# ਭਾਗੋ

ਤਰਸੇਮ ਸਿੰਘ ਭੰਗੂ

"ਹੈਲੋ, ਕਾਜਲ ਕਿਵੇਂ ਆ! ਘਰੇ ਸਭ ਠੀਕ ਹੈ ਨਾ!"

ਹਮੇਸ਼ਾ ਵਾਂਗ ਦਫ਼ਤਰ ਦੀ ਮੁਖੀ ਮੈਡਮ ਭਾਗੋ ਨੇ ਡਿਊਟੀ 'ਤੇ ਆਈ ਕਾਜਲ ਨੂੰ ਰੋਟੀ ਵਾਲਾ ਡੱਬਾ ਮੇਜ਼ ਉੱਤੇ ਰੱਖਦਿਆਂ ਪੁੱਛਿਆ।

ਕਾਜਲ ਦੇ ਘਰ ਕੁਝ ਦਿਨਾਂ ਤੋਂ ਖਿੱਚੋ-ਤਾਣ ਚੱਲ ਰਹੀ ਸੀ, ਜਿਸ ਦੀ ਥੋੜ੍ਹੀ ਬਹੁਤ ਸੂਹ ਭਾਗੋ ਨੂੰ ਮਿਲੀ ਸੀ। ਕਾਜਲ ਤੇ ਭਾਗੋ ਇਸ ਦਫ਼ਤਰ ਵਿੱਚ ਬਤੌਰ ਮੁਲਾਜ਼ਮ ਤੇ ਉਸ ਦੀ ਅਧਿਕਾਰੀ ਵਜੋਂ ਕੰਮ ਕਰਦੀਆਂ ਸਨ ਪਰ ਦੋਵੇਂ ਕਾਲਜ ਵਿੱਚ ਇਕੱਠੀਆਂ ਪੜ੍ਹੀਆਂ ਸਨ ਤੇ ਆਪਸ ਵਿੱਚ ਦੋਵੇਂ ਇੱਕ ਦੂਜੇ ਦੀਆਂ ਚੰਗੀਆਂ ਸਹੇਲੀਆਂ ਵੀ ਸਨ। ਇਸ ਲਈ ਜਦੋਂ ਕਾਜਲ ਤੇ ਭਾਗੋ ਆਪਸ ਵਿੱਚ ਗੱਲਬਾਤ ਕਰਦੀਆਂ ਸਨ ਤਾਂ ਉਨ੍ਹਾਂ ਵਿਚਲਾ ਅਫ਼ਸਰ ਤੇ ਮੁਲਾਜ਼ਮ ਵਾਲਾ ਫਰਕ ਖ਼ਤਮ ਹੋ ਜਾਂਦਾ ਸੀ। ਉਂਝ ਕਾਜਲ ਦੂਸਰੇ ਮੁਲਾਜ਼ਮਾਂ ਸਾਹਮਣੇ ਭਾਗੋ ਨੂੰ ਇੱਕ ਅਫ਼ਸਰ ਵਜੋਂ ਹੀ ਮਾਣ-ਸਤਿਕਾਰ ਦਿੰਦੀ ਸੀ। ਇਸ ਦਫ਼ਤਰ ਵਿੱਚ ਕਾਜਲ ਸੀਨੀਅਰ ਸਹਾਇਕ ਹੈ। ਇੱਕ ਕਲਰਕ, ਇੱਕ ਕਲਾਸ ਫੋਰ ਅਤੇ ਇੱਕ ਡਰਾਈਵਰ ਸਮੇਤ ਤਿੰਨ ਮਰਦ ਮੁਲਾਜ਼ਮਾਂ ਤੋਂ ਇਲਾਵਾ ਬਾਕੀ ਸਾਰਾ ਸਟਾਫ਼ ਔਰਤਾਂ ਹੀ ਹਨ।

"ਯਾਰ ਮੈਂ ਤਾਂ ਆਪਣੀ ਡੈਣ ਵਰਗੀ ਸੱਸ ਤੋਂ ਤੰਗ ਆਈ ਪਈ ਆਂ, ਬਾਊ ਜੀ ਤਾਂ ਨਾ ਹੋਇਆਂ ਵਰਗੇ ਈ ਨੇ। ਮੁਨੀਸ਼ ਆਗਿਆਕਾਰੀ ਪੁੱਤ ਬਣ ਕੇ ਮਾਂ ਦੀ ਹਾਂ ਵਿੱਚ ਹਾਂ ਮਿਲਾ ਰਿਹੈ। ਇਸ ਨਿਰਦਈ ਸਮਾਜ ਨੇ ਕਿਸ ਥਾਂ ਲਿਆ ਖੜ੍ਹਾ ਕੀਤਾ ਏ ਮੈਨੂੰ। ਅਜਿਹੀਆਂ ਸੱਸਾਂ ਨੂੰ ਸਿਰਫ਼ ਪੋਤਿਆਂ ਤੋਂ ਮਤਲਬ ਹੁੰਦੈ, ਜੇ ਕਿਤੇ ਪੋਤੀ ਜੰਮ ਪਈ ਤਾਂ ਉਸ ਦੇ ਨਾਲ ਜੰਮਣ ਵਾਲੀ ਦਾ ਵੀ ਬੁਰਾ ਹਾਲ ਕਰ ਛੱਡਦੀਆਂ ਨੇ।" ਕਾਜਲ ਨੇ ਰੋਣਹਾਕੀ ਆਵਾਜ਼ ਵਿੱਚ ਆਪਣੇ ਦਿਲ ਦੀ ਭੜਾਸ ਕੱਢਦਿਆਂ ਦੱਸਿਆ।

ਆਪਣੀ ਸਹੇਲੀ ਦੀ ਪ੍ਰੇਸ਼ਾਨੀ ਸੁਣ ਕੇ ਭਾਗੋ ਨੇ ਕਾਜਲ ਨੂੰ ਕਿਹਾ, "ਦੇਖ ਕਾਜਲ,ਘਰ ਪਰਿਵਾਰ ਵਿੱਚ ਸਾਵਾਂਪਨ ਬਣਾਈ ਰੱਖਣ ਲਈ ਸਾਨੂੰ ਆਪਣੇ ਆਪ ਨੂੰ ਬਦਲਣਾ ਪੈਂਦਾ ਹੈ। ਖਾਸ ਕਰਕੇ ਕੁੜੀਆਂ ਦੀਆਂ ਸਾਰੀਆਂ ਗੱਲਾਂ ਸਹੁਰੇ ਘਰ ਆਪਣੀ ਮਰਜ਼ੀ ਨਾਲ ਨਹੀਂ ਚੱਲਦੀਆਂ। ਮੇਰਾ ਕਹਿਣ ਤੋਂ ਭਾਵ ਹੈ ਕਿ ਐਡਜਸਟ ਕਰਨਾ ਪੈਂਦਾ ਹੈ। ਜੇ ਕੋਈ ਤੁਹਾਡੇ ਵਰਗਾ ਨਹੀਂ ਬਣ ਸਕਦਾ, ਤਾਂ ਤੁਸੀਂ ਉਹਦੇ ਵਰਗੇ ਬਣ ਜਾਓ, ਕੋਈ ਮਸਲਾ ਖੜ੍ਹਾ ਹੀ ਨਹੀਂ ਹੋਵੇਗਾ।"

"ਭਾਗੋ ਬੰਦੀਏ, ਜਿਸ ਤਨ ਲਾਗੇ ਸੋਈ ਜਾਣੇ, ਜਿਸ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ, ਉਸ ਨੂੰ ਸਿਆਣਪਾਂ ਆਪਣੇ ਆਪ ਈ ਆ ਜਾਂਦੀਆਂ ਨੇ। ਤੇਰੇ ਕਹਿਣ ਅਨੁਸਾਰ ਜੇ ਮੈਂ ਉਨ੍ਹਾਂ ਵਰਗੀ ਬਣ ਜਾਵਾਂ ਤਾਂ ਸਾਰੀ ਸਮੱਸਿਆ ਹੱਲ ਹੋ ਜਾਵੇਗੀ ? ਨਹੀਂ ਭੈਣੇ ਇੰਝ ਤਾਂ ਸਗੋਂ ਮੇਰਾ ਘਰ ਜੰਗ ਦਾ ਮੈਦਾਨ ਈ ਬਣ ਜਾਵੇਗਾ। 'ਜਿਸਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ।' ਹੁਣ ਮੇਰੀ ਸੱਸ ਮੈਨੂੰ ਮੱਤਾਂ ਦਿੰਦੀ ਫਿਰ ਰਹੀ ਹੈ। ਤੂੰ ਆਪ ਦੱਸ। ਜੇ ਮੈਂ ਉਨ੍ਹਾਂ ਪਿੱਛੇ ਲੱਗ ਕੇ ਆਪਣੀ ਕੁੱਖ ਵਿੱਚ ਪਲ ਰਹੇ ਬੱਚੇ ਦਾ ਟੈਸਟ ਕਰਾ ਵੀ ਲਵਾਂ ਤਾਂ ਕੁੜੀ ਦਾ ਪਤਾ ਲੱਗਣ 'ਤੇ ਕੀ ਉਹ ਟਿਕ ਕੇ ਬੈਠ ਜਾਣਗੇ ? ਨਹੀਂ, ਮੇਰੀ ਸੱਸ ਮੇਰੀ ਜਾਨ ਉਦੋਂ ਤੱਕ ਨਹੀਂ ਛੱਡੇਗੀ, ਜਦੋਂ ਤੱਕ ਉਹ ਬੱਚੀ ਨੂੰ ਕਢਵਾ ਨਹੀਂ ਦਵੇਗੀ। ਤੂੰ ਖ਼ੁਦ ਸੋਚ ਇਹ ਸਭ ਕਿਵੇਂ ਹੋ ਲੈਣ ਦਿਆਂ ਮੈਂ।" ਇਹ ਗੱਲ ਆਖਦਿਆਂ ਕਾਜਲ ਦਾ ਗੱਚ ਭਰ ਆਇਆ ਤੇ ਉਸ ਦੀਆਂ ਅੱਖਾਂ 'ਚੋਂ ਅਥਰੂ ਵਗ ਤੁਰੇ।

ਭਾਗੋ ਨੂੰ ਪਹਿਲਾਂ ਤਾਂ ਨੂੰਹ-ਸੱਸ ਦੀ ਮਾੜੀ ਮੋਟੀ ਨੋਕ ਝੋਕ ਕਰਕੇ ਹੀ ਕਾਜਲ ਪ੍ਰੇਸ਼ਾਨ ਲੱਗੀ ਸੀ, ਪਰ ਜਦੋਂ ਸੱਸ ਵੱਲੋਂ ਕਾਜਲ ਦੀ ਕੁੱਖ ਵਿੱਚ ਪਲ ਰਹੇ ਬੱਚੇ ਦੀ ਲਿੰਗ ਜਾਂਚ ਕਰਵਾਉਣ ਦੀ ਜ਼ਿੱਦ ਬਾਰੇ ਪਤਾ ਲੱਗਿਆ ਤਾਂ ਉਸ ਨੂੰ ਇਸ ਪ੍ਰੇਸ਼ਾਨੀ ਦੀ ਗੰਭੀਰਤਾ ਅਤੇ ਕਾਜਲ ਦੇ ਡੂੰਘੇ ਦਰਦ ਦਾ ਅੰਦਾਜ਼ਾ ਹੋਇਆ। ਆਖਰ ਇੱਕ ਔਰਤ ਹੋਣ ਨਾਤੇ ਆਪਣੀ ਕੁੱਖ ਵਿੱਚ ਪਲ ਰਹੀ ਧੀ ਨੂੰ ਮਾਰਨ ਦਾ ਜੇਰਾ ਕੋਈ ਕਿਵੇਂ ਕਰ ਸਕਦਾ ਹੈ। ਕਾਜਲ ਦੀ ਪਹਿਲੀ ਧੀ ਵੀ ਵੱਡੇ ਅਪਰੇਸ਼ਨ ਨਾਲ ਹੋਈ ਸੀ। ਉਸ ਵੇਲੇ ਧੀ ਜੰਮੀ 'ਤੇ ਕਾਜਲ ਦੀ ਸੱਸ ਨੇ ਮੂੰਹ ਵੱਟ ਲਿਆ ਸੀ।

"ਕਾਜਲ, ਤੇਰੀ ਕੋਠੀ ਦਾਣਿਆਂ ਤੋਂ ਸੱਖਣੀ ਨਹੀਂ ਅੜੀਏ। ਜੇ ਤੇਰੇ ਵਰਗੀ ਪੜ੍ਹੀ-ਲਿਖੀ ਔਰਤ ਨੂੰ ਇੱਕ ਜ਼ਿੱਦੀ ਸੱਸ ਨੇ ਇੰਜ ਪ੍ਰੇਸ਼ਾਨ ਕੀਤਾ ਹੋਇਆ ਹੈ ਤਾਂ ਉਨ੍ਹਾਂ ਬਾਰੇ ਸੋਚ, ਜੋ ਹਰ ਚੀਜ਼ ਲਈ ਸਹੁਰੇ ਪਰਿਵਾਰ ਦੀਆਂ ਮੁਥਾਜ ਹੁੰਦੀਆਂ ਨੇ।" ਭਾਗੋ ਨੇ ਕਾਜਲ ਨੂੰ ਜੱਫੀ ਵਿੱਚ ਲੈ ਕੇ ਪਲੋਸਦਿਆਂ ਕਿਹਾ।

ਕਾਜਲ ਅਤੇ ਭਾਗੋ ਕਾਲਜ ਦੇ ਪਹਿਲੇ ਸਾਲ ਵਿੱਚ ਮਿਲੀਆਂ ਸਨ, ਜਿਸ ਮਗਰੋਂ ਦੋਵਾਂ ਦੀ ਦੋਸਤੀ ਅੱਜ ਤੱਕ ਹਰ ਦਿਨ ਹੋਰ ਗੂੜ੍ਹੀ ਹੁੰਦੀ ਆਈ। ਕਾਜਲ ਸ਼ਹਿਰ ਵਿੱਚ ਹੀ ਜੰਮੀ-ਪਲੀ ਹੈ ਤੇ ਉਸ ਦਾ ਵਿਆਹ ਵੀ ਸ਼ਹਿਰ ਵਿੱਚ ਹੀ ਹੋਇਆ। ਇਸ ਦੇ ਉਲਟ ਭਾਗੋ ਪਿੰਡ ਦੀ ਜੰਮਪਲ ਹੈ ਤੇ ਉਸ ਦਾ ਪਤੀ ਵੀ ਪਿੰਡ ਦਾ ਹੀ ਹੈ। ਦੋਵਾਂ ਦੀ ਸਰਕਾਰੀ ਨੌਕਰੀ ਹੋਣ ਕਰਕੇ ਪਰਿਵਾਰ ਦੀ ਸਹਿਮਤੀ ਨਾਲ ਦੋਵਾਂ ਨੇ ਸ਼ਹਿਰ ਵਿੱਚ ਰਹਿਣ ਦਾ ਫ਼ੈਸਲਾ ਲਿਆ। ਭਾਗੋ ਦੇ ਸਹੁਰਾ ਪਰਿਵਾਰ ਨੇ ਕਦੇ ਵੀ ਉਸ 'ਤੇ ਬੇਲੋੜੀ ਰੋਕ-ਟੋਕ ਨਹੀਂ ਸੀ ਲਾਈ।

ਕਾਜਲ ਓਦੋਂ ਤੱਕ ਭਾਗੋ ਦੀ ਬਹੁਤੀ ਵਾਕਫ਼ ਨਹੀਂ ਸੀ। ਦਾਖ਼ਲੇ ਦੌਰਾਨ ਇੱਕ ਦੋ ਵਾਰ ਗੱਲਬਾਤ ਹੋਈ ਸੀ, ਜਿਸ ਮਗਰੋਂ ਦੋਵਾਂ ਦੀ ਜਾਣ-ਪਛਾਣ ਹੋਈ। ਤੇ ਫਿਰ ਦੋਵਾਂ ਦੀ ਦੋਸਤੀ ਇੱਕ ਘਟਨਾ ਤੋਂ ਸ਼ੁਰੂ ਹੋਈ ਸੀ। ਬੀ ਏ ਦੇ ਪਹਿਲੇ ਸਾਲ ਵਿੱਚ ਦਾਖ਼ਲਾ ਲੈਣ ਤੋਂ ਬਾਅਦ ਦੋਵਾਂ ਦਾ ਕਾਲਜ ਵਿੱਚ ਪਹਿਲਾ ਦਿਨ ਸੀ। ਜਿਵੇਂ ਅਕਸਰ ਕਾਲਜਾਂ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਰੈਗਿੰਗ ਦੇ ਨਾਂ 'ਤੇ ਪੁਰਾਣੇ ਵਿਦਿਆਰਥੀ ਤੰਗ ਪ੍ਰੇਸ਼ਾਨ ਕਰਦੇ ਹਨ ਤੇ ਤਾਅਨੇ ਸੁਣਾ ਕੇ ਫਬਤੀਆਂ ਵੀ ਵੀ ਕੱਸਦੇ ਹਨ। ਇਨ੍ਹਾਂ ਨਾਲ ਵੀ ਏਦਾਂ ਈ ਹੋਇਆ। ਕਾਲਜ ਦੇ ਪਹਿਲੇ ਦਿਨ ਕਾਜਲ ਨੇ ਜੀਨ ਦੇ ਨਾਲ ਟੌਪ ਪਹਿਨਿਆ ਹੋਇਆ ਸੀ। ਭਾਗੋ ਲੰਮੀ ਗੁੱਤ ਨਾਲ ਪਹਿਨੇ ਪੰਜਾਬੀ ਸੂਟ ਵਿੱਚ ਫੱਬ ਰਹੀ ਸੀ।

ਦੋਵੇਂ ਇਕੱਠੀਆਂ ਕੌਰੀਡੋਰ ਤੋਂ ਹੋ ਕੇ ਆਪਣੀ ਕਲਾਸ ਵੱਲ ਜਾ ਰਹੀਆਂ ਸਨ। ਇਸ ਮੌਕੇ ਸਾਹਮਣੇ ਖਲੋਤੀ ਤਿੰਨ ਮੁੰਡਿਆਂ ਦੀ ਟੋਲੀ 'ਚੋਂ ਇੱਕ ਮੁੰਡੇ ਨੇ ਉੱਚੀ ਆਵਾਜ਼ ਵਿੱਚ ਕਿਹਾ, "ਬਈ ਆਪਾਂ ਤਾਂ ਭੁੱਲੇ ਈ ਬੈਠੇ ਸੀ, ਪੰਜਾਬ ਵਿੱਚ ਹਾਲੇ ਵੀ ਹੀਰਾਂ ਜੰਮਦੀਆਂ ਨੇ!"

ਆਵਾਜ਼ ਸੁਣਦਿਆਂ ਹੀ ਭਾਗੋ ਸਮਝ ਗਈ ਕਿ ਹੀਰ ਕਹਿ ਕੇ ਉਸ ਨੂੰ ਹੀ ਸੁਣਾਇਆ ਗਿਆ ਹੈ। ਉਸ ਕਾਜਲ ਨੂੰ ਰੁਕਣ ਦਾ ਇਸ਼ਾਰਾ ਕੀਤਾ ਤੇ ਖ਼ੁਦ ਸਿੱਧੀ ਉਨ੍ਹਾਂ ਮੁੰਡਿਆਂ ਵੱਲ ਹੋ ਤੁਰੀ। "ਤੁਹਾਡੇ ਵਿੱਚੋਂ ਰਾਂਝਾ ਕਿਹੜਾ ਜੰਮ ਪਿਆ ਕੰਜਰੋ।" ਭਾਗੋ ਨੇ ਢਾਕ 'ਤੇ ਹੱਥ ਰੱਖ ਕੇ ਗੁੱਸੇ ਨਾਲ ਉੱਚੀ ਆਵਾਜ਼ ਵਿੱਚ ਕਿਹਾ।

ਇਹ ਮੁੰਡੇ ਕਾਫ਼ੀ ਸਮੇਂ ਤੋਂ ਇਥੇ ਖੜ੍ਹੇ ਇਹੀ ਕੁਝ ਕਰ ਰਹੇ ਸਨ। ਜੇ ਕੋਈ ਲੜਕੀ ਇਨ੍ਹਾਂ ਨੂੰ ਕੋਈ ਪ੍ਰਤੀਕਰਮ ਨਾ ਦਿੰਦੀ ਤਾਂ ਇਹ ਉਸ ਨੂੰ ਹੋਰ ਪ੍ਰੇਸ਼ਾਨ ਕਰਦੇ। ਮੁੰਡਿਆਂ ਨਾਲ ਹੋਰ ਵੀ ਮਾੜਾ ਵਤੀਰਾ ਸੀ। ਵੈਸੇ ਜ਼ਿਆਦਾਤਰ ਪੁਰਾਣੀਆਂ ਵਿਦਿਆਰਥਣਾਂ ਨਵੀਆਂ ਆਈਆਂ ਵਿਦਿਆਰਥਣਾਂ ਨੂੰ ਤੰਗ ਕਰਦੀਆਂ ਸਨ, ਪਰ ਮੁੰਡਿਆਂ ਦੀ ਇਹ ਟੋਲੀ ਵੀ ਲੜਕੀਆਂ ਨੂੰ ਆਪਣਾ ਨਿਸ਼ਾਨਾ ਬਣਾ ਰਹੀ ਸੀ। ਇਨ੍ਹਾਂ ਨੂੰ ਆਸ ਨਹੀਂ ਸੀ ਕਿ ਭਾਗੋ ਇੰਜ ਗੁੱਸੇ ਵਿੱਚ ਉਨ੍ਹਾਂ ਦੇ ਸਾਹਮਣੇ ਆ ਖਲੋਵੇਗੀ। ਭਾਗੋ ਦੇ ਇਸ ਨਿਡੱਰ ਵਿਵਹਾਰ ਨਾਲ ਇੱਕ ਵਾਰ ਤਾਂ ਉਹ ਸਾਰੇ ਹੀ ਠਠੰਬਰ ਗਏ ਤੇ ਇੱਕ ਦੂਜੇ ਵੱਲ ਝਾਕਣ ਲੱਗੇ।

ਇੰਨੇ ਨੂੰ ਇੱਕ ਲੜਕੇ ਨੇ ਫ਼ਿਲਮੀ ਅੰਦਾਜ਼ ਵਿੱਚ ਸਿਰ ਥੋੜ੍ਹਾ ਅੱਗੇ ਵੱਲ ਝੁਕਾ ਕੇ ਆਪਣਾ ਸੱਜਾ ਹੱਥ ਛਾਤੀ 'ਤੇ ਰੱਖਦਿਆਂ ਆਖਿਆ, "ਜੇ ਤੁਸੀਂ ਵਾਕਿਆ ਈ ਖ਼ੁਦ ਨੂੰ ਹੀਰ ਮੰਨਦੇ ਓ ਤਾਂ ਨਾਚੀਜ਼ ਨੂੰ ਰਾਂਝਾ ਸਮਝ ਲਓ, ਪਰ ਸੱਚੀ ਗੱਲ ਜੇ ਆਪਣੇ ਤੋਂ ਮੱਝਾਂ ਨ੍ਹੀਂ ਜੇ ਚਾਰੀਆਂ ਜਾਣੀਆਂ!" ਉਸ ਦੇ ਨਾਲ ਖੜ੍ਹੇ ਹੋਰ ਮੁੰਡੇ ਵੀ ਖੀਂ ਖੀਂ ਕਰ ਕੇ ਹੱਸ ਪਏ।

"ਫਿਰ ਕਾਕਾ ਤੈਨੂੰ ਇਹ ਨ੍ਹੀਂ ਪਤਾ ਕਿ ਪੰਜਾਬ ਵਿੱਚ ਸਿਰਫ਼ ਹੀਰਾਂ ਈ ਨ੍ਹੀਂ, ਭਾਗੋਆਂ ਵੀ ਜੰਮਦੀਆਂ ਨੇ।" ਇਹ ਆਖਦਿਆਂ ਭਾਗੋ ਨੇ ਸਾਹਮਣੇ ਖੜ੍ਹੇ ਲੜਕੇ ਦੇ ਮੂੰਹ 'ਤੇ ਥੱਪੜ ਜੜ ਦਿੱਤਾ। ਇਸ ਅਣਕਿਆਸੇ ਥੱਪੜ ਨਾਲ ਮੁੰਡਾ ਬੌਂਦਲ ਹੀ ਗਿਆ। ਦੁੱਧ ਮੱਖਣਾਂ ਨਾਲ ਪਲੀ ਕੁੜੀ ਨੇ ਮੁੰਡੇ ਨੂੰ ਸੰਭਲਣ ਦਾ ਮੌਕਾ ਹੀ ਨਾ ਦਿੱਤਾ ਤੇ ਗਲਮੇ ਤੋਂ ਫੜਿਆ ਤੇ ਉਸ ਦੀ ਦੂਜੀ ਗੱਲ੍ਹ 'ਤੇ ਵੀ ਉਂਗਲਾਂ ਛਾਪ ਦਿੱਤੀਆਂ ਤੇ ਇਸ ਰਾਂਝੇ ਦੀ ਹੋਸ਼ ਭੁਲਾ ਦਿੱਤੀ। ਇੱਕ ਪਲ ਲਈ ਉਥੇ ਸੁੰਨ ਛਾ ਗਈ। ਉਸ ਮੁੰਡੇ ਦੇ ਸਾਥੀ ਤਾਂ ਇੰਝ ਗਾਇਬ ਹੋਏ, ਜਿਵੇਂ ਗਧੇ ਦੇ ਸਿਰ ਤੋਂ ਸਿੰਗ ਹੋਇਆ ਕਰਦੇ ਨੇ। ਕੌਰੀਡੋਰ ਵਿੱਚੋਂ ਲੰਘ ਰਹੇ ਹੋਰਨਾਂ ਵਿਦਿਆਰਥੀਆਂ ਨੇ ਵੀ ਇਹ ਭਾਣਾ ਵਾਪਰਦਾ ਦੇਖਿਆ ਤੇ ਸ਼ਾਮ ਤੱਕ ਇਹ ਖ਼ਬਰ ਲਗਪਗ ਹਰ ਵਿਦਿਆਰਥੀ ਦੇ ਮੂੰਹ 'ਤੇ ਸੀ। ਭਾਗੋ ਦੀ ਇਸ ਜੁਰਅੱਤ ਨੇ ਕਾਲਜ ਦੇ ਮੁੰਡਿਆਂ ਨੂੰ ਕੁੜੀਆਂ ਵੱਲ ਕੁਨੱਖੇ ਝਾਕਣੋਂ ਹਟਾ ਦਿੱਤਾ ਸੀ। ਇੱਕ ਹੀ ਜਮਾਤ ਵਿੱਚ ਹੋਣ ਕਰਕੇ ਭਾਗੋ ਤੇ ਕਾਜਲ ਹੌਲੀ ਹੌਲੀ ਪੱਕੀਆਂ ਸਹੇਲੀਆਂ ਬਣ ਗਈਆਂ ਸਨ। ਦੋਵਾਂ ਦੀ ਇਹ ਨੇੜਤਾ ਪਰਿਵਾਰਕ ਸਾਂਝ ਵਿੱਚ ਬਦਲ ਗਈ।

ਪਹਿਲੇ ਦਿਨ ਹੀ ਇੱਕ ਵਿਗੜੇ ਹੋਏ ਮੁੰਡੇ ਨੂੰ ਦੋ ਥੱਪੜ ਜੜਨ ਕਰਕੇ ਭਾਗੋ ਦੀ ਕਾਲਜ ਵਿੱਚ ਬੱਲੇ ਬੱਲੇ ਹੋ ਗਈ ਸੀ। ਭਾਗੋ ਮੱਧਵਰਗੀ ਕਿਸਾਨ ਪਰਿਵਾਰ ਦੀ ਧੀ ਸੀ। ਉਸ ਨੇ ਅੱਗ ਵਾਂਗ ਤਪਦੇ ਪਾਣੀਆਂ ਵਾਲੇ ਕੱਦੂ ਕੀਤੇ ਖੇਤ ਵਿੱਚ ਅਨਪੜ੍ਹ ਮਾਂ ਨੂੰ ਪਿਓ ਨਾਲ ਝੋਨਾ ਲਾਉਂਦਿਆਂ ਤੇ ਭਾਦਰੋਂ ਦੇ ਉਨ੍ਹਾਂ ਚੁਮਾਸਿਆਂ ਵਿੱਚ ਨਦੀਨ ਕੱਢਦਿਆਂ ਵੇਖਿਆ ਸੀ, ਜਿਸ ਤੋਂ ਡਰਦਾ ਜੱਟ ਸਾਧ ਹੋ ਗਿਆ ਸੀ। ਉਸ ਦੀ ਮਾਂ ਨਹੀਂ ਚਾਹੁੰਦੀ ਸੀ ਕਿ ਜੋ ਮੁਸੀਬਤਾਂ ਤੇ ਮਿਹਣੇ ਉਸ ਨੇ ਝੱਲੇ ਹਨ ਅਨਪੜ੍ਹ ਰਹਿ ਕੇ ਉਸ ਦੀਆਂ ਧੀਆਂ ਵੀ ਝੱਲਣ।

ਭਾਗੋ ਦੇ ਪੈਦਾ ਹੋਣ ਤੋਂ ਬਾਅਦ ਉਸ ਦੀ ਦਾਦੀ ਦਾ ਵਤੀਰਾ ਵੀ ਭਾਗੋ ਤੇ ਉਸ ਦੀ ਮਾਂ ਵੱਲ ਕਾਫ਼ੀ ਨਿਰਾਦਰ ਵਾਲਾ ਸੀ। ਭਾਗੋ ਦੀ ਮਾਂ ਤਾਂ ਘਰ ਵਿੱਚ ਸਿਰਫ਼ ਇੱਕ ਨੌਕਰਾਣੀ ਬਣ ਕੇ ਰਹਿ ਗਈ ਸੀ। ਹਾਂ, ਭਾਗੋ ਦੇ ਦਾਦੇ ਨੇ ਜ਼ਰੂਰ ਮੋਹ ਨਾਲ ਪੋਤੀ ਦਾ ਨਾਂ ਭਾਗੋ ਰੱਖ ਦਿੱਤਾ ਸੀ। ਸ਼ਰਾਬ ਪੀ ਕੇ ਰੋਜ਼ ਕਚੀਰਾ ਕਰਦਾ ਪਿਓ ਵੀ ਭਾਗੋ ਨੂੰ ਕਦੇ ਭੁੱਲਿਆ ਨਹੀਂ। ਬੱਚਿਆਂ ਲਈ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੋਏ ਪਿਤਾ ਨੂੰ ਵੇਖ ਕੇ ਬੱਚੀ ਭਾਗੋ ਨੂੰ ਬਾਪ ਨਾਲ ਕੋਈ ਗਿਲਾ ਨਾ ਰਹਿੰਦਾ। ਦਾਦਾ ਜੀ ਕੋਲੋਂ ਸਿੱਖ ਇਤਿਹਾਸ ਵਿੱਚ ਔਰਤਾਂ ਦੀ ਕੁਰਬਾਨੀ ਅਤੇ ਦਲੇਰੀ ਭਰੇ ਪ੍ਰਸੰਗ ਸੁਣ ਕੇ ਭਾਗੋ ਵਿੱਚ ਉਤਸ਼ਾਹ ਅਤੇ ਦਲੇਰੀ ਭਰ ਗਈ ਸੀ। ਇਹੀ ਕਾਰਨ ਹੈ ਕਿ ਭਾਗੋ ਨੇ ਜੀਅ ਜਾਨ ਲਾ ਕੇ ਪੜ੍ਹਾਈ ਕੀਤੀ ਤੇ ਅੱਜ ਇੱਕ ਮਹੱਤਵਪੂਰਨ ਅਹੁਦੇ 'ਤੇ ਲੱਗੀ ਹੋਈ ਸੀ।

ਉਸ ਦੀ ਕੋਸ਼ਿਸ਼ ਸੀ ਕਿ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਿੱਚ ਸੀ ਡੀ ਪੀ ਓ (ਚਾਇਲਡ ਡਿਵੈੱਲਪਮੈਂਟ ਪ੍ਰਾਜੈਕਟ ਅਫ਼ਸਰ) ਹੋਣ ਨਾਤੇ ਉਹ ਸਮਾਜ ਵਿੱਚ ਔਰਤਾਂ ਤੇ ਬੱਚਿਆਂ ਦੀ ਭਲਾਈ ਲਈ ਹਰ ਮੁਮਕਿਨ ਕੰਮ ਕਰ ਸਕੇ।

ਭਾਗੋ ਨੇ ਜਦੋਂ ਦੀ ਇਸ ਮਹਿਕਮੇ ਵਿੱਚ ਜ਼ਿੰਮੇਵਾਰੀ ਸੰਭਾਲੀ ਹੈ ਓਦੋਂ ਤੋਂ ਇਸ ਮਹਿਕਮੇ ਵਿੱਚ ਪਹਿਲਾਂ ਤੋਂ ਚੱਲ ਰਹੀਆਂ ਬੇਨਿਯਮੀਆਂ ਪੂਰੀ ਤਰ੍ਹਾਂ ਬੰਦ ਹੋ ਗਈਆਂ ਸਨ। ਹੁਣ ਕੋਈ ਵੀ ਮੁਲਾਜ਼ਮ ਕਿਸੇ ਲਾਭਪਾਤਰੀ ਦੀ ਬੁਢਾਪਾ ਪੈਨਸ਼ਨ ਨਹੀਂ ਸੀ ਹੜੱਪ ਸਕਦਾ ਤੇ ਨਾ ਹੀ ਕਿਸੇ ਵਿੱਚ ਹਿੰਮਤ ਸੀ ਕਿ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਲਈ ਆਏ ਰਾਸ਼ਨ ਦੇ ਫੰਡ ਵਿੱਚ ਕੋਈ ਹੇਰ-ਫੇਰ ਕਰ ਸਕੇ। ਭਾਗੋ ਸੈਲਫ਼ ਹੈਲਪ ਗਰੁੱਪ ਬਣਾ ਕੇ ਆਪਣੇ ਬਲਾਕ ਵਿੱਚ ਪੈਂਦੇ ਪਿੰਡਾਂ ਦੀਆਂ ਔਰਤਾਂ ਨੂੰ ਆਤਮ-ਨਿਰਭਰ ਬਣਨ ਲਈ ਪ੍ਰੇਰਦੀ ਸੀ। ਉਹ ਹਿੰਸਾ ਦੀਆਂ ਸ਼ਿਕਾਰ ਔਰਤਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਦੇ ਹੱਕ ਵਿੱਚ ਕਾਰਵਾਈ ਕਰਦੀ। ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਮਦਦ ਨਾਲ ਗਰਭਵਤੀ ਔਰਤਾਂ ਅਤੇ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਦੀ ਮਹਿਕਮੇ ਵੱਲੋਂ ਮਦਦ ਕਰਨੀ ਆਪਣਾ ਫ਼ਰਜ਼ ਸਮਝਦੀ।

ਹਰ ਲੋੜਵੰਦ ਦੀ ਅੱਗੇ ਵਧ ਕੇ ਮਦਦ ਕਰਨ ਵਾਲੀ ਭਾਗੋ ਤੋਂ ਆਪਣੀ ਸਹੇਲੀ ਦਾ ਇੰਝ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣਾ ਝੱਲਿਆ ਨਹੀਂ ਸੀ ਜਾ ਰਿਹਾ। ਉਹ ਸਾਰਾ ਦਿਨ ਕਾਜਲ ਬਾਰੇ ਸੋਚਦੀ ਰਹੀ। ਸ਼ਾਮ ਨੂੰ ਛੁੱਟੀ ਮੌਕੇ ਭਾਗੋ ਨੇ ਕਾਜਲ ਨੂੰ ਕਿਹਾ, "ਧਿਆਨ ਨਾਲ ਮੇਰੀ ਗੱਲ ਸੁਣ ਕਾਜਲ, ਭਰੂਣ ਚੈੱਕ ਕਰਵਾਉਣ ਬਾਰੇ ਤਾਂ ਸੋਚਣਾ ਵੀ ਨਹੀਂ। ਇਸ ਹਾਲਤ ਵਿੱਚ ਮੇਰੇ ਹੁੰਦਿਆਂ ਚਿੰਤਾ ਤਾਂ ਬਿਲਕੁਲ ਨਾ ਕਰੀਂ। ਦੁਬਾਰਾ ਆਖੇ ਤਾਂ ਸੱਸ ਨੂੰ ਠੋਕ ਕੇ ਜਵਾਬ ਦੇਵੀਂ ਕਿ ਮੈਂ ਚੈੱਕ ਨਹੀਂ ਕਰਾਉਣਾ।" ਭਾਗੋ ਚਾਹੁੰਦੀ ਸੀ ਕਿ ਕਾਜਲ ਵਿੱਚ ਆਤਮ-ਵਿਸ਼ਵਾਸ ਜਾਗੇ।

ਦੋ ਦਿਨ ਬਾਅਦ ਕਾਜਲ ਨੇ ਭਾਗੋ ਨੂੰ ਦੱਸਿਆ ਕਿ ਉਸ ਆਪਣੀ ਸੱਸ ਅਤੇ ਪਤੀ ਨੂੰ ਅੱਜ ਸਾਫ਼ ਮਨ੍ਹਾਂ ਕਰ ਦਿੱਤਾ ਹੈ ਕਿ ਉਹ ਭਰੂਣ ਚੈੱਕ ਨਹੀਂ ਕਰਵਾਏਗੀ।

ਭਾਗੋ ਕਾਜਲ ਦੀ ਇਸ ਗੱਲ ਤੋਂ ਹੁਣ ਖ਼ੁਸ਼ ਸੀ। ਉਸ ਕਾਜਲ ਨੂੰ ਆਖਿਆ, "ਤੂੰ ਚਿੰਤਾ ਛੱਡ ਤੇ ਬੇਫ਼ਿਕਰੀ ਨਾਲ ਕੰਮ ਕਰ। ਮੈਂ ਸੈਂਟਰ ਚੈੱਕ ਕਰ ਕੇ ਖ਼ੁਦ ਤੇਰੇ ਘਰ ਜਾਵਾਂਗੀ।" ਭਾਗੋ ਨੇ ਡਰਾਈਵਰ ਨੂੰ ਗੱਡੀ ਤਿਆਰ ਕਰਨ ਲਈ ਆਖਿਆ। ਭਾਗੋ ਕਾਜਲ ਦੇ ਘਰ ਜਾ ਰਹੀ ਸੀ। ਗੱਡੀ ਵਿੱਚ ਬੈਠਿਆਂ ਉਸ ਦੇ ਮਨ ਵਿੱਚ ਖ਼ਿਆਲ ਆ ਰਹੇ ਸਨ, "ਇਸ ਸਮਾਜ ਵਿੱਚ ਪੁੱਤਰ ਪ੍ਰਾਪਤੀ ਦੀ ਲਾਲਸਾ ਇਨਸਾਨ ਤੋਂ ਬਹੁਤ ਕੁਝ ਕਰਵਾ ਜਾਂਦੀ ਹੈ। ਧੀ ਜੰਮੇ 'ਤੇ ਖ਼ੁਸ਼ੀ ਮਨਾਉਣ ਦੀ ਥਾਂ ਅਕਸਰ ਹੀ ਲੋਕ 'ਜੇ ਰੱਬ ਕੋਈ ਚੰਗੀ ਚੀਜ਼ ਹੀ ਦੇ ਛੱਡਦਾ' ਆਖਦੇ ਹਨ। ਕੋਈ ਨਵੀਂ ਜੰਮੀ ਬੱਚੀ ਨੂੰ ਆਖਦੈ 'ਹੁਣ ਵੀਰ ਦੀ ਬਾਂਹ ਵੀ ਫੜੀਂ!' ਕਈ ਤਾਂ ਖ਼ੁਦ ਆਪਣੀ ਕੁੱਖ ਚੈੱਕ ਕਰਾਉਣ ਜਾਂਦੀਆਂ ਨੇ। ਗੱਡੀ ਦੀ ਬਰੇਕ ਲੱਗੀ ਤਾਂ ਭਾਗੋ ਦੇ ਵਿਚਾਰਾਂ ਦੀ ਤੰਦ ਟੁੱਟ ਗਈ। ਉਸ ਨੇ ਘਰ ਦੇ ਦਰਵਾਜ਼ੇ ਕੋਲ ਪਹੁੰਚ ਕੇ ਘੰਟੀ ਵਜਾਈ। ਕਾਜਲ ਦੀ ਸੱਸ ਭਾਗੋ ਨੂੰ ਜਾਣਦੀ ਸੀ। ਉਸ ਦਰਵਾਜ਼ੇ 'ਤੇ ਖੜ੍ਹੀ ਭਾਗੋ ਨੂੰ ਵੇਖ ਕਿਹਾ, "ਸ਼ੁਕਰ ਹੈ ਕਿਤੇ ਧੀ ਰਾਣੀ ਨੂੰ ਸਾਡੇ ਘਰ ਦਾ ਰਾਹ ਵੀ ਯਾਦ ਆਇਆ, ਮੈਂ ਕਾਜਲ ਨੂੰ ਕਈ ਵਾਰ ਆਖ ਚੁੱਕੀ ਆਂ ਭਾਗੋ ਕਦੇ ਆਈ ਹੀ ਨਹੀਂ। ਆ ਬੈਠ ਮੇਰੀ ਧੀ।" ਕਾਜਲ ਦੀ ਸੱਸ ਨੇ ਸੋਫ਼ੇ ਦੇ ਕਵਰ ਦੇ ਵੱਟ ਕੱਢਦਿਆਂ ਭਾਗੋ ਨੂੰ ਬੈਠਣ ਲਈ ਕਿਹਾ।

ਭਾਗੋ ਅਜਿਹੀਆਂ ਔਰਤਾਂ ਵਿੱਚ ਰੋਜ਼ਾਨਾ ਵਿਚਰਦੀ ਸੀ ਤੇ ਉਹ ਇਨ੍ਹਾਂ ਚਾਸ਼ਣੀ 'ਚ ਡੁੱਬੇ ਬੋਲਾਂ ਪਿਛਲੀ ਕੁੜੱਤਣ ਨੂੰ ਵੀ ਖ਼ੂਬ ਪਛਾਣਦੀ ਸੀ।

"ਮਾਸੀ ਜੀ, ਹੋਰ ਸੁਣਾਓ ਸਿਹਤ ਕਿਵੇਂ ਆ!" ਭਾਗੋ ਨੇ ਕਾਜਲ ਦੀ ਸੱਸ ਨਾਲ ਗੱਲ ਤੋਰਦਿਆਂ ਕਿਹਾ।

"ਬੱਸ ਧੀਏ, ਸ਼ੁਕਰ ਐ ਮਾਤਾ ਰਾਣੀ ਦਾ। ਮੇਰੀ ਲਾਡੋ ਠੰਢਾ ਪੀਵੇਂਗੀ ਜਾਂ ਚਾਹ।" ਆਖਦੀ ਉਹ ਭਾਗੋ ਦਾ ਪ੍ਰਤੀਕਰਮ ਲੈਣ ਲਈ ਚੁੱਪ ਹੋ ਗਈ।

"ਜੋ ਮਰਜ਼ੀ ਲੈ ਆਓ, ਆਪਣਾ ਈ ਘਰ ਆ।"

ਬੇਸ਼ੱਕ ਭਾਗੋ ਨੂੰ ਮਾਤਾ ਦੇ ਫਫੜੇ ਚੰਗੇ ਨਹੀਂ ਲੱਗ ਰਹੇ ਸਨ ਪਰ ਬੈਠ ਕੇ ਕੁਝ ਦੇਰ ਗੱਲਬਾਤ ਕਰਨ ਲਈ ਕੁਝ ਤਾਂ ਲੈਣਾ ਹੀ ਪੈਣਾ ਸੀ।

ਮਾਤਾ ਵੱਲੋਂ ਲਿਆਂਦੇ ਠੰਢੇ ਦੀ ਘੁੱਟ ਭਰਦਿਆਂ ਭਾਗੋ ਨੇ ਗਿਲਾਸ ਮੇਜ਼ 'ਤੇ ਰੱਖਿਆ ਤੇ ਅਸਲ ਮੁੱਦੇ ਵੱਲ ਆਉਂਦਿਆਂ ਕਿਹਾ, "ਮਾਸੀ ਜੀ, ਕਾਜਲ ਨੂੰ ਭਰੂਣ ਚੈੱਕ ਕਰਾਉਣ ਲਈ ਮਜਬੂਰ ਕਿਉਂ ਕਰ ਰਹੇ ਜੇ?"

ਕੁੜੀ ਦੇ ਅਣਕਿਆਸੇ ਸੁਆਲ ਨੇ ਮਾਤਾ ਨੂੰ ਭੁਆਟਣੀ ਦੇ ਦਿੱਤੀ। "ਧ... ਧੀਏ, ਮ..ਮ..ਮੈਂ ਤਾਂ ਸੋਚਦੀ ਸੀ ਕਿ ਅਣਸ ਤੋਰਨ ਲਈ ਇੱਕ ਪੁੱਤਰ ਵੀ ਤਾਂ ਹੋਣਾ ਚਾਹੀਦਾ ਹੈ!"

"ਵੇਖੋ ਮਾਸੀ ਜੀ, ਏਹ ਸਭ ਦਕੀਆਨੂਸੀ ਗੱਲਾਂ ਨੇ, ਕਾਜਲ ਤੁਹਾਡੇ ਪੁੱਤਰ ਨਾਲੋਂ ਕਿਹੜੀ ਗੱਲੋਂ ਘੱਟ ਐ ਭਲਾ! ਸਾਲ ਵਿੱਚ ਦੋ ਵਾਰ ਜਿਹੜੀਆਂ ਅਸੀਂ ਕੰਜਕਾਂ ਪੂਜਦੇ ਹਾਂ ਕੀ ਉਹ ਡਰਾਮਾ ਈ ਹੁੰਦਾ ਹੈ? ਪੂਰੀ ਦੁਨੀਆ ਵਿੱਚ ਮਸ਼ਹੂਰ ਹੋਣ ਵਾਲੀ ਕਲਪਨਾ ਚਾਵਲਾ ਕੁੜੀ ਨ੍ਹੀਂ ਸੀ? ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਅੱਜਕੱਲ੍ਹ ਭਰੂਣ ਦੀ ਜਾਣਕਾਰੀ ਦੇਣਾ ਅਤੇ ਲੈਣਾ ਕਨੂੰਨੀ ਜੁਰਮ ਹੈ। ਤੁਸੀਂ ਤਾਂ ਕੀ ਕਾਜਲ ਖ਼ੁਦ ਚਾਹ ਕੇ ਵੀ ਅਜਿਹਾ ਗ਼ੈਰ-ਕਾਨੂੰਨੀ ਕੰਮ ਨਹੀਂ ਕਰ ਸਕਦੀ। ਹਾਂ, ਜੇ ਕੋਈ ਇਹ ਗ਼ਲਤੀ ਕਰਦਾ ਹੈ ਤਾਂ ਸਲਾਖਾਂ ਦੇ ਪਿੱਛੇ ਜਾਂਦਾ ਹੈ ਕਿਉਂਕਿ ਹਰੇਕ ਗਰਭਵਤੀ ਔਰਤ ਦੇ ਭਰੂਣ ਦਾ ਰਿਕਾਰਡ ਆਨਲਾਈਨ ਸੁਰੱਖਿਅਤ ਹੁੰਦਾ ਹੈ। ਗ਼ਲਤੀ ਕਰ ਕੇ ਜੇਲ੍ਹ ਜਾਣਾ ਹੈ ਜਾਂ ਕਾਜਲ ਦੀ ਚੰਗੀ ਦੇਖਭਾਲ ਕਰਨੀ ਹੈ, ਫ਼ੈਸਲਾ ਤੁਹਾਡੇ ਹੱਥ ਹੈ।" ਇੰਨੀ ਗੱਲ ਆਖਦਿਆਂ ਭਾਗੋ ਉੱਠ ਖਲੋਤੀ।

ਕਾਜਲ ਦੀ ਸੱਸ ਭਾਗੋ ਦੀ ਗੱਲ ਸੁਣ ਕੇ ਸੁੰਨ ਹੀ ਹੋ ਗਈ ਸੀ। ਇਸ ਮਗਰੋਂ ਉਸ 'ਚ ਹਿੰਮਤ ਨਹੀਂ ਸੀ ਕਿ ਕਾਜਲ ਨੂੰ ਭਰੂਣ ਚੈੱਕ ਕਰਵਾਉਣ ਲਈ ਮੁੜ ਪ੍ਰੇਸ਼ਾਨ ਕਰਦੀ। ਕਾਜਲ ਨੇ ਬੱਚੇ ਦੇ ਜਨਮ ਤੋਂ ਦੋ ਮਹੀਨੇ ਪਹਿਲਾਂ ਜਣੇਪਾ ਛੁੱਟੀ ਲੈ ਲਈ। ਭਾਗੋ ਗਾਹੇ-ਬਗਾਹੇ ਸਮਾਂ ਕੱਢ ਕੇ ਕਾਜਲ ਦਾ ਪਤਾ ਵੀ ਲੈਂਦੀ ਰਹੀ।

ਇੱਕ ਦਿਨ ਦਫ਼ਤਰ ਖੁੱਲ੍ਹਣ ਤੋਂ ਬਾਅਦ ਜਲਦੀ ਹੀ ਕਾਜਲ ਦਾ ਪਤੀ ਮੁਨੀਸ਼ ਮਠਿਆਈ ਦਾ ਡੱਬਾ ਫੜੀ ਦਫ਼ਤਰ ਦਾਖਲ ਹੋਇਆ। ਭਾਗੋ ਨੂੰ ਡੱਬਾ ਫੜਾਉਂਦਿਆਂ ਮੁਸਕਰਾ ਕੇ ਬੋਲਿਆ, "ਮੁੰਡੇ ਦੀ ਮਾਸੀ ਜੀ ਨੂੰ ਵਧਾਈਆਂ।"

"ਕਦੋਂ ਹੋਇਆ ਬੱਚਾ, ਘਰ ਜਾਂ ਹਸਪਤਾਲ, ਮਾਂ ਪੁੱਤ ਠੀਕ-ਠਾਕ ਹਨ! ਡਲਿਵਰੀ ਨਾਰਮਲ ਹੋਈ ਜਾਂ..?" ਭਾਗੋ ਨੇ ਕਈ ਸੁਆਲ ਕਰ ਦਿੱਤੇ ਕਿਉਂਕਿ ਕਾਜਲ ਦਾ ਪਹਿਲਾਂ ਵੀ ਵੱਡਾ ਉਪਰੇਸ਼ਨ ਹੋਇਆ ਹੋਣ ਕਰ ਕੇ ਉਸ ਨੂੰ ਚਿੰਤਾ ਸੀ।

"ਹਾਂ ਜੀ, ਬਿਲਕੁਲ ਠੀਕ-ਠਾਕ ਨੇ, ਸਰਕਾਰੀ ਹਸਪਤਾਲ ਵਿੱਚ ਨਾਰਮਲ ਹੀ ਹੋਇਆ ਹੈ।" ਮੁਨੀਸ਼ ਹੱਥ ਜੋੜੀ ਖਲੋਤਾ ਸੀ।

"ਬੈਠੋ ਤੁਸੀਂ ਖੜ੍ਹੇ ਕਿਉਂ ਹੋ?, ਡਰਾਈਵਰ ਪਹੁੰਚਣ ਵਾਲਾ ਹੈ ਆਪਾਂ ਹੁਣੇ ਹਸਪਤਾਲ ਚੱਲਦੇ ਹਾਂ।" ਖ਼ੁਸ਼ੀ ਭਰੀ ਖ਼ਬਰ ਸੁਣ ਕੇ ਭਾਗੋ ਦੇ ਚਿਹਰੇ ਤੋਂ ਖ਼ੁਸ਼ੀ ਡੁੱਲ੍ਹ-ਡੁੱਲ੍ਹ ਪੈ ਰਹੀ ਸੀ। ਕਾਜਲ ਨੇ ਆਪਣਾ ਜ਼ਰੂਰੀ ਕੰਮ ਸਮੇਟਿਆ ਤੇ ਕਾਜਲ ਨੂੰ ਮਿਲਣ ਹਸਪਤਾਲ ਚਲੀ ਗਈ।

"ਮਾਸੀ ਜੀ, ਦਾਦੀ ਨੂੰ ਪੋਤੇ ਦੀਆਂ ਢੇਰ ਸਾਰੀਆਂ ਵਧਾਈਆਂ। ਵੇਖ ਲਓ ਮਾਸੀ ਜੀ ਕੁਦਰਤ ਨੇ ਖ਼ੁਦ ਹੀ ਨਿੱਕੀ ਭੈਣ ਨਾਲ ਖੇਡਣ ਲਈ ਵੀਰ ਭੇਜ ਦਿੱਤਾ।" ਕਾਜਲ ਨੂੰ ਮਿਲਣ ਮਗਰੋਂ ਭਾਗੋ ਨੇ ਉਸ ਦੀ ਸੱਸ ਵੱਲ ਵਧਦਿਆਂ ਕਿਹਾ। ਕਾਜਲ ਦੀ ਸੱਸ ਨੇ ਸ਼ਰਮਿੰਦਾ ਹੁੰਦਿਆਂ ਭਾਗੋ ਨੂੰ ਗਲ ਲਾਇਆ ਤੇ ਮੁਆਫ਼ੀ ਮੰਗਣ ਵਾਲੇ ਲਹਿਜੇ ਵਿੱਚ ਕਿਹਾ, "ਧੀਏ, ਤੂੰ ਮੈਨੂੰ ਉਦੋਂ ਇੱਕ ਅਜਿਹਾ ਗੁਨਾਹ ਕਰਨ ਤੋਂ ਰੋਕਿਆ ਸੀ, ਜਿਸ ਪਿੱਛੇ ਮੇਰੇ ਰੱਬ ਨੇ ਵੀ ਮੈਨੂੰ ਮੁਆਫ਼ੀ ਨਹੀਂ ਸੀ ਦੇਣੀ। ਮੈਂ ਨਿਕਰਮਣੀ ਉਸ ਦਾਤੇ ਦੀ ਦਿੱਤੀ ਦਾਤ ਤੋਂ ਮੂੰਹ ਮੋੜ ਕੇ ਨਰਕਾਂ ਦੀ ਭਾਗੀ ਬਣ ਰਹੀ ਸੀ। ਤੂੰ ਤਾਂ ਮੈਨੂੰ ਸਿੱਧੇ ਰਾਹ ਪਾਇਆ ਹੈ।" ਕਾਜਲ ਦੀ ਸੱਸ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ।

"ਓ ਚੱਲੋ ਛੱਡੋ ਮਾਸੀ ਜੀ, ਹੁਣ ਤਾਂ ਕਾਜਲ ਤੇ ਉਸ ਦੇ ਬੱਚੇ ਦੀ ਸਿਹਤ ਦਾ ਖ਼ਿਆਲ ਰੱਖੋ ਬਸ।" ਭਾਗੋ ਨੇ ਵੀ ਕਾਜਲ ਦੀ ਸੱਸ ਨੂੰ ਜੱਫੀ ਵਿੱਚ ਲੈ ਲਿਆ। ਭਾਗੋ ਨੇ ਕਾਜਲ ਦੇ ਸਿਰ 'ਤੇ ਹੱਥ ਰੱਖਦਿਆਂ ਕਿਹਾ, "ਕਿਸੇ ਨਾਲ ਧੱਕਾ ਕਰਨਾ ਸਹੀ ਨਹੀਂ, ਪਰ ਖ਼ੁਦ ਨਾਲ ਧੱਕਾ ਜਰਨਾ ਵੀ ਓਨਾ ਹੀ ਗ਼ਲਤ ਹੁੰਦੈ। ਵਾਅਦਾ ਕਰ ਕਿ ਤੂੰ ਆਪਣੀ ਧੀ ਨਾਲ ਕਦੇ ਧੱਕਾ ਨਹੀਂ ਹੋਣ ਦੇਵੇਂਗੀ।" ਕਾਜਲ ਨੇ ਭਾਗੋ ਦਾ ਹੱਥ ਆਪਣੇ ਹੱਥਾਂ ਵਿੱਚ ਲੈ ਕੇ ਹਾਂ ਵਿੱਚ ਸਿਰ ਹਿਲਾਇਆ। ਸਹੇਲੀ ਦੇ ਬੱਚੇ ਨੂੰ ਗੋਦੀ ਵਿੱਚ ਲੈ ਕੇ ਭਾਗੋ ਕਿੰਨਾ ਹੀ ਚਿਰ ਲੋਰੀਆਂ ਗਾਉਂਦੀ ਰਹੀ।

# ਕਾਵਿ ਸੰਸਾਰ

## ਹੋਲੀ ਆਈ

**ਮਾਸਟਰ ਸੰਜੀਵ ਧਰਮਾਣੀ**

ਹੋਲ਼ੀ ਆਈ - ਹੋਲੀ ਆਈ
ਸਭ ਪਾਸੇ ਰੌਣਕ ਹੈ ਆਈ ,
ਮੌਸਮ ਲੱਗੇ ਸਭ ਨੂੰ ਸੋਹਣਾ
ਆਸਮਾਨ ਵੀ ਹੈ ਮਨਮੋਹਣਾ ,
ਪੰਛੀ - ਪਰਿੰਦੇ ਵੀ ਖੁਸ਼ੀ ਮਨਾਵਣ
ਰਲ਼ - ਮਿਲ਼ ਪਰਮਾਤਮਾ ਦੇ ਗੁਣ ਗਾਵਣ ,
ਵੈਰ - ਵਿਰੋਧ ਤੇ ਊਚ - ਨੀਚ ਦੀ
ਸਭ ਪਾਸੇ ਮਿੱਟ ਜਾਵੇ ਖਾਈ ,
ਹੋਲੀ ਆਈ - ਹੋਲੀ ਆਈ
ਸਭ ਦੇ ਚਿਹਰੇ 'ਤੇ ਖੁਸ਼ੀ ਲਿਆਈ ,
ਦੇਸ਼ ਦੀ ਖੁਸ਼ਹਾਲੀ ਲਈ ਕੰਮ ਕਰੀਏ
ਮਾਨਵਤਾ ਦੀ ਵੀ ਸਭ ਹਾਮੀ ਭਰੀਏ ,
ਅੰਧ - ਵਿਸ਼ਵਾਸਾਂ ਵਿਰੁੱਧ ਅਲਖ ਜਗਾਈਏ
ਵਾਤਾਵਰਣ ਨੂੰ ਵੀ ਖੁਸ਼ਹਾਲ ਬਣਾਈਏ ,
ਪ੍ਰਦੂਸ਼ਣ ਘਟਾ ਕੇ ਮਨਾਂ ਅੰਦਰਲਾ ਵੀ
ਸਭ ਨੂੰ ਪਿਆਰ - ਸਤਿਕਾਰ ਨਾਲ ਬੁਲਾਈਏ ,
ਭੁਲਾ ਕੇ ਸਭ ਪੁਰਾਣੇ ਗਿਲੇ - ਸ਼ਿਕਵੇ
ਭਾਈਚਾਰਕ ਸਾਂਝ ਵਧਾਈਏ ,
ਆਓ ! ਛੋਟੇ - ਵੱਡੇ ਮਨ - ਮੁਟਾਵਾਂ ਨੂੰ ਭੁਲਾ ਕੇ
ਸਭ ਨਾਲ਼ ਵਿਚਾਰਕ ਸਾਂਝ ਮਿਲ਼ਾਈਏ ,
ਛੋਟੇ - ਵੱਡੇ ਸਭ ਦਾ ਸਤਿਕਾਰ ਕਰਕੇ
ਸੋਹਣਾ ਤੇ ਖੁਸ਼ਹਾਲ ਸਮਾਜ ਬਣਾਈਏ ,
ਕਰਕੇ ਚੰਗੇ - ਪਰਉਪਕਾਰੀ ਕੰਮ ਦੁਨੀਆ ਵਿੱਚ
ਇਨਸਾਨੀਅਤ ਦੇ ਪਹਿਰੇਦਾਰ ਬਣ ਜਾਈਏ ,
ਹਰ ਚੰਗੀ ਸ਼ੁਰੂਆਤ ਖੁਦ ਤੋਂ ਕਰਕੇ
ਦੂਸਰਿਆਂ ਲਈ ਰਾਹ - ਦਸੇਰੇ ਬਣ ਜਾਈਏ ,
ਆਓ ! ਹੋਲੀ ਦਾ ਤਿਓਹਾਰ ਮਨਾਈਏ
ਸਮਾਜ ਤੇ ਦੇਸ਼ ਲਈ ਕੁਝ ਯੋਗਦਾਨ ਪਾਈਏ।



## ਆਦਮਖ਼ੋਰ



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ. 07748772308**

ਕੌਣ ਨੇ ਇਹ ਲੋਕ ਜੋ, ਸ਼ਰਾਫਤੀ ਮਖੌਟੇ ਪਹਿਨ ਕੇ,
ਉਤਰ ਆਏ ਨੇ ਮੈਦਾਨ ਵਿੱਚ, ਮਚਾ ਰਹੇ ਨੇ ਤਹਿਲਕੇ।
ਮੂੰਹਾਂ ਤੋਂ ਉਚਰਨ ਰਾਮ ਰਾਮ, ਛੁਰੀਆਂ ਨੇ ਬਗਲੀਂ ਦੱਬੀਆਂ,
ਉੱਚੀਆਂ ਕੰਧਾਂ ਦੇ ਪਿੱਛੇ, ਡਰਾਵਣੇ ਨੇ ਕਹਿਕਹੇ।
ਸ਼ੀਸ਼ੇ ਵੀ ਸ਼ਰਮਸਾਰ ਨੇ, ਕਰੂਪਤਾ ਨੂੰ ਦੇਖ ਦੇਖ,
ਤੜਪ ਰਹੇ ਨੇ ਦਿਨ ਬਦਿਨ ਸੁੰਦਰਤਾ ਨੂੰ ਸਹਿਕਦੇ।
ਦਿਲਾ ਨਾ ਲੱਭ ਦਿਲਦਾਰੀਆਂ, ਬੇਦਿਲਾਂ ਦੀ ਭੀੜ ਵਿੱਚ,
ਅਦਾਕਾਰ ਨੇ ਇਰਦ ਗਿਰਦ, ਜੋ ਕਦੀ ਵੀ ਨਹੀਂ ਚਹਿਕਦੇ।
ਜਾਗ ਨਹੀਂ ਸਕਦੇ ਕਦੀ, ਸੁੱਤੇ ਜ਼ਮੀਰਾਂ ਵੇਚ ਕੇ,
ਤੈਨੂੰ ਕੀ ਸਹਾਰਾ ਦੇਣਗੇ, ਜੋ ਹਰ ਕਦਮ ਨੇ ਬਹਿਕਦੇ।
ਕਿਉਂ ਆਦਮੀ ਨੂੰ ਆਦਮੀ ਹੀ, ਖਾ ਰਹੇ ਨੇ ਦਿਨੇ ਰਾਤ,
ਰੱਤ ਦੇ ਸੋਹਲੇ ਗਾ ਰਹੇ ਨੇ, ਬੇ ਸੁਰੀਲੀ ਬਹਿਰ ਦੇ।
ਕਦੀ ਫਾਂਸੀਆਂ ਸਨ ਸਜ਼ਾਵਾਂ, ਅਜਿਹੇ ਜੁਰਮਾਂ ਦੀਆਂ,
ਅੱਜ ਮੁਜਰਮ ਜਸ਼ਨ ਮਨਾ ਰਹੇ ਨੇ, ਛਲਕਦੇ ਨੇ ਮੈਅਕਦੇ।
ਭਰੇ ਹੋਏ ਬਜ਼ਾਰ ਨੇ, ਵੀਰਾਨੀਆਂ ਦੇ ਸਾਮਾਨ ਨਾਲ,
ਨਹੀਂ ਮਹਿੰਗੇ ਭਾਅ ਵੀ ਮਿਲ ਰਹੇ, ਸਾਮਾਨ ਮਨੁੱਖੀ ਮੈਚ ਦੇ।
ਕੌਣ ਨੇ ਇਹ ਲੋਕ ਜੋ, ਸ਼ਰਾਫਤੀ ਮਖੌਟੇ ਪਹਿਨ ਕੇ,
ਉਤਰ ਆਏ ਨੇ ਮੈਦਾਨ ਵਿੱਚ, ਮਚਾ ਰਹੇ ਨੇ ਤਹਿਲਕੇ।

## ਦੋਸ਼ੀ ਕੌਣ ?

**ਲਖਵਿੰਦਰ ਸਿੰਘ ਬਾਜਵਾ**

ਬੀਜ ਬੀਜ ਕੇ ਕਿਸ ਨਫ਼ਰਤ ਦਾ, ਮਹੁਰਾ ਮਨੀਂ ਉਗਾਇਆ।
ਕਿਹੜਾ ਹੈ ਇਹ ਮਾਨਵਤਾ ਦੇ, ਲਹੂਆਂ ਦਾ ਤਿਰਹਾਇਆ।
ਸੂਰਜ ਕਿਰਨਾਂ ਲੱਜਿਤ ਹੋਈਆਂ, ਦੇ ਕੇ ਉਹਨੂੰ ਗਰਮੀ,
ਚੰਨ ਰਿਸ਼ਮਾਂ ਦੀ ਠੰਢਕ ਦੇ ਕੇ, ਹੋਵੇਗਾ ਪਛਤਾਇਆ।
ਨਿੱਤਰੇ ਨਿਰਮਲ ਜਲ ਦੇ ਅੰਦਰ, ਗਾਦ ਜ਼ਹਿਰ ਕਿਸ ਘੋਲੀ,
ਨਿਰਦੋਸ਼ਾਂ ਦੀ ਜਿੰਦ ਤੇ ਜਿਹੜਾ, ਪਿਆ ਮੌਤ ਦਾ ਸਾਇਆ।
ਇਹ ਤਖ਼ਤਾਂ ਦੇ ਗੰਦੇ ਆਂਡੇ, ਅਮਰ ਕਿਓਂ ਕਰ ਹੋਏ,
ਅਮਰ ਕਥਾ ਦਾ ਪਾਰਵਤੀ ਨੂੰ, ਕਿਸ ਫਿਰ ਪਾਠ ਸੁਣਾਇਆ।
ਮਾਰਨ ਲਈ ਸੰਵੇਦਨ ਮਨ ਚੋਂ, ਫ਼ਿਰਕੂ ਕਾੜ੍ਹ ਦੁਸ਼ਾਂਦਾ,
ਧਰਮ ਕਰਮ ਦਾ ਸ਼ਹਿਦ ਰਲਾ ਕੇ, ਕਿਸਨੇ ਬੈਠ ਪਿਆਇਆ।
ਫਿਰ ਕਿਸ ਅੰਨ੍ਹੇ ਧ੍ਰਿਤਰਾਸ਼ਟਰ, ਬਾਤ ਕਨਕ ਦੀ ਮੰਨੀ,
ਕਿਸ ਰਾਜੇ ਵਿਸ਼ਕੰਨਿਆ ਪਾਲੀ, ਡੱਸਦੀ ਫਿਰੇ ਰਿਆਇਆ।
ਕੀ ਕੇਵਲ ਜੰਨਤ ਹੂਰਾਂ ਦਾ, ਲਾਲਚ ਹੈ ਇਸ ਪਿੱਛੇ ?
ਕਿਸ ਲਾਲਚ ਦੇ ਪਿੱਛੇ ਉਨ੍ਹਾਂ, ਘੋਰ ਉਪੱਦਰ ਚਾਇਆ।
ਕਿਸ ਨੇ ਧਰਤੀ ਮਾਂ ਦਾ ਪੱਲਾ, ਰੰਗਣ ਦੇ ਲਈ ਸੂਹਾ,
ਬੇਦੋਸ਼ਾਂ ਦਾ ਖ਼ੂਨ ਪਵਿੱਤਰ ਕਾਇਰਾਂ ਹੱਥ ਚੁਆਇਆ।
ਪੁੱਛ ਰਿਹਾ ਇੱਕ ਬੇਬਸ ਬੱਚਾ, ਲਾਸ਼ ਪਿਓ ਦੀ ਤੱਕ ਕੇ,
ਆਦਮਖੋਰ ਆਦਮੀ ਕਰ ਕੇ, ਕੀ ਤੇਰੇ ਹੱਥ ਆਇਆ।
ਜੰਨਤ ਨੂੰ ਕਬਜ਼ਾਉਣ ਵਾਸਤੇ, ਮਸਲ ਰਿਹਾ ਜੋ ਬੰਦੇ,
ਕਿਓਂ ਮਹਿਖਾਸੁਰ ਤੇ ਇੰਦਰ ਨੇ, ਖ਼ੂਨੀ ਯੁੱਧ ਮਚਾਇਆ।
ਕਿਓਂ ਅਮਨ ਦੀ ਘੁੱਗੀ ਤਾਈਂ, ਕਾਗ ਸਮੇਂ ਦੇ ਨੋਚਣ,
ਕਿਓਂ ਇਤਿਹਾਸ ਜ਼ੁਲਮ ਦਾ ਜਾਏ, ਮੁੜ ਮੁੜ ਕੇ ਦੁਹਰਾਇਆ।
ਦੋ ਪਲ ਹੰਝੂ ਮਗਰਮੱਛ ਦੇ, ਕੇਰ ਫੇਰ ਚੁੱਪ ਵੱਟਣੀ,
ਇਹ ਕਿਹੜਾ ਪ੍ਰਚਾਉਣੀ ਦਾ ਢੰਗ, ਜੋ ਇਨ੍ਹਾਂ ਅਪਣਾਇਆ।
ਜਦ ਦਾ ਬੰਦਾ ਹਲਕਾ ਹੋਇਆ, ਸੱਤਾ ਦੌਲਤਾਂ ਪਿੱਛੇ,
ਇਹ ਦਹਿਸ਼ਤ ਦਾ ਸ਼ਬਦਕੋਸ਼ ਵਿੱਚ, ਸ਼ਬਦ ਤਦੋਂ ਦਾ ਆਇਆ।
ਜਿੰਨਾ ਚਿਰ ਮਾਨਵ ਦੇ ਮਨ ਚੋਂ, ਫ਼ਿਰਕੂ ਦੈਂਤ ਨਾ ਮਰਦਾ,
ਓਨਾ ਚਿਰ ਨਾ ਹੋਏ ਸੁਰੱਖਿਅਤ, ਜਾਨਾਂ ਦਾ ਸਰਮਾਇਆ।
ਵਹਿਸ਼ਤ ਦਾ ਇਹ ਮਾਰੂ ਡੰਗਰ, ਲੈਂਦਾ ਰਹਿਸੀ ਜਾਨਾਂ,
ਜਿੰਨੀ ਦੇਰ ਬਾਜਵਾ ਇਹਨੂੰ, ਨੱਥ ਕੇ ਨਾ ਬਿਠਲਾਇਆ।

## ਹੋਲੀ ਦਾ ਤਿਉਹਾਰ

**ਮਹਿੰਦਰ ਸਿੰਘ ਮਾਨ**



ਅੱਜ ਹੋਲੀ ਦਾ ਤਿਉਹਾਰ ਹੈ ਆਇਆ,
ਕੱਠੇ ਹੋ ਕੇ ਇਸ ਨੂੰ ਆਉ ਮਨਾਈਏ।
ਅੱਜ ਕੱਲ੍ਹ ਕੱਪੜੇ ਮਹਿੰਗੇ ਬਹੁਤ ਨੇ,
ਲਾਹ ਇਨ੍ਹਾਂ ਨੂੰ, ਪੁਰਾਣੇ ਕੱਪੜੇ ਪਾਈਏ।
ਆਉ ਕੱਠੇ ਹੋ ਕੇ ਦੁਕਾਨ 'ਤੇ ਚੱਲੀਏ,
ਉੱਥੋਂ ਪਿਚਕਾਰੀਆਂ ਤੇ ਰੰਗ ਲਿਆਈਏ।
ਲਾਲ, ਹਰਾ ਤੇ ਨੀਲਾ ਰੰਗ ਘੋਲ ਪਾਣੀ 'ਚ,
ਭਰ ਪਿਚਕਾਰੀਆਂ ਇੱਕ, ਦੂਜੇ ਤੇ ਪਾਈਏ।
ਜੇ ਕਰ ਕਿਸੇ ਤੇ ਰੰਗ ਜ਼ਿਆਦਾ ਪੈ ਜਾਵੇ,
ਹੱਸ,ਹੱਸ ਕੇ ਉਸ ਦਾ ਗੁੱਸਾ ਘਟਾਈਏ।
ਅਸੀਂ ਸਾਰੇ ਭਾਈ, ਭਾਈ ਹਾਂ ਮਿੱਤਰੋ,
ਸਭ ਤੱਕ ਇਹ ਸੰਦੇਸ਼ ਪਹੁੰਚਾਈਏ।

## ਸੋਸ਼ਲ ਮੀਡੀਆ

**ਸੋਹਣ ਸਿੰਘ ਬਰਨਾਲਾ**

ਆਪਣਾ ਆਪਣਾ ਦੇਖੀ ਜਾਨੈ
ਦੂਜੇ ਨੂੰ ਸਤਿਕਾਰ ਤਾਂ ਦੇ
ਸੋਸ਼ਲ ਮੀਡੀਆ ਸਭ ਕੁਝ ਚਲਦਾ
ਤੂੰ ਆਪਣਾ ਵਿਚਾਰ ਤਾਂ ਦੇ
ਐਵੇਂ ਇਮੋਜੀ ਦੇ ਕੇ ਤੁਰਦੈਂ
ਆਪਣੇ ਸ਼ਬਦ ਦੋ ਚਾਰ ਤਾਂ ਦੇ
ਤੂੰ ਤਾਂ ਕਰਕੇ ਲਾਈਕ ਹੀ ਛੱਡਦਾ
ਵਿਚਾਰ ਦੇ ਬਦਲੇ ਪਿਆਰ ਤਾਂ ਦੇ
ਉੱਠਦੇ ਬੈਠਦੇ ਮੈਂ ਚੈੱਕ ਕਰਦਾ
ਕਵਿਤਾ ਨੂੰ ਕਤਾਰ ਤਾਂ ਦੇ
ਵਧਾਈ ਵਧਾਈ ਹਰ ਕੋਈ ਲਿਖਦਾ
ਪਾਠ ਪੜ੍ਹ ਕੇ, ਕੁਝ ਸਾਰ ਤਾਂ ਦੇ
ਕਿਉਂ ਤੂੰ ਦੇਖ ਕੇ ਅੱਗੇ ਚੱਲਦੈਂ ?
ਗੁੱਸੇ ਗਿੱਲੇ ਨੂੰ ਕੋਈ ਠਾਰ ਤਾਂ ਦੇ
ਐਵੇਂ ਨਜ਼ਰ ਅੰਦਾਜ਼ ਤੂੰ ਕਰਦਾ
ਪਾਇਆ ਮਖੌਟਾ, ਉਤਾਰ ਤਾਂ ਦੇ
ਫੇਰ ਮੈਂ ਸੋਚਾਂ ਉਹ ਦਿਨ ਭਲੇ
ਚਿੱਠੀ ਵਿੱਚ ਜਦ ਜਗ੍ਹਾ ਸੀ ਮੁੱਕਦੀ
ਵਧਾਈਆਂ ਦੇਣ ਦੇ ਮਗਰੋਂ ਵੀ
ਬਜ਼ੁਰਗਾਂ ਦੀ ਗੱਲਬਾਤ ਨਾ ਰੁਕਦੀ
ਹੁਣ ਤੂੰ ਸਮਝ, ਸ਼ੇਅਰ ਕਰੀ ਚੱਲ
ਪੋਸਟ ਨੂੰ ਆਪਣੇ ਪਰਿਵਾਰ ਤਾਂ ਦੇ
ਜੇ ਕੁਝ ਕੰਮ ਦਾ ਇੱਥੇ ਮਿਲਦਾ
ਸੋਹਣ ਦੇ ਨਾਂ ਨੂੰ ਬਜ਼ਾਰ ਤਾਂ ਦੇ

## ਗ਼ਜ਼ਲ

**ਰੋਜ਼ੀ ਸਿੰਘ**

ਉਸ ਦੇ ਮੁੱਖ ਤੋਂ ਨਜ਼ਰ ਹਟਾਉਣਾ ਔਖਾ ਏ,
ਉਸਦੀ ਯਾਦ ਤੋਂ ਬਚ ਕੇ ਆਉਣਾ ਔਖਾ ਏ।
ਉਸ ਦੀ ਗਲੀ 'ਚ ਗੇੜੇ ਭਾਵੇਂ ਲਾ ਆਈਏ,
ਪਰ ਉਸ ਦਾ ਬੂਹਾ ਖੜਕਾਉਣਾ ਔਖਾ ਏ।
ਉਹ ਤਾਂ ਮੇਰੇ ਖ਼ਾਬਾਂ ਦੀ ਸਹਿਜ਼ਾਦੀ ਹੈ ਪਰ,
ਵਿੱਚ ਹਕੀਕਤ ਉਸ ਨੂੰ ਪਾਉਣਾ ਔਖਾ ਏ।
ਸੌਖਾ ਤਾਂ ਨਹੀਂ ਦਿਲ 'ਚੋਂ ਉਸਨੂੰ ਕੱਢ ਦੇਣਾ,
ਪਰ ਚੰਦਰੇ ਦਿਲ ਨੂੰ ਸਮਝਾਉਣਾ ਔਖਾ ਏ।
ਜਿਹੜੇ ਪੱਤਣ ਤਰਦੇ ਉਨ੍ਹਾਂ ਦੇ ਲਈ ਵੀ,
ਨੈਣਾਂ ਦੇ ਵਿੱਚ ਡੁਬਕੀ ਲਾਉਣਾ ਔਖਾ ਏ।
ਉਲਫ਼ਤ ਦੇ ਨੇ ਰਾਗ ਅਵੱਲੇ ਇਨ੍ਹਾਂ ਨੂੰ,
ਦੋਸਤ ਮੇਰੇ ਸੁਰ ਵਿੱਚ ਗਾਉਣਾ ਔਖਾ ਏ।
ਪਿਆਰ ਮੁਹੱਬਤ, ਯਾਰੀ ਪਾਉਣੀ ਸੌਖੀ ਏ,
ਸੱਚਾ ਸੁੱਚਾ ਇਸ਼ਕ ਨਿਭਾਉਣਾ ਔਖਾ ਏ।
* * *

## ਗ਼ਜ਼ਲ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਤੂੰ ਕੀ ਜਾਣੇ, ਪਿਆਰ ਮੈਂ ਕਿੰਨਾ ਕਰਦਾ ਹਾਂ ?
ਤੂੰ ਨਹੀਂ ਜਿੱਤਦੀ, ਮੈਂ ਹੀ ਝੱਲੀਏ ਹਰਦਾ ਹਾਂ।
ਤੇਰੇ ਜਿਸਮ 'ਤੇ, ਜ਼ਖ਼ਮ ਜਦੋਂ ਕੋਈ ਲੱਗ ਜਾਵੇ
ਦਿਲ ਆਪਣੇ 'ਤੇ ਦਰਦ ਉਹਦਾ ਮੈਂ ਜਰਦਾ ਹਾਂ।
ਮੌਤ ਜੇ ਆਵੇ, ਹੱਸ ਕੇ ਸੂਲ਼ੀ ਚੜ੍ਹ ਜਾਵਾਂ।
ਤੇਰੇ ਤੋਂ ਬਸ ਵਿਛੜ ਜਾਣ ਤੋਂ ਡਰਦਾ ਹਾਂ।
ਹੋਰ ਹੋਣਗੇ, ਨਾਮ ਖ਼ੁਦਾ ਦਾ, ਲੈਂਦੇ ਨੇ ਜੋ
ਮੈਂ ਤਾਂ ਹੀਰੇ, ਤੇਰਾ ਹੀ ਦਮ ਭਰਦਾ ਹਾਂ।
ਕਹਿਣ ਸਿਆਣੇ, ਦਿਲਬਰ ਸੱਚਾ ਆਸ਼ਿਕ ਹੈ ਤੂੰ
ਯਾਰ ਜੇ ਡੁੱਬਦੈ, ਮੈਂ ਵੀ ਕਿੱਥੇ ਤਰਦਾ ਹਾਂ ?

## ਗ਼ਜ਼ਲ

**ਬਲਵਿੰਦਰ ਬਾਲਮ ਗੁਰਦਾਸਪੁਰ**

ਨਾ ਕਿਸੇ ਤੋਂ ਜਿਤਦੀ ਨਾ ਹਾਰਦੀ।
ਜ਼ਿੰਦਗੀ ਜਾਂਦੀ ਛਲਾਂਗਾਂ ਮਾਰਦੀ।
ਯੁੱਧ 'ਚ ਵੱਡੇ-ਵੱਡੇ ਯੋਧੇ ਹਰ ਜਾਂਦੇ,
ਧਾਰ ਖੁੰਢੀ ਹੋਵੇ ਜੇ ਤਲਵਾਰ ਦੀ।
ਗਿਆਨ ਵਾਧੂ ਮਗਰ ਸ਼ਿਸ਼ਟਾਚਾਰ ਨਈਂ,
ਬਦਲ ਗਈ ਹੈ ਸੋਚ ਅੱਜ ਮੁਟਿਆਰ ਦੀ।
ਇੱਕ ਛਰਾਟੇ ਨਾਲ ਇਹ ਭੁਰ ਜਾਵਣੀ,
ਸਹੁੰ ਨਾ ਚੁੱਕੀਂ ਰੇਤ ਦੀ ਦੀਵਾਰ ਦੀ।
ਪਿਆਰ ਦੀ ਕਿਸ਼ਤੀ ਨਜ਼ਰ ਆਉਂਦੀ ਨਹੀਂ,
ਸੁੱਕ ਗਈ ਹੈ ਇੱਕ ਨਦੀ ਸਤਿਕਾਰ ਦੀ।
ਨ੍ਹੇਰੀਆਂ ਨਾਲ ਦੋਸਤੀ ਕੀ ਕਰ ਲਈ,
ਦੁਰਦਸ਼ਾ ਕੀ ਹੋ ਗਈ ਕਚਨਾਰ ਦੀ।
ਚੰਨ ਦੀ ਇੱਕ ਰਾਤ ਮੇਰੇ ਨਾਲ ਰਹੀ,
ਨਾ ਗਰਮ ਰੱਖਦੀ ਤੇ ਨਾ ਹੀ ਠਾਰਦੀ।
ਮਿਹਨਤਾਂ ਪਿੱਛੋਂ ਹੀ ਰੰਗਤ ਆ ਰਹੀ,
ਫੁੱਟ ਰਹੀ ਲਾਲੀ ਕਿਵੇਂ ਆਨਾਰ ਦੀ।
ਸ਼ਹਿਰ ਅੰਦਰ ਰੌਸ਼ਨੀ ਹੀ ਰੌਸ਼ਨੀ,
ਜ਼ਿਦ ਜਦੋਂ ਟੁੱਟੀ ਉਹਦੇ ਹੰਕਾਰ ਦੀ।
ਕੌਣ ਕਰਦਾ ਯਾਦ ਜਿਹੜੇ ਤੁਰ ਗਏ,
ਰੀਤ ਚਲਦੀ ਆ ਰਹੀ ਸੰਸਾਰ ਦੀ।
ਬੰਦ ਮੁੱਠੀ ਵਿੱਚ ਭਲਾ ਦੱਸ ਕੀ ਏ ?
ਬੁਝ ਲਵੇਂ ਤਾਂ ਸਾਰੀ ਦੁਨੀਆਂ ਪਿਆਰ ਦੀ।
ਕੌਣ ਲੰਘਿਆ ਆਹਟਾਂ ਵਿੱਚ ਸਿਸਕੀਆਂ,
ਇੱਕ ਮਾਮੂਲੀ ਭਿਣਕ ਹੈ ਦੀਦਾਰ ਦੀ।
ਕੌਣ ਹੈ ਉਹ ਜਿੱਤ ਦਾ ਪ੍ਰਤੀਕ ਹੈ,
ਰਾਹ ਨੁਮਾਈ ਕਰ ਰਿਹਾ ਤਲਵਾਰ ਦੀ।
ਜੀ ਲਵੇ ਦੂਜੇ ਦੇ ਹਿੱਤਾਂ ਵਾਸਤੇ,
ਹੋਂਦ ਬਣਦੀ ਤਾਂ ਹੀ ਇੱਕ ਸਰਦਾਰ ਦੀ।
ਬਾਲਮਾ ਬੇਸ਼ਕ ਜੁਦਾ ਉਹ ਹੋ ਗਿਆ,
ਹੋਂਦ ਜ਼ਖ਼ਮਾਂ ਵਿੱਚ ਰਹੀ ਇਕਰਾਰ ਦੀ।

## ਰੱਬ

**ਦਲਵੀਰ ਕੌਰ**

ਉਹ ਮੈਨੂੰ ਮੇਰੇ ਆਸਰੇ ਛੱਡ-
ਆਪ ਮਰ ਗਿਆ!
ਕੰਨਾਂ ਦੇ ਕਾਂਟੇ -ਚਿਹਰੇ ਦੀ ਰੌਣਕ- ਨਵਾਂ ਸੰਵਾਇਆ
ਉਸ ਦੇ ਰੰਗ ਵਰਗਾ, ਬਦਾਮੀ ਸਲਵਾਰ-ਸੂਟ!
ਤੇ ਆਹ ਗੁਜ਼ਰ ਚੁੱਕੇ ਕੁਝ ਕੁ ਸਾਲੜ!
ਮੇਰੀਆਂ ਵੱਖੀਆਂ - ਪੱਸਲੀਆਂ - ਹਿਰਦੇ 'ਚੋਂ
ਭਾਲਦੇ ਰਹਿੰਦੇ ਨੇ ਉਸ ਨੂੰ!
ਕਿੰਨਾ ਵੱਡਾ ਕਰ ਤੁਰ ਗਿਆ ਉਹ ਮੈਨੂੰ
ਜਿਊਂਦੇ ਜੀਅ!
*******

## ਐਵੇਂ ...

**ਹਰਭਿੰਦਰ ਸਿੰਘ ਸੰਧੂ**

ਵੱਡੀ ਝਾਕ 'ਚ ਛੋਟੀਆਂ ਖ਼ੁਸ਼ੀਆਂ ਗੁਆਈ ਜਾਂਦੇ ਹਾਂ।
ਦੇਖ ਕੇ ਮਹਿਲਾਂ ਨੂੰ ਐਵੇਂ ਕੁੱਲੀਆਂ ਢਾਹੀ ਜਾਂਦੇ ਹਾਂ।
ਜੋ ਹੋਣਾ ਹੈ, ਹੋ ਕੇ ਰਹਿਣਾ, ਲਿਖਤਾਂ ਮਿਟਦੀਆਂ ਨਾ।
ਮੌਤ ਤੋਂ ਡਰ ਕੇ ਬਾਡੀ ਗਾਰਡ ਵਧਾਈ ਜਾਂਦੇ ਹਾਂ।
ਤਕੜਿਆਂ ਨੂੰ ਨਿੱਤ ਮਿਲਦੇ ਹਾਂ ਬੜੇ ਨੀਵੇਂ ਹੋ ਹੋ ਕੇ।
ਮਾੜਾ ਫਤਹਿ ਬੁਲਾਵੇ ਤਾਂ ਮੂੰਹ ਭੁਆਂਈ ਜਾਂਦੇ ਹਾਂ।
ਹੱਕ ਵਿੱਚ ਹੋਵੇ ਗੱਲ ਜੋ ਉਹ ਹੁੱਬ ਕੇ ਦੱਸਦੇ ਹਾਂ,
ਉਂਝ ਲੋਕਾਂ ਤੋਂ ਕਿੰਨਾ ਕੁਝ ਲੁਕਾਈ ਜਾਂਦੇ ਹਾਂ।
ਸੰਧੂਆਂ ਕਿੰਨਾ ਚਾਤਰ ਬੰਦਾ ਤਕਨੀਕ ਨੇ ਕਰ ਦਿੱਤਾ,
ਸੋਹਣੇ ਦਿਸਣ ਲਈ ਕਿੰਨੇ ਫਿਲਟਰ ਲਾਈ ਜਾਂਦੇ ਹਾਂ।

# ਸਤੰਬਰ ਮਹੀਨੇ ਹੋਵੇਗੀ 'ਲੱਦਾਖ ਮੈਰਾਥਨ'

ਨਵੀਂ ਦਿੱਲੀ/ਏ.ਟੀ.ਨਿਊਜ਼: ਵਿਸ਼ਵ ਦੇ ਸਭ ਤੋਂ ਉੱਚਾਈ ਵਾਲੇ ਸਥਾਨ 'ਤੇ ਹੋਣ ਵਾਲੀ ਵੱਕਾਰੀ 'ਲੱਦਾਖ ਮੈਰਾਥਨ' ਇਸ ਸਾਲ 10 ਤੋਂ 13 ਸਤੰਬਰ ਤੱਕ ਆਯੋਜਿਤ ਕੀਤੀ ਜਾਵੇਗੀ। ਆਯੋਜਕਾਂ ਨੇ ਇਸ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਏ.ਆਈ.ਐੱਮ.ਐੱਸ. ਤੋਂ ਪ੍ਰਮਾਣਿਤ ਇਸ ਮੈਰਾਥਨ ਨੂੰ ਦੁਨੀਆ ਦੀ ਸਭ ਤੋਂ ਚੁਣੌਤੀਪੂਰਨ ਦੌੜ ਮੰਨਿਆ ਜਾਂਦਾ ਹੈ।



**ਸਿਲਕ ਰੂਟ ਅਲਟਰਾ ਹੋਵੇਗੀ ਖਿੱਚ ਦਾ ਕੇਂਦਰ**

ਇਸ ਸਾਲ ਦੀ ਮੈਰਾਥਨ ਵਿੱਚ ਸਿਲਕ ਰੂਟ ਅਲਟਰਾ (122 ਕਿਲੋਮੀਟਰ) ਅਤੇ ਖਾਰਦੁੰਗ ਲਾ ਚੈਲੇਂਜਰ ਅਲਟਰਾ ਰੇਸ (72 ਕਿਲੋਮੀਟਰ) ਮੁੱਖ ਖਿੱਚ ਦਾ ਕੇਂਦਰ ਹੋਣਗੇ। ਖਾਰਦੁੰਗ ਲਾ ਵਿੱਚ 17,618 ਫੁੱਟ ਦੀ ਭਾਰੀ ਉਚਾਈ 'ਤੇ ਹੋਣ ਵਾਲੀ ਇਸ ਦੌੜ ਵਿੱਚ ਸਿਰਫ਼ ਉਹੀ ਧਾਵਕ ਹਿੱਸਾ ਲੈ ਸਕਦੇ ਹਨ ਜਿਨ੍ਹਾਂ ਕੋਲ ਪਹਿਲਾਂ ਮੈਰਾਥਨ ਜਾਂ ਅਲਟਰਾ ਮੈਰਾਥਨ ਦਾ ਚੰਗਾ ਤਜਰਬਾ ਹੈ।

**ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ**

ਆਯੋਜਕਾਂ ਅਨੁਸਾਰ, ਇਸ ਮੈਰਾਥਨ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਇੱਛੁਕ ਉਮੀਦਵਾਰ ਅਧਿਕਾਰਤ ਵੈੱਬਸਾਈਟ ਰਾਹੀਂ ਅਪਲਾਈ ਕਰ ਸਕਦੇ ਹਨ। ਇਨ੍ਹਾਂ ਦੋ ਅਲਟਰਾ ਮੈਰਾਥਨਾਂ ਤੋਂ ਇਲਾਵਾ, ਪ੍ਰੋਗਰਾਮ ਵਿੱਚ ਹੋਰ ਦੌੜਾਂ ਵੀ ਸ਼ਾਮਲ ਹਨ:

ਮੈਰਾਥਨ : 42 ਕਿਲੋਮੀਟਰ
ਹਾਫ ਮੈਰਾਥਨ : 21 ਕਿਲੋਮੀਟਰ
ਹੋਰ ਦੌੜਾਂ : 11.2 ਕਿਲੋਮੀਟਰ ਅਤੇ 5 ਕਿਲੋਮੀਟਰ

**10 ਦਿਨ ਪਹਿਲਾਂ ਪਹੁੰਚਣਾ ਹੋਵੇਗਾ ਲਾਜ਼ਮੀ**

ਮੈਰਾਥਨ ਦੇ ਸਖ਼ਤ ਨਿਯਮਾਂ ਅਨੁਸਾਰ, ਸਾਰੇ ਧਾਵਕਾਂ ਲਈ ਉੱਥੋਂ ਦੇ ਵਾਤਾਵਰਣ ਦੇ ਅਨੁਕੂਲ ਹੋਣਾ ਬੇਹੱਦ ਜ਼ਰੂਰੀ ਹੈ। ਅਲਟਰਾ ਮੈਰਾਥਨ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਦੌੜ ਵਾਲੇ ਦਿਨ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਲੇਹ ਪਹੁੰਚਣਾ ਹੋਵੇਗਾ ਤਾਂ ਜੋ ਉਨ੍ਹਾਂ ਦਾ ਸਰੀਰ ਉੱਚਾਈ ਵਾਲੇ ਮੌਸਮ ਅਤੇ ਘੱਟ ਆਕਸੀਜਨ ਦੇ ਅਨੁਕੂਲ ਹੋ ਸਕੇ।

# ਲੰਬੀ ਦੂਰੀ ਦੀ ਦੌੜਾਕ ਪੂਜਾ ਆਤਮਾਰਾਮ 'ਤੇ 3 ਸਾਲ ਦੀ ਪਾਬੰਦੀ ਲਗਾਈ

ਨਵੀਂ ਦਿੱਲੀ/ਏ.ਟੀ.ਨਿਊਜ਼: ਐਥਲੈਟਿਕਸ ਇੰਟੈਗ੍ਰਿਟੀ ਯੂਨਿਟ (ਏ.ਆਈ.ਯੂ.) ਨੇ ਖੁਲਾਸਾ ਕੀਤਾ ਹੈ ਕਿ ਭਾਰਤ ਦੀ ਲੰਬੀ ਦੂਰੀ ਦੀ ਦੌੜਾਕ ਪੂਜਾ ਆਤਮਾਰਾਮ ਪਿਛਲੇ ਸਾਲ ਮੁਕਾਬਲੇ ਦੌਰਾਨ ਹੋਣ ਵਾਲੇ ਡੋਪ ਟੈਸਟ ਤੋਂ ਪਹਿਲਾਂ ਘਬਰਾ ਕੇ ਭੱਜ ਗਈ ਸੀ। ਇਹ ਅਪਰਾਧ ਸਵੀਕਾਰ ਕਰਨ ਤੋਂ ਬਾਅਦ ਉਸ 'ਤੇ 4 ਦੀ ਬਜਾਏ 3 ਸਾਲ ਦੀ ਪਾਬੰਦੀ ਲਾਈ ਗਈ ਹੈ।




30 ਸਾਲਾ ਪੂਜਾ 5000 ਮੀਟਰ ਤੇ 10,000 ਮੀਟਰ ਮੁਕਾਬਲਿਆਂ 'ਚ ਹਿੱਸਾ ਲੈਂਦੀ ਹੈ। ਉਸ ਨੇ 2024 'ਚ ਰਾਜਸਥਾਨ ਵੱਲੋਂ ਇੰਡੀਅਨ ਗ੍ਰਾਂ. ਪ੍ਰੀ.-2 'ਚ ਤੀਜਾ ਸਥਾਨ ਹਾਸਲ ਕੀਤਾ ਸੀ, ਜਿਹੜਾ ਉਸ ਦਾ ਹੁਣ ਤੱਕ ਦਾ ਸਭ ਤੋਂ ਚੰਗਾ ਪ੍ਰਦਰਸ਼ਨ ਹੈ। ਪਿਛਲੇ ਸਾਲ 23 ਨਵੰਬਰ ਨੂੰ ਮੁੰਬਈ 'ਚ ਇੰਡੀਅਨ ਆਇਲ ਡਬਲਯੂ.ਐੱਨ.ਸੀ. ਨੇਵੀ ਹਾਫ ਮੈਰਾਥਨ ਜਿੱਤਣ ਤੋਂ ਬਾਅਦ ਉਸ ਨੂੰ ਡੋਪ ਟੈਸਟ ਲਈ ਚੁਣਿਆ ਗਿਆ ਸੀ।

ਪੂਜਾ ਵਿਰੁੱਧ ਅਨੁਸ਼ਾਸਨੀ ਕਾਰਵਾਈ ਇਸੇ ਸਾਲ 3 ਫਰਵਰੀ ਨੂੰ ਸ਼ੁਰੂ ਕੀਤੀ ਗਈ ਸੀ। ਦੋਸ਼ ਦੀ ਸੂਚਨਾ ਮਿਲਣ ਦੇ ਇਕ ਹਫਤੇ ਦੇ ਅੰਦਰ ਹੀ ਉਸ ਨੇ ਆਪਣੇ ਅਪਰਾਧ ਲਈ ਮੁਆਫੀ ਮੰਗ ਲਈ ਸੀ। ਇਸ ਤੋਂ ਬਾਅਦ ਏ.ਆਈ.ਯੂ. ਨੇ ਉਸ ਦੀ 4 ਸਾਲ ਦੀ ਪਾਬੰਦੀ 'ਚੋਂ ਇਕ ਸਾਲ ਦੀ ਛੋਟ ਦਿੱਤੀ।

# ਕੈਰੋਲੀਨਾ ਮੁਚੋਵਾ ਨੇ ਜਿੱਤਿਆ 'ਕਤਰ ਟੋਟਲ ਐਨਰਜੀਜ਼ ਓਪਨ' ਦਾ ਖ਼ਿਤਾਬ

ਦੋਹਾ/ਏ.ਟੀ.ਨਿਊਜ਼: ਚੈੱਕ ਗਣਰਾਜ ਦੀ ਸਟਾਰ ਟੈਨਿਸ ਖਿਡਾਰਨ ਕੈਰੋਲੀਨਾ ਮੁਚੋਵਾ ਨੇ ਲੰਬੇ ਇੰਤਜ਼ਾਰ ਤੋਂ ਬਾਅਦ ਡਬਲਯੂ.ਟੀ.ਏ. ਟੂਰ 'ਤੇ ਵਾਪਸੀ ਕਰਦਿਆਂ ਕਤਰ ਟੋਟਲ ਐਨਰਜੀਜ਼ ਓਪਨ ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ। ਪਿਛਲੇ ਦਿਨੀਂ ਦੋਹਾ ਵਿੱਚ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਮੁਚੋਵਾ ਨੇ ਕੈਨੇਡਾ ਦੀ ਵਿਕਟੋਰੀਆ ਮਬੋਕੋ ਨੂੰ ਸਿੱਧੇ ਸੈੱਟਾਂ ਵਿੱਚ 6-4, 7-5 ਨਾਲ ਹਰਾ ਕੇ ਜਿੱਤ ਦਰਜ ਕੀਤੀ।



2019 ਵਿੱਚ ਸਿਓਲ ਵਿੱਚ ਆਪਣਾ ਪਹਿਲਾ ਖਿਤਾਬ ਜਿੱਤਣ ਤੋਂ ਬਾਅਦ ਮੁਚੋਵਾ ਲਈ ਇਹ ਦੂਜੀ ਵੱਡੀ ਉਪਲਬਧੀ ਹੈ। ਇਹ ਉਸਦੇ ਕੈਰੀਅਰ ਦਾ ਪਹਿਲਾ ਡਬਲਯੂ.ਟੀ.ਏ. 1000 ਪੱਧਰ ਦਾ ਖਿਤਾਬ ਹੈ। ਇਸ ਜਿੱਤ ਤੋਂ ਬਾਅਦ ਭਾਵੁਕ ਹੁੰਦਿਆਂ 29 ਸਾਲਾ ਮੁਚੋਵਾ ਨੇ ਕਿਹਾ, 'ਮੈਨੂੰ ਕੋਈ ਟੂਰਨਾਮੈਂਟ ਜਿੱਤੇ ਹੋਏ ਕਾਫੀ ਸਮਾਂ ਹੋ ਗਿਆ ਹੈ, ਇਸ ਲਈ ਉਸ ਅਹਿਸਾਸ ਨੂੰ ਦੁਬਾਰਾ ਪਾਉਣਾ ਬਹੁਤ ਵਧੀਆ ਹੈ'। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਉਹ ਚਾਰ ਫਾਈਨਲ ਹਾਰ ਚੁੱਕੀ ਸੀ, ਜਿੱਥੇ ਉਸਦਾ ਸਾਹਮਣਾ ਇਗਾ ਸਵੀਆਟੇਕ ਅਤੇ ਕੋਕੋ ਗੌਫ ਵਰਗੀਆਂ ਦਿੱਗਜ ਖਿਡਾਰਨਾਂ ਨਾਲ ਹੋਇਆ ਸੀ।1 ਘੰਟੇ 34 ਮਿੰਟ ਤੱਕ ਚੱਲੇ ਇਸ ਫਾਈਨਲ ਮੈਚ ਵਿੱਚ ਦੋਵਾਂ ਖਿਡਾਰਨਾਂ ਵਿਚਾਲੇ ਸਖ਼ਤ ਟੱਕਰ ਦੇਖਣ ਨੂੰ ਮਿਲੀ। ਪਹਿਲੇ ਸੈੱਟ ਵਿੱਚ ਦੋਵੇਂ ਖਿਡਾਰਨਾਂ 3-3 ਦੀ ਬਰਾਬਰੀ 'ਤੇ ਸਨ, ਜਿਸ ਤੋਂ ਬਾਅਦ ਮੁਚੋਵਾ ਨੇ 4-3 ਨਾਲ ਬੜ੍ਹਤ ਬਣਾਈ ਅਤੇ ਸੈੱਟ ਆਪਣੇ ਨਾਮ ਕੀਤਾ। ਦੂਜੇ ਸੈੱਟ ਵਿੱਚ ਕੈਨੇਡਾਈ ਖਿਡਾਰਨ ਮਬੋਕੋ ਨੇ ਜ਼ੋਰਦਾਰ ਵਾਪਸੀ ਕਰਦਿਆਂ 4-2 ਦੀ ਬੜ੍ਹਤ ਬਣਾ ਲਈ ਸੀ। ਹਾਲਾਂਕਿ, ਮੁਚੋਵਾ ਨੇ ਆਪਣਾ ਤਜਰਬਾ ਵਰਤਦੇ ਹੋਏ ਤੁਰੰਤ ਵਾਪਸੀ ਕੀਤੀ ਅਤੇ ਸਕੋਰ 4-4 ਦੀ ਬਰਾਬਰੀ 'ਤੇ ਲਿਆਂਦਾ। ਅਖੀਰ ਵਿੱਚ ਮੁਚੋਵਾ ਨੇ 6-5 ਦੇ ਸਕੋਰ 'ਤੇ ਮਬੋਕੋ ਦੀ ਸਰਵਿਸ ਤੋੜ ਕੇ ਖਿਤਾਬ 'ਤੇ ਕਬਜ਼ਾ ਕਰ ਲਿਆ ਮੁਚੋਵਾ ਹੁਣ ਤੱਕ 57 ਤੋਂ ਵੱਧ ਡਬਲਯੂ.ਟੀ.ਏ. 1000 ਮੈਚ ਜਿੱਤ ਚੁੱਕੀ ਹੈ। ਸਿਰਫ਼ ਦੋ ਸਰਗਰਮ ਖਿਡਾਰਨਾਂ, ਸੋਰਾਨਾ ਸਿਸਟੀਆ (13 ਸਾਲ) ਅਤੇ ਵਿਕਟੋਰੀਜਾ ਗੋਲੁਬਿਕ (8 ਸਾਲ) ਨੇ ਆਪਣੇ ਪਹਿਲੇ ਅਤੇ ਦੂਜੇ ਖਿਤਾਬ ਦੇ ਵਿਚਕਾਰ ਮੁਚੋਵਾ ਨਾਲੋਂ ਜ਼ਿਆਦਾ ਇੰਤਜ਼ਾਰ ਕੀਤਾ ਹੈ।

# ਮੁੜ ਰਿੰਗ 'ਚ ਉਤਰਨਗੇ ਸਾਬਕਾ ਵਿਸ਼ਵ ਚੈਂਪੀਅਨ ਫਲਾਇਡ ਮੇਵੇਦਰ

ਲਾਸ ਏਂਜਲਸ/ਏ.ਟੀ.ਨਿਊਜ਼: ਮੁੱਕੇਬਾਜ਼ੀ ਜਗਤ ਦੇ ਦਿੱਗਜ ਖਿਡਾਰੀ ਫਲਾਇਡ ਮੇਵੇਦਰ ਨੇ ਖੇਡ ਪ੍ਰੇਮੀਆਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਪੇਸ਼ੇਵਰ ਮੁੱਕੇਬਾਜ਼ੀ ਵਿੱਚ ਵਾਪਸੀ ਦਾ ਐਲਾਨ ਕਰ ਦਿੱਤਾ ਹੈ। 9 ਸਾਲ ਪਹਿਲਾਂ ਸੰਨਿਆਸ ਲੈਣ ਵਾਲੇ ਮੇਵੇਦਰ ਨੇ ਕਿਹਾ ਹੈ ਕਿ ਉਹ ਇਸ ਸਾਲ ਗਰਮੀਆਂ ਵਿੱਚ ਮੁੜ ਰਿੰਗ ਵਿੱਚ ਉਤਰਨਗੇ।

**49ਵੇਂ ਜਨਮਦਿਨ ਮੌਕੇ ਵੱਡਾ ਫੈਸਲਾ**

ਪਿਛਲੇ ਦਿਨੀਂ 49 ਸਾਲ ਦੇ ਹੋਏ ਮੇਵੇਦਰ ਨੇ ਆਪਣਾ ਆਖਰੀ ਪੇਸ਼ੇਵਰ ਮੁਕਾਬਲਾ ਸਾਲ 2017 ਵਿੱਚ ਖੇਡਿਆ ਸੀ, ਜਦੋਂ ਉਨ੍ਹਾਂ ਨੇ ਕੋਨਰ ਮੈਕਗ੍ਰੇਗਰ ਨੂੰ ਮਾਤ ਦਿੱਤੀ ਸੀ। ਇਸ ਜਿੱਤ ਤੋਂ ਬਾਅਦ ਉਨ੍ਹਾਂ ਨੇ ਆਪਣੇ ਕੈਰੀਅਰ ਵਿੱਚ ਤੀਜੀ ਵਾਰ ਸੰਨਿਆਸ ਦਾ ਐਲਾਨ ਕੀਤਾ ਸੀ, ਪਰ ਹੁਣ ਉਹ ਇੱਕ ਵਾਰ ਫਿਰ ਪ੍ਰਸ਼ੰਸਕਾਂ ਦਾ ਮਨੋਰੰਜਨ ਕਰਨ ਲਈ ਤਿਆਰ ਹਨ।



**50-0 ਦਾ ਸ਼ਾਨਦਾਰ ਰਿਕਾਰਡ**

ਪੰਜ ਵਾਰ ਦੇ ਸਾਬਕਾ ਵਿਸ਼ਵ ਚੈਂਪੀਅਨ ਮੇਵੇਦਰ ਦਾ ਰਿੰਗ ਵਿੱਚ ਹੁਣ ਤੱਕ ਕੋਈ ਵੀ ਮੁਕਾਬਲਾ ਨਹੀਂ ਕਰ ਸਕਿਆ ਹੈ। ਉਨ੍ਹਾਂ ਨੇ ਆਪਣੇ ਕੈਰੀਅਰ ਦੇ ਸਾਰੇ ਪੇਸ਼ੇਵਰ ਮੁਕਾਬਲੇ ਜਿੱਤੇ ਹਨ ਅਤੇ ਉਨ੍ਹਾਂ ਦਾ ਰਿਕਾਰਡ 50-0 (27 ਨਾਕਆਊਟ) ਦਾ ਹੈ। ਸੰਨਿਆਸ ਲੈਣ ਦੇ ਬਾਵਜੂਦ ਉਹ ਲਗਾਤਾਰ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਹਿੱਸਾ ਲੈਂਦੇ ਰਹੇ ਹਨ।

**ਮਾਈਕ ਟਾਇਸਨ ਨਾਲ ਹੋਵੇਗੀ ਟੱਕਰ**

ਮੇਵੇਦਰ ਨੇ ਪਹਿਲਾਂ ਹੀ 59 ਸਾਲਾ ਦਿੱਗਜ ਮੁੱਕੇਬਾਜ਼ ਮਾਈਕ ਟਾਇਸਨ ਦੇ ਖ਼ਿਲਾਫ਼ ਇੱਕ ਪ੍ਰਦਰਸ਼ਨੀ ਮੁਕਾਬਲੇ ਦਾ ਐਲਾਨ ਕੀਤਾ ਹੋਇਆ ਹੈ। ਹਾਲਾਂਕਿ, ਇਸ ਬਹੁ-ਚਰਚਿਤ ਮੁਕਾਬਲੇ ਲਈ ਅਜੇ ਤੱਕ ਸਥਾਨ ਜਾਂ ਟੈਲੀਵਿਜ਼ਨ ਪਾਰਟਨਰ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ।

# ਉਲੰਪਿਕ ਤੇ ਵਿਸ਼ਵ ਚੈਂਪੀਅਨ ਰਿਆਨ ਕ੍ਰਾਊਜ਼ਰ



ਪ੍ਰਿੰ. ਸਰਵਣ ਸਿੰਘ
+1-905-779-1661




ਰਿਆਨ ਕ੍ਰਾਊਜ਼ਰ ਗੋਲ਼ਾ ਸੁੱਟਣ ਦਾ ਉਲੰਪਿਕ ਤੇ ਵਿਸ਼ਵ ਚੈਂਪੀਅਨ ਹੈ। 2021 ਵਿੱਚ ਉਸ ਨੇ 23.37 ਮੀਟਰ ਦੂਰ ਗੋਲ਼ਾ ਸੁੱਟਣ ਦਾ ਵਿਸ਼ਵ ਰਿਕਾਰਡ ਰੱਖਿਆ ਸੀ। ਫਿਰ 2023 'ਚ ਵਿਸ਼ਵ ਰਿਕਾਰਡ 23.56 ਮੀਟਰ ਯਾਨੀ 77 ਫੁੱਟ ਤੋਂ ਵੀ ਟਪਾ ਦਿੱਤਾ! 16 ਪੌਂਡ ਭਾਰੇ ਗੋਲ਼ੇ ਨੂੰ ਇੱਕੋ ਹੱਥ ਨਾਲ ਐਨੀ ਦੂਰ ਸੁੱਟਣ ਦੀ ਇਹ ਅਦੁੱਤੀ ਸੁੱਟ ਹੈ। ਉਸ ਨੇ ਰੀਓ-2016, ਟੋਕੀਓ-2021 ਤੇ ਪੈਰਿਸ-2024 ਦੀਆਂ ਉਲੰਪਿਕ ਖੇਡਾਂ 'ਚੋਂ ਲਗਾਤਾਰ ਤਿੰਨ ਗੋਲਡ ਮੈਡਲ ਜਿੱਤੇ ਹਨ। ਉਮੀਦ ਹੈ 2028 ਦੀ ਚੌਥੀ ਉਲੰਪਿਕਸ ਨੂੰ ਵੀ ਆਪਣੇ ਜੌਹਰ ਦਿਖਾਏਗਾ। ਉਹ ਧਨੰਤਰ ਸ਼ਾਟਪੁੱਟਰ ਹੈ ਜਿਸ ਨੂੰ ਜੈਸੀ ਓਵੇਂਜ਼ ਅਥਲੀਟ ਆਫ਼ ਦਿ ਯੀਅਰ 2021 ਦੇ ਐਵਾਰਡ ਨਾਲ ਸਨਮਾਨਿਆ ਜਾ ਚੁੱਕੈ। ਉਹਦਾ ਕੱਦ 6 ਫੁੱਟ 7 ਇੰਚ ਹੈ ਤੇ ਭਾਰ 145 ਕਿਲੋਗ੍ਰਾਮ। ਉਹਦੀ ਨਿੱਤ ਦੀ ਖੁਰਾਕ 5000 ਕੈਲੋਰੀਆਂ ਹਨ ਜੋ ਉਹ 24 ਘੰਟਿਆਂ 'ਚ 5 ਵਾਰ ਖਾਂਦਾ ਹੈ ਅਥਲੈਟਿਕਸ ਦੇ ਈਵੈਂਟ ਸ਼ਾਟ ਪੁੱਟ ਨੂੰ ਪੰਜਾਬੀ ਵਿੱਚ ਗੋਲ਼ਾ ਸੁੱਟਣਾ ਕਹਿੰਦੇ ਹਨ ਜਿਵੇਂ ਇੱਟ ਸੁੱਟਣਾ, ਪੰਸੇਰੀ ਸੁੱਟਣਾ ਜਾਂ ਦਸੇਰਾ ਸੁੱਟਣਾ। ਅਜਿਹੇ ਦੇਸੀ ਕਰਤਬ ਪੰਜਾਬ ਦੇ ਪਿੰਡਾਂ 'ਚ ਬੜੇ ਮਕਬੂਲ ਰਹੇ ਹਨ। ਮੈਂ ਖ਼ੁਦ ਪਿੰਡ ਦੀ ਰੌੜ ਵਿੱਚ ਇੱਟਾਂ ਵੱਟੇ ਸੁੱਟਦਾ ਗੋਲ਼ਾ ਸੁੱਟਣ ਲੱਗਾ ਸਾਂ ਤੇ ਯੂਨੀਵਰਸਿਟੀ ਦਾ ਚੈਂਪੀਅਨ ਬਣਿਆ ਸਾਂ। ਸ਼ਾਟ ਪੁੱਟ ਈਵੈਂਟ ਵਿੱਚ 16 ਪੌਂਡ ਦੇ ਗੋਲ਼ੇ ਨੂੰ ਮੋਢੇ ਉਤੇ ਧੌਣ ਨਾਲ ਟਿਕਾਅ ਕੇ 7 ਫੁੱਟ ਦੇ ਦਾਇਰੇ 'ਚੋਂ ਘੁੰਮ ਕੇ ਇੱਕੋ ਹੱਥ ਨਾਲ ਸੁੱਟਿਆ ਜਾਂਦਾ ਹੈ। ਕਦੇ ਖੜ੍ਹ ਕੇ, ਕਦੇ ਪੈਰ ਦੀ ਘੜੀਸ ਮਾਰ ਕੇ ਤੇ ਕਦੇ ਘੁੰਮ ਕੇ ਵੀ ਗੋਲਾ ਸੁੱਟਿਆ ਜਾਂਦਾ ਰਿਹੈ। ਗੋਲਾ ਸੁੱਟਣ ਦੇ ਪੈਂਤੜਿਆਂ 'ਚ ਸਮੇਂ ਸਮੇਂ ਤਬਦੀਲੀਆਂ ਆਉਂਦੀਆਂ ਰਹੀਆਂ ਹਨ, ਉਨ੍ਹਾਂ ਦੇ ਪੈਂਤੜੇ ਬਦਲਦੇ ਰਹੇ ਹਨ ਤੇ ਵੱਖੋ ਵੱਖਰੇ ਨਾਂਅ ਪੱਕਦੇ ਰਹੇ ਹਨ। ਰਿਆਨ ਕ੍ਰਾਊਜ਼ਰ 'ਗਲਾਈਡ' ਤੇ 'ਰੋਟੇਸ਼ਨ' ਦੋਹਾਂ ਤਕਨੀਕਾਂ ਨਾਲ ਗੋਲ਼ਾ ਸੁੱਟਦਾ ਹੈ। ਇਸ ਸਟਾਈਲ ਵਿੱਚ ਮੁਹਾਰਤ ਹਾਸਲ ਕਰਨ ਲਈ ਉਸ ਨੇ ਸਖ਼ਤ ਮਿਹਨਤ ਕੀਤੀ ਹੈ।

ਅਕਸਰ ਆਖਿਆ ਜਾਂਦੈ ਕਿ ਸਾਡੇ ਪੁਰਖੇ ਸਾਡੀਆਂ ਅਜੋਕੀਆਂ ਪੀੜ੍ਹੀਆਂ ਤੋਂ ਕਿਤੇ ਤਕੜੇ ਹੁੰਦੇ ਸਨ, ਪਰ ਇਹ ਹਕੀਕਤ ਨਹੀਂ। ਪ੍ਰਤੱਖ ਹਕੀਕਤ ਇਹੋ ਹੈ ਕਿ ਤਾਕਤ ਤੇ ਤਕਨੀਕ ਯਾਨੀ ਜ਼ੋਰ ਤੇ ਜੁਗਤ ਨਾਲ ਨਵੀਆਂ ਪੀੜ੍ਹੀਆਂ ਕਿਤੇ ਵੱਧ ਤਕੜੀਆਂ ਸਾਬਤ ਹੋ ਰਹੀਆਂ ਹਨ। 1896 ਦੀਆਂ ਪਹਿਲੀਆਂ ਉਲੰਪਿਕ ਖੇਡਾਂ 'ਚ ਅਮਰੀਕਾ ਦਾ ਰਾਬਰਟ ਗੈਰਟ 11.22 ਮੀਟਰ ਦੂਰ ਗੋਲਾ ਸੁੱਟ ਕੇ ਉਲੰਪਿਕ ਚੈਂਪੀਅਨ ਬਣ ਗਿਆ ਸੀ। ਫਿਰ ਗੋਲ਼ਾ ਸੁੱਟਣ ਦੀ ਦੂਰੀ ਵਧਦੀ ਵਧਦੀ ਹੁਣ ਏਨੀ ਵਧ ਗਈ ਹੈ ਕਿ ਰਿਆਨ ਕ੍ਰਾਊਜ਼ਰ ਰਾਬਰਟ ਗੈਰਟ ਤੋਂ ਦੁੱਗਣੀ ਦੂਰੀ ਤੋਂ ਵੀ ਵਧ ਗੋਲ਼ਾ ਸੁੱਟੀ ਜਾਂਦਾ ਹੈ! ਨਾਲੇ ਹਾਲੇ ਕਿਹੜਾ ਬਸ ਹੋਈ ਹੈ?

ਇਸ ਵੇਲੇ ਗੋਲ਼ਾ ਸੁੱਟਣ ਦਾ ਵਿਸ਼ਵ ਰਿਕਾਰਡ 23.56 ਮੀਟਰ ਹੈ ਜੋ 2021 ਤੋਂ ਅਮਰੀਕਾ ਦੇ ਰਿਆਨ ਕ੍ਰਾਊਜ਼ਰ ਦੇ ਨਾਂਅ ਹੈ। ਅਫ਼ਰੀਕਾ ਮਹਾਂਦੀਪ ਦਾ ਰਿਕਾਰਡ ਦੱਖਣੀ ਅਫ਼ਰੀਕਾ ਦੇ ਜਨੂਸ ਰੋਬਰਟਸ ਦੇ ਨਾਂ ਹੈ ਜਿਸ ਦੀ ਦੂਰੀ 21.37 ਮੀਟਰ ਹੈ। ਇਸ ਈਵੈਂਟ 'ਚ ਪੰਜਾਬੀ ਸ਼ਾਟਪੁੱਟਰਾਂ ਨੇ ਵੀ ਚੰਗਾ ਨਾਂਅ ਕਮਾਇਆ ਹੈ। ਏਸ਼ੀਆ ਦੇ ਚੈਂਪੀਅਨ ਬਣਦੇ ਰਹੇ ਮਦਨ ਲਾਲ, ਪ੍ਰਦੁੱਮਣ ਸਿੰਘ, ਜੋਗਿੰਦਰ ਸਿੰਘ, ਬਹਾਦਰ ਸਿੰਘ ਤੇ ਤੇਜਿੰਦਰਪਾਲ ਸਿੰਘ ਤੂਰ ਹੋਰੀਂ ਗਿਣਾਏ ਜਾ ਸਕਦੇ ਹਨ। ਇਸ ਵੇਲੇ ਦੁਨੀਆ ਦੀ ਦੋ ਤਿਹਾਈ ਜਨਸੰਖਿਆ ਵਾਲੇ ਏਸ਼ੀਆ ਮਹਾਦੀਪ ਦਾ ਰਿਕਾਰਡ 21.77 ਮੀਟਰ ਹੈ ਜੋ ਮੋਗੇ ਦੇ ਤੇਜਿੰਦਰਪਾਲ ਸਿੰਘ ਤੂਰ ਦੇ ਨਾਂਅ ਹੈ। ਓਸ਼ਨੀਆ ਮਹਾਦੀਪ ਦਾ ਰਿਕਾਰਡ 22.90 ਮੀਟਰ ਨਿਊਜ਼ੀਲੈਂਡ ਦੇ ਟੋਮਸ ਵਾਲਸ਼ ਦੇ ਨਾਂ ਹੈ ਤੇ ਦੱਖਣੀ ਅਮਰੀਕਾ ਮਹਾਦੀਪ ਦਾ ਰਿਕਾਰਡ 22.61 ਮੀਟਰ ਬ੍ਰਾਜ਼ੀਲ ਦੇ ਡਾਰਲਨ ਰੋਮਾਨੀ ਦੇ ਨਾਂ ਹੈ। ਉੱਤਰੀ ਅਮਰੀਕਾ ਮਹਾਂਦੀਪ ਦੇ ਰਿਆਨ ਕ੍ਰਾਊਜ਼ਰ ਨੇ 23.56 ਮੀਟਰ ਦੂਰ ਗੋਲ਼ਾ ਸੁੱਟ ਕੇ ਸਾਰੇ ਮਹਾਦੀਪਾਂ 'ਤੇ ਲੱਤ ਫੇਰ ਰੱਖੀ ਹੈ।

ਰਿਆਨ ਦਾ ਜਨਮ 18 ਦਸੰਬਰ 1992 ਨੂੰ ਅਮਰੀਕਾ ਦੀ ਕੈਲੀਫੋਰਨੀਆ ਨਾਲ ਲੱਗਦੀ ਸਟੇਟ ਓਰੀਗਨ ਦੇ ਸ਼ਹਿਰ ਪੋਰਟਲੈਂਡ ਵਿਖੇ ਹੋਇਆ ਸੀ। ਉਹਦਾ ਬਚਪਨ ਲਾਗਲੇ ਟਾਊਨ ਬੋਰਿੰਗ ਵਿੱਚ ਬੀਤਿਆ। ਉਸ ਨੂੰ ਗੋਲ਼ਾ ਤੇ ਡਿਸਕਸ ਸੁੱਟਣ ਦੀ ਜਾਗ ਆਪਣੇ ਪਰਿਵਾਰ ਵਿੱਚੋਂ ਹੀ ਲੱਗੀ ਸੀ। ਉਹਦੀ ਮਾਂ ਲੀਜ਼ਾ ਤੇ ਪਿਤਾ ਮਿੱਚ ਕ੍ਰਾਊਜ਼ਰ ਦੋਵੇਂ ਨਾਮੀ ਅਥਲੀਟ ਸਨ।

ਉਂਜ ਉਹਦੇ ਅਭਿਆਸ ਵਿੱਚ ਹਰ ਹਫ਼ਤੇ ਤਿੰਨ ਦਿਨ 20 ਤੋਂ 40 ਮੀਟਰ ਦੀਆਂ ਸਪਰਿੰਟਾਂ ਲਾਉਣੀਆਂ ਜ਼ਰੂਰੀ ਸਨ। ਉਹ ਕਈ ਤਰ੍ਹਾਂ ਦੇ ਜੰਪ ਲਾਉਂਦਾ ਤੇ ਪਾਵਰ ਵੇਟ ਟ੍ਰੇਨਿੰਗ ਕਰਦਾ ਹੈ। ਅੰਗਾਂ 'ਚ ਚੁਸਤੀ ਫੁਰਤੀ ਲਿਆਈ ਰੱਖਣ ਲਈ ਦੌੜ ਕੇ ਪੌੜੀਆਂ ਚੜ੍ਹਦਾ ਤੇ ਹਫ਼ਤੇ 'ਚ 5 ਸੈਸ਼ਨ ਪ੍ਰੈਕਟਿਸ ਕਰਦਾ ਹੈ। ਇੱਕ ਸੈਸ਼ਨ ਵਿੱਚ 20 ਤੋਂ 40 ਥਰੋਆਂ ਕਰਦਾ ਹੈ ਜੋ 90 ਮਿੰਟ ਤੋਂ 120 ਮਿੰਟ ਤੱਕ ਹੁੰਦੀਆਂ ਹਨ। ਉਹਦੇ ਕੋਚ ਜੋ ਕਸਰਤਾਂ ਉਹਦੇ ਲਈ ਸਿਰਜਦੇ ਹਨ, ਉਹ ਪੂਰੀਆਂ ਕਰ ਕੇ ਹੀ ਦਮ ਲੈਂਦਾ ਹੈ। ਉਹ ਮਨੋਬਲ ਵਧਾਉਣ ਵਾਲੀਆਂ ਵਿਧੀਆਂ ਵਰਤਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਕਿੰਨੇ ਕੋਨ ਦੀ ਉਚਾਈ ਤੇ ਸੇਧ ਵਿੱਚ ਗੋਲ਼ਾ ਸੁੱਟਣਾ ਹੈ। ਇਹੋ ਕਾਰਨ ਹੈ ਕਿ ਉਸ ਦੀਆਂ ਲਗਭਗ ਸਾਰੀਆਂ ਸੁੱਟਾਂ ਇੱਕ ਖ਼ਾਸ ਕੋਨ ਤੇ ਖ਼ਾਸ ਦੂਰੀ ਤੱਕ ਪੁੱਜਦੀਆਂ ਹਨ। ਉਹਦੀ ਤਾਕਤ, ਤਕਨੀਕ, ਮਨੋਬਲ ਤੇ ਪ੍ਰੈਕਟਿਸ ਦੀ ਲਗਾਤਾਰਤਾ ਨੇ ਉਸ ਨੂੰ ਮਾਡਰਨ ਯੁੱਗ ਦਾ ਮਹਾਨ ਸੁਟਾਵਾ ਬਣਾਇਆ ਹੈ। ਵੇਖਦੇ ਹਾਂ ਉਹ ਸ਼ਾਟ ਪੁੱਟ ਦਾ ਵਿਸ਼ਵ ਹੋਰ ਕਿੰਨੀ ਬੁਲੰਦੀ 'ਤੇ ਲਿਜਾਂਦਾ ਹੈ?

# ਹੋਲੀ ਦੇ ਰੰਗ, ਬਾਲੀਵੁੱਡ ਦੇ ਸੰਗ





ਬਾਲੀਵੁੱਡ ਵਿੱਚ ਹੋਲੀ ਇੱਕ ਵੱਖਰੇ ਤਰੀਕੇ ਨਾਲ ਮਨਾਈ ਜਾਂਦੀ ਹੈ। ਸਿਤਾਰੇ, ਜੋ ਅਕਸਰ ਜਨਤਕ ਤੌਰ 'ਤੇ ਸ਼ਾਂਤ ਦਿਖਾਈ ਦਿੰਦੇ ਹਨ, ਰੰਗਾਂ ਦੇ ਤਿਉਹਾਰ ਦੌਰਾਨ ਜੰਗਲੀ ਜਸ਼ਨਾਂ ਵਿੱਚ ਸ਼ਾਮਲ ਹੁੰਦੇ ਹਨ। ਇਹ ਹਿੰਦੀ ਫਿਲਮ ਇੰਡਸਟਰੀ ਦੀਆਂ ਕੁਝ ਸਭ ਤੋਂ ਮਸ਼ਹੂਰ ਹੋਲੀ ਪਾਰਟੀਆਂ ਦੀ ਯਾਦ ਦਿਵਾਉਂਦਾ ਹੈ, ਜਿੱਥੇ ਇੱਕ ਸ਼ਾਨਦਾਰ ਇਕੱਠ ਹੁੰਦਾ ਸੀ।

ਮਹਾਨ ਅਦਾਕਾਰ ਰਾਜ ਕਪੂਰ ਦੇ ਸਟੂਡੀਓ ਵਿੱਚ ਆਯੋਜਿਤ ਹੋਲੀ ਪਾਰਟੀ ਸਭ ਤੋਂ ਮਸ਼ਹੂਰ ਹੈ। ਲੇਖਕ ਜਾਵੇਦ ਅਖਤਰ ਅਤੇ ਸ਼ਬਾਨਾ ਆਜ਼ਮੀ ਨੇ ਵੀ ਆਪਣੇ ਘਰਾਂ ਵਿੱਚ ਸ਼ਾਨਦਾਰ ਪਾਰਟੀਆਂ ਦੀ ਮੇਜ਼ਬਾਨੀ ਕੀਤੀ, ਪਰ ਕੋਵਿਡ-19 ਨੇ ਇਸ ਬਾਲੀਵੁੱਡ ਜਸ਼ਨ 'ਤੇ ਰੋਕ ਲਗਾ ਦਿੱਤੀ। ਜ਼ਿਆਦਾਤਰ ਸਿਤਾਰਿਆਂ ਨੇ ਮਹਾਂਮਾਰੀ ਤੋਂ ਬਾਅਦ ਆਪਣੇ ਘਰਾਂ ਵਿੱਚ ਹੋਲੀ ਪਾਰਟੀਆਂ ਦੀ ਮੇਜ਼ਬਾਨੀ ਕਰਨਾ ਬੰਦ ਕਰ ਦਿੱਤਾ, ਪਰ 2026 ਵਿੱਚ ਸ਼ਾਨਦਾਰ ਹੋਲੀ ਪਾਰਟੀਆਂ ਦੁਬਾਰਾ ਵੇਖੀਆਂ ਜਾ ਸਕਦੀਆਂ ਹਨ।

### ਆਰ.ਕੇ. ਸਟੂਡੀਓ ਦੀ ਹੋਲੀ ਪਾਰਟੀ



ਹੋਲੀ ਦੇ ਮੌਕੇ 'ਤੇ ਕਪੂਰ ਪਰਿਵਾਰ ਦੀ ਹੋਲੀ ਪਾਰਟੀ ਅਜੇ ਵੀ ਖ਼ਬਰਾਂ ਵਿੱਚ ਹੈ। ਨੀਤੂ ਕਪੂਰ ਅਤੇ ਕਰੀਨਾ ਕਪੂਰ ਅਕਸਰ ਸੋਸ਼ਲ ਮੀਡੀਆ 'ਤੇ ਪਾਰਟੀ ਦੀਆਂ ਅਣਦੇਖੀਆਂ ਫੋਟੋਆਂ ਸਾਂਝੀਆਂ ਕਰਦੇ ਹਨ। ਆਰ. ਕੇ. ਸਟੂਡੀਓਜ਼ ਵਿੱਚ ਹੋਲੀ ਪਾਰਟੀ ਦਾ ਹਿੰਦੀ ਫਿਲਮ ਇੰਡਸਟਰੀ ਵਿੱਚ ਇੱਕ ਵਿਸ਼ੇਸ਼ ਦਰਜਾ ਸੀ। ਇਸ ਪਾਰਟੀ ਵਿੱਚ ਸ਼ਾਮਲ ਹੋਣਾ ਸਿਤਾਰਿਆਂ ਲਈ ਮਾਣ ਵਾਲੀ ਗੱਲ ਮੰਨਿਆ ਜਾਂਦਾ ਸੀ। ਰਾਜ ਕਪੂਰ ਨੇ ਖੁਦ ਇਸ ਹੋਲੀ ਪਾਰਟੀ ਦੀ ਮੇਜ਼ਬਾਨੀ ਕੀਤੀ।

### ਅਮਿਤਾਭ ਬੱਚਨ ਦੀ ਹੋਲੀ ਪਾਰਟੀ

ਅਮਿਤਾਭ ਬੱਚਨ ਨੇ ਬਾਲੀਵੁੱਡ ਨੂੰ ਕਈ ਹੋਲੀ ਗੀਤ ਦਿੱਤੇ ਹਨ, ਜਿਨ੍ਹਾਂ ਵਿੱਚ 'ਰੰਗ ਬਰਸੇ,' 'ਹੋਲੀ ਖੇਲੇ ਰਘੂਵੀਰਾ,' ਅਤੇ 'ਹੋਲੀ ਕੇ ਦਿਨ ਦਿਲ ਮਿਲ ਜਾਤੇ ਹੈ' ਸ਼ਾਮਲ ਹਨ। ਬਿਗ ਬੀ ਦੇ ਘਰ 'ਤੇ ਹੋਣ ਵਾਲੀਆਂ ਹੋਲੀ ਪਾਰਟੀਆਂ ਵੀ ਯਾਦਗਾਰੀ ਹਨ। ਅਦਾਕਾਰਾਂ ਤੋਂ ਲੈ ਕੇ ਸਿਆਸਤਦਾਨਾਂ ਤੱਕ, ਹੋਲੀ ਦੇ ਮੌਕੇ 'ਤੇ ਅਮਿਤਾਭ ਬੱਚਨ ਦੇ ਘਰ ਕਈ ਮਸ਼ਹੂਰ ਹਸਤੀਆਂ ਨੂੰ ਦੇਖਿਆ ਗਿਆ। ਬਿਗ ਬੀ ਹੋਲੀ ਪਾਰਟੀ ਵਿੱਚ ਆਪਣੇ ਮਹਿਮਾਨਾਂ ਦਾ ਸਵਾਗਤ ਟਿੱਕਾ ਅਤੇ ਗੁਲਾਲ ਨਾਲ ਕਰਦੇ ਹਨ।

### ਜਾਵੇਦ ਅਖਤਰ - ਸ਼ਬਾਨਾ ਆਜ਼ਮੀ

ਜਾਵੇਦ ਅਖਤਰ ਅਤੇ ਸ਼ਬਾਨਾ ਆਜ਼ਮੀ ਵੀ ਆਪਣੀਆਂ ਹੋਲੀ ਪਾਰਟੀਆਂ ਲਈ ਕਾਫ਼ੀ ਧਿਆਨ ਖਿੱਚਦੇ ਹਨ। ਉਨ੍ਹਾਂ ਦੇ ਘਰ 'ਤੇ ਹੋਲੀ ਪਾਰਟੀ 40 ਸਾਲ ਪੁਰਾਣੀ ਪਰੰਪਰਾ ਹੈ। ਇਸਦੀ ਸ਼ੁਰੂਆਤ ਸ਼ਬਾਨਾ ਆਜ਼ਮੀ ਦੇ ਪਿਤਾ ਕੈਫੀ ਆਜ਼ਮੀ ਨੇ ਕੀਤੀ ਸੀ ਅਤੇ ਸ਼ਬਾਨਾ ਆਜ਼ਮੀ ਨੇ ਇਸਨੂੰ ਜਾਰੀ ਰੱਖਿਆ ਹੈ।

### ਸ਼ਾਹਰੁਖ ਖਾਨ ਦੀ ਹੋਲੀ ਪਾਰਟੀ

ਸ਼ਾਹਰੁਖ ਖਾਨ ਅਤੇ ਗੌਰੀ ਖਾਨ ਉਨ੍ਹਾਂ ਸਿਤਾਰਿਆਂ ਵਿੱਚੋਂ ਹਨ ਜਿਨ੍ਹਾਂ ਨੇ ਆਪਣੇ ਘਰਾਂ ਵਿੱਚ ਸ਼ਾਨਦਾਰ ਹੋਲੀ ਪਾਰਟੀਆਂ ਦਾ ਆਯੋਜਨ ਕੀਤਾ ਸੀ, ਪਰ ਉਹ ਹੁਣ ਉਨ੍ਹਾਂ ਦੀ ਮੇਜ਼ਬਾਨੀ ਨਹੀਂ ਕਰਦੇ। ਕਿਹਾ ਜਾਂਦਾ ਹੈ ਕਿ ਕਿੰਗ ਖਾਨ ਨੇ ਆਪਣੇ ਮਹਿਮਾਨਾਂ ਦਾ ਸਵਾਗਤ ਮੋਗਰਾ (ਮੋਗਰਾ) ਦੇ ਫੁੱਲਾਂ ਦੇ ਹਾਰਾਂ ਨਾਲ ਕੀਤਾ।

### ਸੁਭਾਸ਼ ਘਈ ਦੀ ਹੋਲੀ ਪਾਰਟੀ

ਫਿਲਮ ਨਿਰਮਾਤਾ ਸੁਭਾਸ਼ ਘਈ ਦੀਆਂ ਹੋਲੀ ਪਾਰਟੀਆਂ ਵੀ ਇੱਕ ਵੱਡਾ ਧਿਆਨ ਖਿੱਚਣ ਵਾਲੀਆਂ ਸਨ। 90 ਦੇ ਦਹਾਕੇ ਵਿੱਚ ਸਿਤਾਰੇ ਇਨ੍ਹਾਂ ਪਾਰਟੀਆਂ ਵਿੱਚ ਆਨੰਦ ਮਾਣਦੇ ਦਿਖਾਈ ਦਿੱਤੇ ਸਨ। ਸੁਭਾਸ਼ ਘਈ ਦੀ ਹੋਲੀ ਪਾਰਟੀਆਂ ਵਿੱਚੋਂ ਇੱਕ ਸ਼ਾਹਰੁਖ ਖਾਨ ਅਤੇ ਗੌਰੀ ਖਾਨ ਦਾ ਇੱਕ ਵੀਡੀਓ ਅਜੇ ਵੀ ਵਿਆਪਕ ਤੌਰ 'ਤੇ ਦੇਖਿਆ ਜਾਂਦਾ ਹੈ, ਜਿਸ ਵਿੱਚ ਉਹ ਇੱਕ ਦੂਜੇ ਨੂੰ ਪਾਣੀ ਵਿੱਚ ਡੁਬੋ ਕੇ ਨੱਚਦੇ ਅਤੇ ਹੋਲੀ ਖੇਡਦੇ ਦਿਖਾਈ ਦਿੰਦੇ ਹਨ।

# 'ਮੁਗ਼ਲ-ਏ-ਆਜ਼ਮ' ਦੀ ਅਨਾਰਕਲੀ ਮਧੂਬਾਲਾ





**ਡਾ. ਕਮਲੇਸ਼ ਉੱਪਲ**

ਭਾਰਤੀ ਫ਼ਿਲਮ ਜਗਤ ਦੀ ਵੀਨਸ ਕਹਾਉਣ ਵਾਲੀ ਅਭਿਨੇਤਰੀ ਮਧੂਬਾਲਾ ਨਾਯਾਬ ਫ਼ਨਕਾਰਾ ਸੀ। ਉਹ ਆਪਣੀ ਕਲਾ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਸ਼ਖ਼ਸੀਅਤ ਸੀ। ਮਧੂਬਾਲਾ ਜਿਸ ਜ਼ਮਾਨੇ ਵਿੱਚ ਅਭਿਨੇਤਰੀ ਬਣ ਕੇ ਉੱਭਰੀ, ਉਹ ਜ਼ਾਬਤੇ ਅਤੇ ਕਬਜ਼ੇ ਦਾ, ਟੱਬਰ ਵੱਲ ਵਫ਼ਾਦਾਰੀ ਦਾ ਅਤੇ ਬੱਚਿਆਂ ਉਤੇ ਮਾਂ-ਬਾਪ ਦੀ ਸਰਦਾਰੀ ਦਾ ਜ਼ਮਾਨਾ ਸੀ। ਫ਼ਿਲਮਾਂ 'ਚ ਕੰਮ ਕਰਨ ਵਾਲੇ ਬਾਲ ਕਲਾਕਾਰ ਅਤੇ ਜਵਾਨ ਲੜਕੀਆਂ ਪਰਿਵਾਰ ਦੀ ਰੋਜ਼ੀ ਰੋਟੀ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ, ਫ਼ਿਰ ਵੀ ਮਾਪਿਆਂ ਦੀ ਮਲਕੀਅਤ ਹੁੰਦੇ ਸਨ। ਮਧੂਬਾਲਾ, ਕਾਮਿਨੀ ਕੌਸ਼ਲ, ਸੁਰੱਈਆ, ਨੂਤਨ, ਮੀਨਾ ਕੁਮਾਰੀ, ਡੇਜ਼ੀ ਅਤੇ ਹਨੀ ਈਰਾਨੀ, ਬੇਬੀ ਨਾਜ਼ ਅਤੇ ਨਰਤਕੀ ਕੁੱਕੂ ਵਰਗੀਆਂ ਕਈ ਕਲਾਕਾਰਾਂ ਦਾ ਉਨ੍ਹਾਂ ਦੇ ਆਪਣਿਆਂ ਦੁਆਰਾ ਆਰਥਿਕ ਅਤੇ ਭਾਵਨਾਤਮਕ ਸ਼ੋਸ਼ਣ ਹੁੰਦਾ ਰਿਹਾ, ਪਰ ਇਸ ਨੂੰ ਨਾਜਾਇਜ਼ ਨਹੀਂ ਸਮਝਿਆ ਜਾਂਦਾ ਸੀ। ਨਾ ਹੀ ਕੋਈ ਇਸ ਦਾ ਵਿਰੋਧ ਕਰਦਾ ਸੀ।

ਮਧੂਬਾਲਾ ਨੇ ਤਾਂ ਇਹ ਸ਼ਰਤ ਆਪਣੇ ਆਖ਼ਰੀ ਸਾਹ ਤੱਕ ਪੁਗਾਈ ਕਿ ਉਹ ਸਿਰਫ਼ ਆਪਣੇ ਬਾਪ (ਅੱਤਾਉੱਲਾ ਖ਼ਾਨ) ਅਤੇ ਪਰਿਵਾਰ ਲਈ ਹੀ ਕੰਮ ਕਰੇਗੀ। ਇੱਥੋਂ ਤੱਕ ਕਿ ਪਰਿਵਾਰ ਲਈ ਵਫ਼ਾਦਾਰੀ ਤੋਂ ਉਸ ਨੇ ਆਪਣੀ ਮੁਹੱਬਤ ਤੱਕ ਕੁਰਬਾਨ ਕਰ ਦਿੱਤੀ। ਇਹ ਵੱਖਰੀ ਗੱਲ ਹੈ ਕਿ ਉਸ ਨੇ ਜਾਂ ਉਸ ਦੇ ਮਹਿਬੂਬ ਨੇ ਕਦੇ ਵੀ ਇੱਕ-ਦੂਸਰੇ ਪ੍ਰਤੀ ਗਿਲਾ ਜ਼ਾਹਿਰ ਨਹੀਂ ਕੀਤਾ। ਉਨ੍ਹਾਂ ਨੂੰ ਇੱਕ-ਦੂਜੇ ਨਾਲ ਸੱਚਾ ਪਿਆਰ ਸੀ ਜੋ ਦੁਨੀਆਦਾਰੀ ਦੇ ਤਕਾਜ਼ਿਆਂ ਨਾਲ ਉਲਝਣ ਦੀ ਥਾਂ ਆਪਣੇ ਸੱਚੇ-ਸੁੱਚੇਪਣ ਨੂੰ ਬਰਕਰਾਰ ਰੱਖਦਿਆਂ ਦਿਲਾਂ ਅੰਦਰ ਹੀ ਦੱਬਿਆ ਰਿਹਾ।

ਮਧੂਬਾਲਾ ਦਾ ਜਨਮ 14 ਫ਼ਰਵਰੀ 1933 ਨੂੰ ਹੋਇਆ। ਅੱਜ ਦੀ ਦੁਨੀਆ ਵਿੱਚ ਪਿਆਰ ਦਿਹਾੜਾ (ਵੈਲੇਨਟਾਈਨ ਡੇ) ਵਜੋਂ ਜਾਣੇ ਜਾਂਦੇ ਦਿਨ ਨੂੰ ਜਨਮ ਲੈਣ ਵਾਲੀ ਮਧੂਬਾਲਾ ਦਾ ਪਿਆਰ ਸੱਚਾ ਹੋ ਕੇ ਵੀ ਅਧੂਰਾ ਰਿਹਾ ਅਤੇ ਤੋੜ ਨਾ ਚੜ੍ਹਿਆ। ਉਸ ਦੇ ਫ਼ਿਲਮੀ ਜੀਵਨ ਦੀ ਸ਼ੁਰੂਆਤ ਫ਼ਿਲਮ 'ਬਸੰਤ' (1942) ਤੋਂ ਬਾਲ ਕਲਾਕਾਰ ਵਜੋਂ ਹੋਈ। 1949 ਵਿੱਚ ਕਮਾਲ ਅਮਰੋਹੀ ਦੀ ਫ਼ਿਲਮ 'ਮਹਿਲ' ਤੋਂ ਉਸ ਦੇ ਅਭਿਨੇਤਰੀ ਵਜੋਂ ਚੜ੍ਹਤ ਦਾ ਦੌਰ ਸ਼ੁਰੂ ਹੋਇਆ। 1951 ਵਿੱਚ ਦਿਲੀਪ ਕੁਮਾਰ ਨਾਲ ਫ਼ਿਲਮ 'ਤਰਾਨਾ' ਵਿੱਚ ਕੰਮ ਕਰਨ ਦੇ ਨਾਲ ਹੀ ਮਧੂਬਾਲਾ ਨੇ ਅਸ਼ੋਕ ਕੁਮਾਰ, ਦੇਵ ਆਨੰਦ, ਰਾਜ ਕਪੂਰ, ਗੁਰੂ ਦੱਤ, ਸੁਨੀਲ ਦੱਤ, ਕਿਸ਼ੋਰ ਕੁਮਾਰ, ਭਾਰਤ ਭੂਸ਼ਣ ਆਦਿ ਸਭ ਵੱਡੇ ਅਦਾਕਾਰਾਂ ਨਾਲ ਕੰਮ ਕੀਤਾ।

ਮਧੂਬਾਲਾ ਪਠਾਨ ਪਰਿਵਾਰ ਵਿੱਚੋਂ ਸੀ। ਉਹ ਪੰਜ ਭੈਣਾਂ ਅਤੇ ਤਿੰਨ ਭਾਈਆਂ ਵਿੱਚੋਂ ਤੀਜੇ ਨੰਬਰ 'ਤੇ ਪੈਦਾ ਹੋਈ। ਉਹ ਅੰਤਾਂ ਦੀ ਸੋਹਣੀ ਅਤੇ ਬੇਹੱਦ ਪ੍ਰਤਿਭਾਵਾਨ ਸੀ। ਉਸ ਦੀ ਸੁੰਦਰਤਾ ਅਤੇ ਕੰਮ ਨੂੰ ਵੇਖ ਕੇ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ ਕਿ ਉਸ ਨੂੰ ਦਿਲ ਦੀ ਬਿਮਾਰੀ ਹੈ। ਉਹ ਦਿਲ ਵਿੱਚ ਛੇਦ ਹੋਣ ਦੀ ਬਿਮਾਰੀ ਲੈ ਕੇ ਪੈਦਾ ਹੋਈ ਸੀ ਅਤੇ ਇਸ ਬਿਮਾਰੀ ਕਾਰਨ ਹੀ ਸਿਰਫ਼ 36 ਵਰ੍ਹਿਆਂ ਤੱਕ ਜਿਉਂਦੀ ਰਹਿ ਸਕੀ। 36 ਵਰ੍ਹਿਆਂ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਉਸ ਨੇ 71 ਫ਼ਿਲਮਾਂ ਕੀਤੀਆਂ। ਇਨ੍ਹਾਂ ਵਿੱਚੋਂ 7 ਫ਼ਿਲਮਾਂ ਬਤੌਰ ਬਾਲ ਅਦਾਕਾਰ ਕੀਤੀਆਂ।

ਫ਼ਿਲਮ 'ਮਹਿਲ' ਉਸ ਦੀ ਫ਼ਿਲਮ ਯਾਤਰਾ ਦਾ ਮੀਲ ਪੱਥਰ ਸੀ ਅਤੇ ਫ਼ਿਲਮ 'ਮੁਗ਼ਲ-ਏ-ਆਜ਼ਮ' ਉਸ ਦਾ ਸ਼ਾਹਕਾਰ ਸੀ। ਮਧੂਬਾਲਾ ਨੇ ਇਸ ਫ਼ਿਲਮ ਵਿੱਚ ਅਣਥਕ ਮਿਹਨਤ ਨਾਲ ਅਭਿਨੈ ਕੀਤਾ। ਉਸ ਨੇ ਅਨਾਰਕਲੀ ਦਾ ਚਰਿੱਤਰ ਤਨ-ਮਨ ਨਾਲ ਜੀਅ ਕੇ ਵਿਖਾਇਆ। ਪੂਰੇ ਅੱਠ ਸਾਲ ਉਹ ਫ਼ਿਲਮ ਦੀ ਹੀਰੋਇਨ ਅਨਾਰਕਲੀ ਦੀ ਰੂਹ ਨੂੰ ਸਰੀਰ ਵਿੱਚ ਲਈ ਵਿਚਰਦੀ ਰਹੀ। ਦਿਲੀਪ ਕੁਮਾਰ, ਉਸ ਦਾ ਸਹਿ-ਅਦਾਕਾਰ ਅਤੇ ਫ਼ਿਲਮ ਦਾ ਹੀਰੋ ਸੀ। ਫ਼ਿਲਮ ਦੇ ਸ਼ੁਰੂ ਹੋਣ ਸਮੇਂ ਮਧੂਬਾਲਾ ਅਤੇ ਦਿਲੀਪ ਇੱਕ-ਦੂਜੇ ਨੂੰ ਅੰਤਾਂ ਦਾ ਪਿਆਰ ਕਰਦੇ ਸਨ, ਪਰ ਫ਼ਿਲਮ ਦੇ ਨਿਰਮਾਣ ਦੌਰਾਨ 1956 ਵਿੱਚ 'ਨਯਾ ਦੌਰ' ਵਾਲੇ ਬੀ.ਆਰ. ਚੋਪੜਾ ਨਾਲ ਮਧੂਬਾਲਾ ਦੇ ਪਿਤਾ ਦਾ ਤਕਰਾਰ (ਮੁਕੱਦਮਾ) ਹੋ ਜਾਣ 'ਤੇ ਦਿਲੀਪ ਅਤੇ ਮਧੂਬਾਲਾ ਦੇ ਸਬੰਧ ਬਲੀ ਚੜ੍ਹ ਗਏ। ਫ਼ਿਲਮ ਦੇ ਅੰਤਿਮ ਦੌਰ ਵਿੱਚ ਮਧੂਬਾਲਾ ਨੇ ਦਿਲ 'ਤੇ ਪੱਥਰ ਰੱਖ ਕੇ ਦਿਲੀਪ ਕੁਮਾਰ ਨਾਲ ਅਭਿਨੈ ਦਾ ਨਕਾਬ ਪਾਇਆ, ਪਰ ਫ਼ਿਲਮ ਦਾ ਕੰਮ ਤਨਦੇਹੀ ਨਾਲ ਨਿਭਾਇਆ। ਦਿਲੀਪ ਨਾਲੋਂ ਤੋੜ ਵਿਛੋੜਾ ਹੋਣ ਮਗਰੋਂ ਉਹ ਆਪਣੀ ਰੂਹ ਉਤੇ ਮਰ ਚੁੱਕੇ ਰਿਸ਼ਤੇ ਦਾ ਬੋਝ ਲੈ ਕੇ ਸ਼ੂਟਿੰਗ ਦੇ ਹਰ ਦਿਨ ਦਿਲੀਪ ਕੁਮਾਰ ਦਾ ਸਾਹਮਣਾ ਕਰਦੀ ਰਹੀ ਅਤੇ ਫ਼ਿਲਮ ਵਿਚਲਾ ਕਿਰਦਾਰ ਨਿਭਾਉਂਦੀ ਰਹੀ। ਨਿੱਜੀ ਜੀਵਨ ਵਿੱਚ ਉਸ ਦਾ ਦਿਲੀਪ ਨਾਲ ਪਿਆਰ ਪਰਵਾਨ ਨਾ ਚੜ੍ਹਿਆ ਅਤੇ ਫ਼ਿਲਮ ਵਿੱਚ ਅਨਾਰਕਲੀ ਦਾ ਸਲੀਮ ਨਾਲ ਪਿਆਰ ਪਰਵਾਨ ਨਾ ਚੜ੍ਹਿਆ। ਇਸ ਤਰ੍ਹਾਂ ਉਸ ਨੇ ਕਈ ਦ੍ਰਿਸ਼ਾਂ ਵਿੱਚ ਨਿੱਜੀ ਮਾਨਸਿਕ ਅਵਸਥਾ ਅਤੇ ਫ਼ਿਲਮ ਵਿਚਲੀਆਂ ਸਥਿਤੀਆਂ ਨਾਲ ਇਕਸੁਰਤਾ ਬਣਾਉਣ ਵਿੱਚ ਅਲੋਕਾਰਾ ਅਨੁਭਵ ਹੰਢਾਇਆ। ਇਸ ਫ਼ਿਲਮ ਦੇ ਸ਼ੁਰੂਆਤੀ ਦੌਰ ਅਤੇ ਅੰਤਲੇ ਦੌਰ ਵਾਲੇ ਪਿਆਰ-ਦ੍ਰਿਸ਼ ਸੰਵਾਦ ਰਹਿਤ ਸਨ, ਪ੍ਰੰਤੂ ਉਹ ਅੱਜ ਤੱਕ ਦੇ ਫ਼ਿਲਮ ਇਤਿਹਾਸ ਵਿੱਚ ਨਾਯਾਬ ਪ੍ਰੇਮ-ਦ੍ਰਿਸ਼ ਸਮਝੇ ਜਾਂਦੇ ਹਨ।



ਆਪਣੀ 36 ਸਾਲ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਇੱਕ ਦਿਨ ਵੀ ਮਧੂਬਾਲਾ ਨੇ ਮੌਜ ਨਾਲ ਜਿਊ ਕੇ ਨਾ ਵੇਖਿਆ। ਉਹ ਅੰਤਾਂ ਦੀ ਸੋਹਣੀ ਸੀ, ਪਰ ਆਪਣੇ ਦਿਲ ਦੀ ਬਜਾਇ ਦਿਮਾਗ਼ ਦੇ ਆਖੇ ਲੱਗ ਕੇ ਸਿਰਫ਼ ਆਪਣਾ ਕਰਮ ਕਰਦੀ ਰਹੀ। ਉਸ ਨੇ ਪਿਆਰ ਕੀਤਾ ਤਾਂ ਉਹ ਘਰੇਲੂ ਜ਼ਿੰਮੇਵਾਰੀਆਂ ਉਤੋਂ ਕੁਰਬਾਨ ਕਰ ਦਿੱਤਾ। ਕਿਸ਼ੋਰ ਕੁਮਾਰ ਨਾਲ ਵਿਆਹ ਕੀਤਾ ਤਾਂ ਉਸ ਦਾ ਸੁੱਖ ਨਾ ਮਾਣ ਸਕੀ।

(ਬਾਕੀ ਸਫ਼ਾ 27 'ਤੇ)

### ਅਮਰੀਕਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ

ਦੇਵੇਂਘਟ ਗਏ। ਯੂ.ਕੇ. ਵਿੱਚ ਡਿਪੈਂਡੈਂਟਸ (ਪਰਿਵਾਰਕ ਮੈਂਬਰਾਂ) 'ਤੇ ਸਖ਼ਤੀ ਅਤੇ ਪੜ੍ਹਾਈ ਤੋਂ ਬਾਅਦ ਕੰਮ ਕਰਨ ਦੀ ਮਿਆਦ ਘਟਾਉਣ ਕਾਰਨ 2024 ਵਿੱਚ ਵਿਦਿਆਰਥੀ ਵੀਜ਼ਾ 12 ਫ਼ੀਸਦੀ ਘੱਟ ਹੋਏ ਹਨ। ਉਥੇ ਹੀ ਆਸਟ੍ਰੇਲੀਆ ਵਿੱਚ 'ਨੈਸ਼ਨਲ ਪਲੈਨਿੰਗ ਲੈਵਲ' ਲਾਗੂ ਹੋਣ ਕਾਰਨ 2025 ਦੀ ਪਹਿਲੀ ਛਿਮਾਹੀ ਵਿੱਚ ਦਾਖਲੇ 16 ਫ਼ੀਸਦੀ ਤੱਕ ਘਟ ਗਏ ਹਨ।

**ਹੁਣ ਰੈਂਕਿੰਗ ਨਹੀਂ, ਖ਼ਰਚਾ ਤੇ ਵੀਜ਼ਾ ਅਹਿਮ**

ਜੀ. ਐੱਮ. ਏ. ਸੀ. ਦੀ ਰਿਪੋਰਟ ਅਨੁਸਾਰ ਹੁਣ ਵਿਦਿਆਰਥੀ ਸਿਰਫ਼ ਕਾਲਜ ਦੀ ਰੈਂਕਿੰਗ ਹੀ ਨਹੀਂ ਦੇਖ ਰਹੇ, ਸਗੋਂ ਪੜ੍ਹਾਈ ਦਾ ਕੁੱਲ ਖ਼ਰਚਾ, ਵੀਜ਼ਾ ਦੀ ਸਪੱਸ਼ਟਤਾ ਅਤੇ ਪੜ੍ਹਾਈ ਤੋਂ ਬਾਅਦ ਨੌਕਰੀ ਦੇ ਮੌਕੇ ਜ਼ਿਆਦਾ ਅਹਿਮ ਹੋ ਗਏ ਹਨ। ਸਤੰਬਰ 2025 ਵਿੱਚ ਭਾਰਤੀ ਰੁਪਏ ਦੇ ਕਮਜ਼ੋਰ ਹੋਣ ਕਾਰਨ ਵਿਦੇਸ਼ ਵਿੱਚ ਪੜ੍ਹਾਈ ਹੋਰ ਵੀ ਮਹਿੰਗੀ ਹੋ ਗਈ ਹੈ। ਰਿਪੋਰਟ ਦਾ ਕਹਿਣਾ ਹੈ ਕਿ 2026 ਵਿੱਚ ਗਲੋਬਲ ਮੈਨੇਜਮੈਂਟ ਐਜੂਕੇਸ਼ਨ ਦਾ ਰੁਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਕਿਸ ਦੇਸ਼ ਵਿੱਚ ਵੀਜ਼ਾ ਨਿਯਮ ਸਾਫ਼ ਹਨ, ਨੌਕਰੀ ਦੇ ਬਿਹਤਰ ਮੌਕੇ ਹਨ ਅਤੇ ਪੜ੍ਹਾਈ ਕਿਫ਼ਾਇਤੀ ਹੈ।

***

### ਬੇਅਦਬੀਆਂ, ਨਸ਼ੇ, ਗੈਂਗਸਟਰ, ਝੂਠੇ ਪੁਲਿਸ ਮੁਕਾਬਲੇ

ਇੱਕ ਸਾਲ ਵਿੱਚ ਦੋ ਵਾਰ 56-56 ਦਿਨਾਂ ਦੀ ਪੈਰੋਲ ਮਿਲ ਸਕਦੀ ਹੈ। ਪਰ ਪ੍ਰਸ਼ਾਸਨ ਦੀ ਕਮਜ਼ੋਰ ਨਿਗਰਾਨੀ ਨੇ ਇਸ ਸੁਵਿਧਾ ਨੂੰ ਇੱਕ 'ਭੱਜਣ ਦੇ ਰਸਤੇ' ਵਿੱਚ ਬਦਲ ਦਿੱਤਾ ਹੈ। ਜਦੋਂ ਕੈਦੀ ਵਾਪਸ ਨਹੀਂ ਮੁੜਦਾ, ਤਾਂ ਕੇਵਲ ਜ਼ਮਾਨਤ ਜ਼ਬਤ ਕਰਨ ਦੀ ਰਸਮੀ ਕਾਰਵਾਈ ਕੀਤੀ ਜਾਂਦੀ ਹੈ, ਪਰ ਅਸਲ ਵਿੱਚ ਉਹ ਮੁੜ ਗ੍ਰਿਫ਼ਤਾਰੀ ਤੋਂ ਬਚ ਜਾਂਦੇ ਹਨ। ਹਾਲ ਹੀ ਵਿੱਚ 14 ਕੈਦੀ ਪੁਲਿਸ ਦੀ ਨਿਗਰਾਨੀ ਹੇਠ ਅਦਾਲਤ ਵਿੱਚ ਪੇਸ਼ੀ ਦੌਰਾਨ ਫ਼ਰਾਰ ਹੋ ਗਏ। ਕਪੂਰਥਲਾ ਅਤੇ ਗੁਰਦਾਸਪੁਰ ਜੇਲ੍ਹ ਦੇ ਕੈਦੀਆਂ ਦਾ ਹਸਪਤਾਲਾਂ 'ਚੋਂ ਫ਼ਰਾਰ ਹੋਣਾ ਸੁਰੱਖਿਆ ਪ੍ਰਬੰਧਾਂ 'ਤੇ ਸਿੱਧਾ ਸਵਾਲੀਆ ਨਿਸ਼ਾਨ ਲਗਾਉਂਦਾ ਹੈ।

ਪੰਜਾਬ ਵਿੱਚ ਇਸ ਸਮੇਂ 36,268 ਬੰਦੀ ਹਨ। ਜੇਕਰ ਇਨ੍ਹਾਂ ਵਿੱਚੋਂ ਇੱਕ ਵੱਡਾ ਹਿੱਸਾ ਇੰਨੀ ਆਸਾਨੀ ਨਾਲ ਫ਼ਰਾਰ ਹੋ ਰਿਹਾ ਹੈ, ਤਾਂ ਇਹ ਆਮ ਲੋਕਾਂ ਦੀ ਸੁਰੱਖਿਆ ਲਈ ਖਤਰਾ ਹੈ। ਵਿਰੋਧੀ ਧਿਰਾਂ ਲਈ ਇਹ ਸਾਬਤ ਕਰਨ ਦਾ ਵੱਡਾ ਮੌਕਾ ਹੈ ਕਿ ਮੌਜੂਦਾ ਸਰਕਾਰ ਜੇਲ੍ਹਾਂ ਵਰਗੀਆਂ ਸੰਵੇਦਨਸ਼ੀਲ ਥਾਵਾਂ 'ਤੇ ਵੀ ਆਪਣਾ ਕੰਟਰੋਲ ਗੁਆ ਚੁੱਕੀ ਹੈ।

**ਮਾਮਲਾ ਪੰਜਾਬ ਵਿੱਚ ਮੁਫ਼ਤ ਸਿਆਸੀ ਰਿਉੜੀਆਂ ਵੰਡਣ ਦਾ**

28 ਹਜ਼ਾਰ ਕਰੋੜ ਦੀ ਸਬਸਿਡੀ ਦੇ ਬੋਝ ਹੇਠ ਦੱਬਿਆ ਪੰਜਾਬ: ਕੀ ਵੋਟ ਬੈਂਕ ਦੀ ਰਾਜਨੀਤੀ ਵਿਕਾਸ ਦੀ ਦੁਸ਼ਮਣ ਹੈ?

ਜੇਕਰ ਸਰਕਾਰਾਂ ਲੋਕਾਂ ਨੂੰ ਸਭ ਕੁਝ ਮੁਫ਼ਤ ਵਿੱਚ ਦੇਣ ਲੱਗ ਜਾਣ, ਤਾਂ ਫਿਰ ਕੰਮ ਕੌਣ ਕਰੇਗਾ? ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਅਗਵਾਈ ਵਾਲੇ ਬੈਂਚ ਦੀ ਇਹ ਟਿੱਪਣੀ ਅੱਜ ਪੰਜਾਬ ਦੀ ਸਿਆਸੀ ਅਤੇ ਵਿੱਤੀ ਹਕੀਕਤ ਦਾ ਸਭ ਤੋਂ ਵੱਡਾ ਸ਼ੀਸ਼ਾ ਹੈ। ਚੋਣ ਸਾਲ ਦੇ ਦਸਤਕ ਦਿੰਦਿਆਂ ਹੀ ਪੰਜਾਬ ਵਿੱਚ ਮੁਫ਼ਤ ਦੀਆਂ 'ਰਿਉੜੀਆਂ' ਵੰਡਣ ਦਾ ਦੌਰ ਇੱਕ ਵਾਰ ਫਿਰ ਸ਼ੁਰੂ ਹੋ ਚੁੱਕਾ ਹੈ, ਪਰ ਇਸ ਚਮਕ-ਦਮਕ ਦੇ ਪਿੱਛੇ ਪੰਜਾਬ ਦਾ ਖਜ਼ਾਨਾ ਕਰਜ਼ੇ ਦੀ ਡੂੰਘੀ ਖਾਈ ਵਿੱਚ ਡਿੱਗ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ: ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੱਤਾ ਵਿੱਚ ਆਉਣ 'ਤੇ ਬੁਢਾਪਾ ਪੈਨਸ਼ਨ 1500 ਤੋਂ ਵਧਾ ਕੇ 3100 ਰੁਪਏ ਅਤੇ ਸ਼ਗਨ ਸਕੀਮ ਤਹਿਤ ਇੱਕ ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਹੈ।

ਆਮ ਆਦਮੀ ਪਾਰਟੀ: ਸਰਕਾਰ ਆਪਣੇ ਕਾਰਜਕਾਲ ਦੇ ਆਖਰੀ ਪੜਾਅ ਵਿੱਚ ਔਰਤਾਂ ਨੂੰ 1000-1000 ਰੁਪਏ ਪ੍ਰਤੀ ਮਹੀਨਾ ਦੇਣ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਜੇਕਰ ਇਹ ਸਕੀਮ ਲਾਗੂ ਹੁੰਦੀ ਹੈ, ਤਾਂ ਰਾਜ ਦੇ ਖ਼ਜ਼ਾਨੇ 'ਤੇ ਲਗਪਗ 12,000 ਕਰੋੜ ਰੁਪਏ ਦਾ ਵਾਧੂ ਬੋਝ ਪੈ ਜਾਵੇਗਾ।

ਪੰਜਾਬ ਵਿੱਚ ਸਬਸਿਡੀ ਦਾ ਇਹ ਰੁਝਾਨ 1997 ਵਿੱਚ ਸ਼ੁਰੂ ਹੋਇਆ ਸੀ, ਜੋ ਅੱਜ ਇੱਕ ਬੇਕਾਬੂ ਦਰਿਆ ਬਣ ਚੁੱਕਿਆ ਹੈ। ਅੱਜ ਸਥਿਤੀ ਇਹ ਹੈ ਕਿ ਜੀਐੱਸਟੀ ਤੋਂ ਸਰਕਾਰ ਨੂੰ ਸਾਲਾਨਾ ਸਿਰਫ਼ 24 ਤੋਂ 25 ਹਜ਼ਾਰ ਕਰੋੜ ਰੁਪਏ ਹੀ ਮਿਲਦੇ ਹਨ, ਜਦਕਿ ਸਬਸਿਡੀਆਂ 'ਤੇ ਖਰਚਾ 28,000 ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਮਤਲਬ, ਸਰਕਾਰ ਦੀ ਕੁੱਲ ਕਮਾਈ ਤੋਂ ਵੱਧ ਪੈਸਾ ਤਾਂ ਮੁਫ਼ਤ ਸਹੂਲਤਾਂ ਵੰਡਣ ਵਿੱਚ ਹੀ ਖਰਚ ਹੋ ਰਿਹਾ ਹੈ। ਇਸ ਸਬਸਿਡੀ ਕਲਚਰ ਕਾਰਨ ਪੰਜਾਬ ਦੇ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਹੈ। ਇਸ ਦੇ ਦੋ ਮੁੱਖ ਨੁਕਸਾਨ ਦੇਖਣ ਨੂੰ ਮਿਲ ਰਹੇ ਹਨ। ਜਦੋਂ ਸਾਰਾ ਪੈਸਾ ਰੈਵੇਨਿਊ ਖ਼ਰਚਿਆਂ (ਸਬਸਿਡੀਆਂ) ਵਿੱਚ ਚਲਾ ਜਾਂਦਾ ਹੈ, ਤਾਂ ਨਵੀਆਂ ਸੜਕਾਂ, ਹਸਪਤਾਲ, ਅਤੇ ਸਕੂਲਾਂ ਵਰਗੇ ਵਿਕਾਸ ਕਾਰਜਾਂ ਲਈ ਪੈਸਾ ਨਹੀਂ ਬਚਦਾ। ਸਰਕਾਰੀ ਵਿਭਾਗਾਂ ਵਿੱਚ ਨਵੀਂ ਭਰਤੀ ਕਰਨ ਵਿੱਚ ਦਿੱਕਤ ਆ ਰਹੀ ਹੈ, ਕਿਉਂਕਿ ਮੌਜੂਦਾ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਦਾ ਬੋਝ ਪਹਿਲਾਂ ਹੀ ਖਜ਼ਾਨੇ ਨੂੰ ਖਾਲੀ ਕਰ ਰਿਹਾ ਹੈ।

ਸਵਾਲ ਇਹ ਹੈ ਕਿ ਕੋਈ ਵੀ ਸਰਕਾਰ ਇਸ ਸਬਸਿਡੀ ਨੂੰ ਬੰਦ ਕਿਉਂ ਨਹੀਂ ਕਰਦੀ? ਜਵਾਬ ਸਾਫ਼ ਹੈ-'ਵੋਟ ਬੈਂਕ'। ਕਿਸੇ ਵੀ ਸਿਆਸੀ ਪਾਰਟੀ ਲਈ ਇਹ ਜੋਖਮ ਉਠਾਉਣਾ ਔਖਾ ਹੈ ਕਿ ਉਹ ਮੁਫ਼ਤ ਦੀ ਸਹੂਲਤ ਬੰਦ ਕਰਕੇ ਲੋਕਾਂ ਦੀ ਨਾਰਾਜ਼ਗੀ ਮੁੱਲ ਲਵੇ। ਸੁਪਰੀਮ ਕੋਰਟ ਦੀ ਟਿੱਪਣੀ ਦੇ ਬਾਵਜੂਦ, ਪੰਜਾਬ ਦੀ ਸਿਆਸਤ ਵਿੱਚ ਵਿਕਾਸ ਦੇ ਮੁੱਦਿਆਂ ਦੀ ਥਾਂ 'ਮੁਫ਼ਤ ਦੇ ਵਾਅਦਿਆਂ' ਨੇ ਲੈ ਲਈ ਹੈ। ਜੇਕਰ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਨੇ 'ਮੁਫ਼ਤ' ਦੀ ਬਜਾਏ 'ਨਿਵੇਸ਼' ਅਤੇ 'ਰੁਜ਼ਗਾਰ' ਨੂੰ ਤਰਜੀਹ ਨਾ ਦਿੱਤੀ, ਤਾਂ ਪੰਜਾਬ ਦਾ ਵਿੱਤੀ ਸੰਕਟ ਹੋਰ ਡੂੰਘਾ ਹੋ ਜਾਵੇਗਾ।

****

### ਫ਼ੀਫ਼ਾ ਵਿਸ਼ਵ ਕੱਪ ਦੇ ਨਾਂਅ 'ਤੇ

ਜਾਂਦਾ ਹੈ, ਜਿਸ ਵਿੱਚ ਦੁਨੀਆ ਭਰ ਦੇ ਦੇਸ਼ਾਂ ਦੀਆਂ ਪੁਰਸ਼ ਕੌਮੀ ਟੀਮਾਂ ਹਿੱਸਾ ਲੈਂਦੀਆਂ ਹਨ।

ਵਿਸ਼ਵ ਕੱਪ ਸਿਰਫ਼ ਇੱਕ ਖੇਡ ਨਹੀਂ, ਸਗੋਂ ਇਹ ਵੱਖ-ਵੱਖ ਸੱਭਿਆਚਾਰਾਂ ਅਤੇ ਦੇਸ਼ਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਨ ਦਾ ਇੱਕ ਵੱਡਾ ਮਾਧਿਅਮ ਹੈ। ਇਸ ਨੂੰ ਅਰਬਾਂ ਲੋਕ ਟੀ.ਵੀ. ਅਤੇ ਸੋਸ਼ਲ ਮੀਡੀਆ ਰਾਹੀਂ ਦੇਖਦੇ ਹਨ।

ਇਸ ਦੀ ਸ਼ੁਰੂਆਤ 1930 ਵਿੱਚ ਹੋਈ ਸੀ। ਉਦੋਂ ਤੋਂ ਇਹ ਦੁਨੀਆ ਦਾ ਸਭ ਤੋਂ ਵੱਡਾ ਖੇਡ ਉਤਸਵ ਬਣ ਗਿਆ ਹੈ।

ਇਹ ਪਹਿਲੀ ਵਾਰ ਹੈ 2026 ਦੌਰਾਨ ਜਦੋਂ ਤਿੰਨ ਦੇਸ਼ (ਕੈਨੇਡਾ, ਅਮਰੀਕਾ ਅਤੇ ਮੈਕਸੀਕੋ) ਮਿਲ ਕੇ ਇਸ ਦੀ ਮੇਜ਼ਬਾਨੀ ਕਰ ਰਹੇ ਹਨ।

ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਸ਼ਹਿਰਾਂ ਵਿੱਚ ਮੈਚ ਹੋਣ ਕਾਰਨ, ਇਹ ਕੈਨੇਡਾ ਵਿੱਚ ਰਹਿਣ ਵਾਲੇ ਅਤੇ ਉੱਥੇ ਜਾਣ ਦੇ ਚਾਹਵਾਨ ਲੋਕਾਂ ਲਈ ਇੱਕ ਬਹੁਤ ਵੱਡਾ ਸੱਭਿਆਚਾਰਕ ਅਤੇ ਖੇਡ ਸਮਾਗਮ ਹੈ।

**ਕੈਨੇਡਾ ਵਿੱਚ ਹੋਣ ਵਾਲੇ ਮੈਚਾਂ ਦਾ ਵੇਰਵਾ**

ਫ਼ੀਫ਼ਾ ਵਿਸ਼ਵ ਕੱਪ 2026, ਜੋ 11 ਜੂਨ ਤੋਂ 19 ਜੁਲਾਈ 2026 ਤੱਕ ਚੱਲੇਗਾ, ਵਿੱਚ ਕੈਨੇਡਾ ਦੇ ਦੋ ਪ੍ਰਮੁੱਖ ਸ਼ਹਿਰ ਮੇਜ਼ਬਾਨੀ ਕਰ ਰਹੇ ਹਨ। ਇਨ੍ਹਾਂ ਸ਼ਹਿਰਾਂ ਵਿੱਚ ਕੁੱਲ 13 ਮੈਚ ਖੇਡੇ ਜਾਣਗੇ:

ਟੋਰਾਂਟੋ:
ਸਟੇਡੀਅਮ: ਬੀਐਮਓ ਫ਼ੀਲਡ
ਮੈਚਾਂ ਦੀ ਗਿਣਤੀ: 6 ਮੈਚ

ਵੈਨਕੂਵਰ:
ਸਟੇਡੀਅਮ: ਬੀਸੀ ਪਲੇਸ
ਮੈਚਾਂ ਦੀ ਗਿਣਤੀ: 7 ਮੈਚ

***

### ਅਮਰੀਕਾ ਨੇ ਕਿਉਂ ਕੀਤਾ ਇਰਾਨ

ਡੈਮੋਕ੍ਰੇਟਿਕ ਲੀਡਰਾਂ ਨੇ ਹਮਲਿਆਂ ਦੀ ਨਿੰਦਾ ਕੀਤੀ ਹੈ ਅਤੇ ਟਰੰਪ 'ਤੇ ਕਾਂਗਰਸ ਦੀ ਸਹਿਮਤੀ ਲਏ ਬਿਨਾਂ ਜੰਗ ਸ਼ੁਰੂ ਕਰਨ ਦਾ ਇਲਜ਼ਾਮ ਲਗਾਇਆ ਹੈ।

ਡੈਮੋਕ੍ਰੇਟਿਕ ਸੈਨੇਟਰ ਟਿਮ ਕੇਨ ਨੇ ਇਸ ਸੰਕਟ ਨੂੰ 'ਟਰੰਪ ਦੀ ਗ਼ੈਰ-ਕਾਨੂੰਨੀ ਜੰਗ' ਕਿਹਾ।

ਡੈਮੋਕ੍ਰੇਟਿਕ ਲੀਡਰਾਂ ਨੇ ਕਾਂਗਰਸ ਨੂੰ ਜੰਗੀ ਸ਼ਕਤੀਆਂ ਬਾਰੇ ਮਤੇ 'ਤੇ ਬਿੱਲ ਦੀ ਤਰ੍ਹਾਂ ਵਿਚਾਰ ਕਰਨ ਦੀ ਮੁੜ ਮੰਗ ਕੀਤੀ ਜੋ ਕਿ ਪਿਛਲੇ ਸਾਲ ਰਿਪਬਲਿਕਨ ਲੀਡਰਾਂ ਦਾ ਸਮਰਥਨ ਨਾ ਮਿਲ ਸਕਣ ਕਾਰਨ ਫੇਲ੍ਹ ਹੋ ਗਿਆ ਸੀ।

ਜੇ ਜੰਗੀ ਸ਼ਕਤੀਆਂ ਬਾਰੇ ਇੱਕ ਹੋਰ ਮਤਾ ਲਿਆਂਦਾ ਜਾਂਦਾ ਹੈ ਅਤੇ ਪਾਸ ਕੀਤਾ ਜਾਂਦਾ ਹੈ ਤਾਂ ਇਸ ਨਾਲ ਕਾਂਗਰਸ ਦੀ ਸਹਿਮਤੀ ਤੋਂ ਬਿਨਾਂ ਰਾਸ਼ਟਰਪਤੀ ਵੱਲੋਂ ਫ਼ੌਜੀ ਸ਼ਕਤੀਆਂ ਦੇ ਇਸਤੇਮਾਲ 'ਤੇ ਰੋਕ ਲੱਗ ਸਕਦੀ ਹੈ।

ਪਰ ਇਹ ਬਿੱਲ ਪਾਸ ਹੋਣ ਦੀਆਂ ਸੰਭਾਵਨਾਵਾਂ ਫ਼ਿਲਹਾਲ ਬਹੁਤ ਘੱਟ ਹਨ।

ਕਾਂਗਰਸ ਮੈਨ ਥੋਮਸ ਮੈਸੀ ਅਤੇ ਸੈਨੇਟਰ ਰੈਂਡ ਪੌਲ ਤੋਂ ਇਲਾਵਾ ਕੁਝ ਰਿਪਬਲਿਕਨ ਆਗੂਆਂ ਨੇ ਸੰਕੇਤ ਦਿੱਤਾ ਹੈ ਕਿ ਉਹ ਅਜਿਹੇ ਤਰੀਕੇ ਦਾ ਸਮਰਥਨ ਕਰਨਗੇ।

ਕੀ ਅਮਰੀਕੀ ਫੌਜਾਂ ਜ਼ਮੀਨ 'ਤੇ ਪੈਰ ਧਰਨਗੀਆਂ? ਪੂਰੇ ਮੱਧ ਪੂਰਬ ਵਿੱਚ ਯੂ.ਐਸ. ਦੇ ਤਕਰੀਬਨ 13 ਫ਼ੌਜੀ ਟਿਕਾਣੇ ਹਨ ਜਿੱਥੇ ਆਮ ਤੌਰ 'ਤੇ 30-40 ਹਜ਼ਾਰ ਫ਼ੌਜੀ ਤੈਨਾਤ ਹੁੰਦੇ ਹਨ।

ਪਰ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਅਮਰੀਕੀ ਲੜਾਕੂ ਫੌਜੀ, ਈਰਾਨ ਵਿੱਚ ਜ਼ਮੀਨ 'ਤੇ ਤੈਨਾਤ ਕੀਤੇ ਜਾਣਗੇ।

ਅਮਰੀਕੀ ਫ਼ੌਜ, ਕਈ ਹਫ਼ਤਿਆਂ ਤੋਂ ਮੱਧ ਪੂਰਬ ਵਿੱਚ ਆਪਣੀ ਮੌਜੂਦਗੀ ਕਾਇਮ ਕਰਨ ਵਿੱਚ ਜੁਟੀ ਹੋਈ ਹੈ ਅਤੇ ਇਸ ਖੇਤਰ ਵਿੱਚ ਇਨ੍ਹਾਂ ਕੋਲ ਯੂ.ਐਸ.ਐਸ. ਗੇਰਾਲਡ ਆਰ ਫੋਰਡ ਅਤੇ ਯੂ.ਐਸ.ਐਸ. ਅਬ੍ਰਾਹਮ ਲਿੰਕਨ ਨਾਮੀ ਦੋ ਏਅਰਕ੍ਰਾਫਟ ਕੈਰੀਅਰ ਹਨ ਪਰ ਫ਼ਿਲਹਾਲ ਅਮਰੀਕੀ ਫ਼ੌਜੀ ਕਾਰਵਾਈ ਹਵਾਈ ਹਮਲਿਆਂ ਤੱਕ ਹੀ ਹੈ।

ਕੀ ਇਰਾਨ ਕੋਲ ਅਮਰੀਕਾ 'ਤੇ ਹਮਲੇ ਦੀ ਸਮਰੱਥਾ ਹੈ?

ਇਰਾਨੀ ਸ਼ਾਸਨ ਨੇ ਹਮੇਸ਼ਾ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਹ ਪ੍ਰਮਾਣੂ ਹਥਿਆਰ ਚਾਹੁੰਦੇ ਹਨ। ਪਰ ਯੂਰੇਨੀਅਮ ਦੇ ਭੰਡਾਰਨ 'ਚ ਇਸ ਕਦਰ ਵਾਧਾ ਕੀਤਾ ਹੈ ਜਿਸਦੀ ਪ੍ਰਮਾਣੂ ਸ਼ਕਤੀ ਪ੍ਰੋਗਰਾਮ 'ਚ ਨਾਗਰਿਕ ਇਸਤੇਮਾਲ ਲਈ ਕੋਈ ਲੋੜ ਨਹੀਂ ਹੈ। ਹੁਣ ਤੱਕ ਇਜ਼ਰਾਈਲ ਅਤੇ ਅਮਰੀਕਾ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ ਹੈ ਕਿ ਇਰਾਨ ਬੰਬ ਬਣਾਉਣ ਵਾਲਾ ਸੀ।

ਅਮਰੀਕੀ ਸਰਜ਼ਮੀਨ 'ਤੇ ਕਿਸੇ ਵੀ ਹਮਲੇ ਦੀ ਜਨਤਕ ਰਿਪੋਰਟ ਨਹੀਂ ਹੈ, ਪਰ ਸਥਾਨਕ ਅਧਿਕਾਰੀਆਂ ਨੇ ਕਿਹਾ ਕਿ ਉਹ ਹਾਈ ਅਲਰਟ 'ਤੇ ਹਨ।

***

### 'ਆਪ' ਵਿੱਚ ਬ਼ਗਾਵਤ ਦਾ ਖ਼ਤਰਾ!

ਫਾਰਮਰਾਂ ਨਾਲ ਵਾਅਦੇ ਵੀ ਪੂਰੇ ਨਹੀਂ ਹੋਏ। ਐੱਮ.ਐੱਸ.ਪੀ. ਦੀ ਗਾਰੰਟੀ ਨਹੀਂ ਮਿਲੀ। ਲੈਂਡ ਪੂਲਿੰਗ ਪਾਲਿਸੀ ਫਾਰਮਰਾਂ ਦੇ ਵਿਰੋਧ ਤੋਂ ਬਾਅਦ ਵਾਪਸ ਲੈਣੀ ਪਈ ਸੀ। ਯੂਥ ਬੇਰੁਜ਼ਗਾਰੀ ਤੋਂ ਤੰਗ ਹਨ। ਮਹਿਲਾਵਾਂ ਲਈ 1000 ਰੁਪਏ ਮਹੀਨਾਵਾਰੀ ਸਕੀਮ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ। ਇਸ ਤੋਂ ਇਲਾਵਾ ਦਿੱਲੀ ਟੀਮ ਦਾ ਹਕੂਮਤ ਵਿੱਚ ਦਖ਼ਲ ਪੰਜਾਬੀਆਂ ਨੂੰ ਨਾਪਸੰਦ ਹੈ। ਲੋਕ ਕਹਿੰਦੇ ਹਨ ਕਿ ਭਗਵੰਤ ਮਾਨ ਸਰਕਾਰ ਨਹੀਂ, ਦਿੱਲੀ ਚਲਾਉਂਦੀ ਹੈ।

ਰਾਜਨੀਤੀ ਵਿਸ਼ਲੇਸ਼ਕਾਂ ਅਨੁਸਾਰ ਇਸ ਵਾਰ ਬਹੁਤ ਮੁਸ਼ਕਿਲ ਹੋਵੇਗਾ। ਇੰਸਟੀਚਿਊਟ ਆਫ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ (ਆਈ.ਡੀ.ਸੀ.) ਦੇ ਡਾਇਰੈਕਟਰ ਡਾ. ਪ੍ਰਮੋਦ ਕੁਮਾਰ ਕਹਿੰਦੇ ਹਨ, 'ਦਿੱਲੀ ਹਾਰ ਤੋਂ ਬਾਅਦ ਆਪ ਨੂੰ ਪੰਜਾਬ ਵਿੱਚ ਐਂਟੀ-ਇੰਕੰਬੈਂਸੀ ਦਾ ਸਾਹਮਣਾ ਕਰਨਾ ਪਵੇਗਾ। ਜੇਕਰ ਉਹ ਆਪਣੀ ਰਣਨੀਤੀ ਬਦਲਣ ਵਿੱਚ ਅਸਫਲ ਰਹੇ ਤਾਂ 2027 ਵਿੱਚ ਹਾਰ ਤੈਅ ਹੈ। ਲੋਕ ਬਦਲਾਅ ਚਾਹੁੰਦੇ ਹਨ।'

ਇੱਕ ਹੋਰ ਵਿਸ਼ਲੇਸ਼ਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ, 'ਪੰਜਾਬ ਦਾ ਕਰਜ਼ਾ 3.53 ਲੱਖ ਕਰੋੜ ਤੱਕ ਪਹੁੰਚ ਰਿਹਾ ਹੈ। ਆਰਥਿਕ ਫੇਲ੍ਹੀਅਰ ਅਤੇ ਵਾਅਦਿਆਂ ਦੀ ਪੂਰਤੀ ਨਾ ਹੋਣਾ ਆਪ ਲਈ ਭਾਰੀ ਪਵੇਗਾ। ਭਾਜਪਾ ਅਤੇ ਕਾਂਗਰਸ ਵੱਧ ਐਕਟਿਵ ਹੋ ਰਹੇ ਹਨ।' ਡਾਕਟਰ ਖੁਸ਼ਹਾਲ ਸਿੰਘ ਚੰਡੀਗੜ੍ਹ ਕਹਿੰਦੇ ਹਨ, 'ਆਪ ਨੇ ਲੋਕਾਂ ਨੂੰ ਸੁਪਨੇ ਵਿਖਾਏ ਸਨ, ਪਰ ਗ੍ਰਾਊਂਡ ਰਿਐਲਿਟੀ ਵੱਖਰੀ ਹੈ। ਯੂਥ ਰੁਜ਼ਗਾਰ ਲਈ ਬਾਹਰ ਜਾ ਰਿਹਾ ਹੈ, ਖੇਤੀ ਡੂੰਘੀ ਸੰਕਟ ਵਿੱਚ ਹੈ। ਇਸ ਨਾਲ ਲੋਕਾਂ ਵਿੱਚ ਗੁੱਸਾ ਹੈ।'

ਕੌਣ ਹੋ ਸਕਦੇ ਹਨ ਬਗਾਵਤ ਕਰਨ ਵਾਲੇ?

ਉਹ ਵਿਧਾਇਕ ਜਿਨ੍ਹਾਂ ਨੂੰ ਟਿਕਟ ਮਿਲਣ ਦੀ ਉਮੀਦ ਘੱਟ ਹੈ ਜਾਂ ਜਿਨ੍ਹਾਂ ਨਾਲ ਦਿੱਲੀ ਟੀਮ ਦੇ ਰਿਸ਼ਤੇ ਖਰਾਬ ਹਨ। ਇਸ ਲਿਸਟ ਵਿੱਚ ਅੰਮ੍ਰਿਤਸਰ, ਲੁਧਿਆਣਾ, ਸੰਗਰੂਰ ਅਤੇ ਮਾਲਵਾ ਖੇਤਰ ਦੇ ਕਈ ਨਾਮ ਆ ਰਹੇ ਹਨ। ਇਨ੍ਹਾਂ ਵਿੱਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੇ ਰਾਜ ਸਭਾ ਉਮੀਦਵਾਰ ਨੂੰ ਸਮਰਥਨ ਦਿੱਤਾ ਸੀ ਜਾਂ ਜਿਨ੍ਹਾਂ ਉੱਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਹਨ। ਇੱਕ ਆਗੂ ਨੇ ਕਿਹਾ, 'ਜੇ ਟਿਕਟ ਨਾ ਮਿਲੀ ਤਾਂ ਅਸੀਂ ਚੁੱਪ ਨਹੀਂ ਰਹਿਣਾ।'

ਆਪ ਵੱਲੋਂ ਇਸ ਬਗਾਵਤ ਨਾਲ ਨਜਿੱਠਣ ਲਈ ਕਈ ਕਦਮ ਚੁੱਕੇ ਗਏ ਹਨ। ਜੂਨ 2025 ਵਿੱਚ ਪੰਜਾਬ ਯੂਨਿਟ ਵਿੱਚ ਵੱਡੀ ਤਬਦੀਲੀ ਹੋਈ ਹੈ। ਪੰਜ ਵਿਧਾਇਕਾਂ ਨੂੰ ਵਾਈਸ ਪ੍ਰੈਜ਼ੀਡੈਂਟ ਬਣਾਇਆ ਗਿਆ। ਸਾਰੀਆਂ 13 ਲੋਕ ਸਭਾ ਅਤੇ 23 ਜ਼ਿਲ੍ਹਾ ਇੰਚਾਰਜ ਬਦਲੇ ਗਏ ਹਨ। ਇਹ 'ਮਿਸ਼ਨ 2027' ਦੀ ਸ਼ੁਰੂਆਤ ਮੰਨੀ ਜਾ ਰਹੀ ਹੈ।

ਸਿਆਸੀ ਮਾਹਿਰ ਅਸ਼ੁਤੋਸ਼ ਕੁਮਾਰ ਕਹਿੰਦੇ ਹਨ, 'ਆਪ ਲਈ ਇਹ ਸਰਵਾਈਵਲ ਦੀ ਲੜਾਈ ਹੈ। ਜੇਕਰ ਉਹ ਆਪਣੀ ਗਵਰਨੈਂਸ ਮਾਡਲ ਨੂੰ ਬਦਲਣ ਵਿੱਚ ਅਸਫਲ ਰਹੇ ਤਾਂ ਪੰਜਾਬ ਵੀ ਦਿੱਲੀ ਵਾਂਗ ਗਵਾ ਸਕਦੀ ਹੈ। ਲੋਕ ਡਰੱਗ-ਫ੍ਰੀ ਪੰਜਾਬ, ਰੁਜ਼ਗਾਰ ਅਤੇ ਖੇਤੀ ਸੰਕਟ ਦਾ ਹੱਲ ਚਾਹੁੰਦੇ ਹਨ।'

ਪ੍ਰਸਿੱਧ ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਕਹਿੰਦੇ ਹਨ, 'ਆਪ ਨੇ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਤੋਂ ਸ਼ੁਰੂਆਤ ਕੀਤੀ ਸੀ, ਪਰ ਹੁਣ ਉਸੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਉਨ੍ਹਾਂ ਉੱਤੇ ਲੱਗ ਰਹੇ ਹਨ। ਇਹ ਲੋਕਾਂ ਵਿੱਚ ਨਿਰਾਸ਼ਾ ਪੈਦਾ ਕਰ ਰਿਹਾ ਹੈ।'

ਪੰਜਾਬ ਵਿੱਚ ਸਿਆਸੀ ਹਲਚਲ ਵਧ ਰਹੀ ਹੈ। ਭਾਜਪਾ ਵੱਖਰੇ ਤੌਰ 'ਤੇ ਚੋਣ ਲੜਨ ਦਾ ਐਲਾਨ ਕਰ ਚੁੱਕੀ ਹੈ ਅਤੇ ਆਪ ਤੋਂ ਵਿਧਾਇਕਾਂ ਨੂੰ ਆਕਰਸ਼ਿਤ ਕਰ ਰਹੀ ਹੈ। ਕਾਂਗਰਸ ਵੀ ਆਪਣੀਆਂ ਤਾਕਤਾਂ ਇਕੱਠੀਆਂ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੀ 'ਪੰਜਾਬ ਬਚਾਓ' ਰੈਲੀਆਂ ਰਾਹੀਂ ਵਾਅਦੇ ਕਰ ਰਿਹਾ ਹੈ। ਅਕਾਲੀ ਦਲ ਵਾਰਸ ਪੰਜਾਬ ਦੇ ਸਰਗਰਮ ਹਨ। ਇਸ ਮਾਹੌਲ ਵਿੱਚ ਆਪ ਲਈ ਚੁਣੌਤੀ ਵੱਡੀ ਹੈ। ਜੇਕਰ ਉਹ ਵਿਧਾਇਕਾਂ ਦੀ ਬਗ਼ਾਵਤ ਨੂੰ ਰੋਕ ਲਈ ਅਤੇ ਲੋਕਾਂ ਦੀਆਂ ਉਮੀਦਾਂ ਪੂਰੀਆਂ ਕਰ ਲਈ ਤਾਂ ਸੱਤਾ ਵਿੱਚ ਵਾਪਸੀ ਆਸਾਨ ਹੋ ਸਕਦੀ ਹੈ, ਨਹੀਂ ਤਾਂ 2027 ਉਨ੍ਹਾਂ ਲਈ ਔਖਾ ਹੋਵੇਗਾ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਕਹਿੰਦੇ ਹਨ ਕਿ ਪੰਜਾਬੀ ਲੋਕ ਇੱਕ ਵਾਰ ਫਿਰ ਬਦਲਾਅ ਚਾਹੁੰਦੇ ਹਨ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ 'ਆਪ' ਸਰਕਾਰ ਵੀ ਪੁਰਾਣੀਆਂ ਪਾਰਟੀਆਂ ਵਾਂਗ ਹੀ ਚੱਲ ਰਹੀ ਹੈ। ਟੋਲ ਪਲਾਜ਼ਾ ਬੰਦ ਕਰਨਾ, ਫ੍ਰੀ ਬਿਜਲੀ ਵਰਗੀਆਂ ਯੋਜਨਾਵਾਂ ਚੰਗੀਆਂ ਹਨ, ਪਰ ਬੁਨਿਆਦੀ ਮਸਲੇ ਜਿਵੇਂ ਬੇਰੁਜ਼ਗਾਰੀ, ਡਰੱਗਸ ਅਤੇ ਖੇਤੀ ਸੰਕਟ ਅਜੇ ਹੱਲ ਨਹੀਂ ਹੋਏ। ਇਸ ਲਈ ਵਿਧਾਇਕਾਂ ਵਿੱਚ ਬਗਾਵਤ ਅਤੇ ਟਿਕਟ ਬਦਲਾਅ ਦੀਆਂ ਚਰਚਾਵਾਂ ਲਗਾਤਾਰ ਜਾਰੀ ਹਨ। ਲੁਧਿਆਣਾ ਵਰਗੇ ਸ਼ਹਿਰੀ ਹਲਕਿਆਂ ਵਿੱਚ ਇਹ ਚਰਚਾ ਹੋਰ ਤੇਜ਼ ਹੈ ਕਿਉਂਕਿ ਇੱਥੇ ਲੋਕਾਂ ਦੀਆਂ ਉਮੀਦਾਂ ਵੱਧ ਸਨ।

ਆਪ ਲੀਡਰਸ਼ਿਪ ਇਸ ਨੂੰ ਰੱਦ ਕਰਦੀ ਆ ਰਹੀ ਹੈ ਅਤੇ ਕਹਿ ਰਹੀ ਹੈ ਕਿ ਇਹ ਵਿਰੋਧੀਆਂ ਦੀ ਚਾਲ ਹੈ। ਪਰ ਗ੍ਰਾਊਂਡ ਰਿਪੋਰਟਾਂ ਤੋਂ ਲੱਗਦਾ ਹੈ ਕਿ ਅੰਦਰੂਨੀ ਅਸੰਤੋਸ਼ ਅਸਲ ਹੈ। ਜੇਕਰ 'ਆਪ' ਨੇ ਇਸ ਨੂੰ ਠੀਕ ਸਮੇਂ 'ਤੇ ਸੰਭਾਲਿਆ ਤਾਂ ਠੀਕ, ਨਹੀਂ ਤਾਂ 2027 ਵਿੱਚ ਵੱਡਾ ਝਟਕਾ ਲੱਗ ਸਕਦਾ ਹੈ।

'ਆਪ' ਵਿੱਚ ਬਗਾਵਤ ਹੋਵੇਗੀ ਜਾਂ ਨਹੀਂ, ਇਹ ਆਉਣ ਵਾਲੇ ਮਹੀਨਿਆਂ ਵਿੱਚ ਸਾਹਮਣੇ ਆਵੇਗਾ। ਪਰ ਇੱਕ ਗੱਲ ਤੈਅ ਹੈ - ਜੇਕਰ ਵਿਧਾਇਕਾਂ ਦੀ ਛੁੱਟੀ ਹੋਈ ਤਾਂ ਇਹ ਪਾਰਟੀ ਲਈ ਵੱਡਾ ਝਟਕਾ ਹੋਵੇਗਾ ਅਤੇ ਵਿਰੋਧੀਆਂ ਲਈ ਮੌਕਾ।

***

### ਰਣਜੀਤ ਸਿੰਘ ਫਰਜ਼ੀ ਐਨਕਾਊਂਟਰ

ਐਡਵੋਕੇਟ ਐਚ.ਐੱਸ. ਫੂਲਕਾ ਨੇ ਪੁੱਛਿਆ, ਜੇ ਰਣਜੀਤ ਇੰਨਾ ਵੱਡਾ ਅਪਰਾਧੀ ਸੀ ਤਾਂ ਉਸ ਨੂੰ ਬਿਨਾਂ ਸੁਰੱਖਿਆ ਦੇ ਅੱਧੀ ਰਾਤ ਨੂੰ ਹਥਿਆਰ ਬਰਾਮਦ ਕਰਨ ਲਈ ਕਿਉਂ ਲੈ ਗਏ? ਉਨ੍ਹਾਂ ਨੇ ਇਹ ਵੀ ਪੁੱਛਿਆ ਕਿ ਗੱਡੀ ਪਲਟਣ ਤੋਂ ਬਾਅਦ ਰਣਜੀਤ ਨੂੰ ਸੱਟ ਕਿਉਂ ਨਾ ਲੱਗੀ ਅਤੇ ਉਹ 30 ਕਿਲੋਮੀਟਰ ਕਿਵੇਂ ਭੱਜ ਗਿਆ?

ਸਿੱਖ ਵਿਦਵਾਨ ਪਰਮਿੰਦਰ ਸਿੰਘ ਸ਼ੌਂਕੀ ਲਿਖਦੇ ਹਨ, ਪੁਲਿਸ ਵੱਲੋਂ ਕੀਤੇ ਜਾਣ ਵਾਲੇ ਫੇਕ ਇਨਕਾਊਂਟਰ ਕਿਸੇ ਵੀ ਰਾਜ ਦੀ ਮਰੀ ਹੋਈ ਆਤਮਾ ਦੀ ਸਭ ਤੋਂ ਡਰਾਉਣੀ ਨਿਸ਼ਾਨੀ ਹੁੰਦੇ ਹਨ। ਉਨ੍ਹਾਂ ਨੇ ਹੰਨਾ ਅਰੈਂਟ ਅਤੇ ਉਪੇਂਦਰ ਬਕਸ਼ੀ ਦਾ ਹਵਾਲਾ ਦਿੱਤਾ ਕਿ ਜਦੋਂ ਰਾਜ ਨਿਆਂ ਦੀ ਪ੍ਰਕਿਰਿਆ ਤੋੜਦਾ ਹੈ ਤਾਂ ਹਿੰਸਾ ਆਮ ਬਣ ਜਾਂਦੀ ਹੈ। ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਇਸ ਵੇਲੇ ਖਾਲੜਾ ਵਰਗੇ ਵਾਰਸਾਂ ਦੀ ਲੋੜ ਹੈ ਅਤੇ ਹਾਈਕੋਰਟ ਨੂੰ ਸੂਓ ਮੋਟੋ ਲੈਣਾ ਚਾਹੀਦਾ ਹੈ।

**ਭਵਿੱਖੀ ਖਤਰਾ ਅਤੇ ਹੱਲ**

ਮਨੁੱਖੀ ਅਧਿਕਾਰ ਸੰਸਥਾਵਾਂ ਚਿਤਾਵਨੀ ਦੇ ਰਹੀਆਂ ਹਨ ਕਿ ਜੇ ਇਸ ਤਰ੍ਹਾਂ ਦੀਆਂ ਘਟਨਾਵਾਂ ਜਾਰੀ ਰਹੀਆਂ ਤਾਂ ਪੰਜਾਬ ਵਿੱਚ ਫਿਰ ਉਹੀ ਬੇਵਿਸ਼ਵਾਸੀ ਪੈਦਾ ਹੋਵੇਗੀ ਜਿਸ ਨੇ 80-90 ਵਿੱਚ ਹਿੰਸਾ ਜਨਮੀ ਸੀ। ਨੌਜਵਾਨ ਮੁੱਖ ਧਾਰਾ ਤੋਂ ਟੁੱਟ ਕੇ ਬਾਗੀ ਬਣ ਸਕਦੇ ਹਨ। ਲੋੜ ਹੈ ਉੱਚ ਪੱਧਰੀ ਨਿਆਂਇਕ ਕਮਿਸ਼ਨ ਦੀ, ਪੁਲਿਸ ਰਿਪੋਰਟਾਂ ਨੂੰ ਜਨਤਕ ਕਰਨ ਦੀ ਅਤੇ ਤਕਨੀਕੀ ਤਫ਼ਤੀਸ਼ ਵਧਾਉਣ ਦੀ। ਅਪਰਾਧੀਆਂ ਨੂੰ ਅਦਾਲਤੀ ਸਜ਼ਾ ਦਿਵਾਉਣੀ ਚਾਹੀਦੀ ਹੈ, ਨਾ ਕਿ ਪੁਲਿਸ ਨੂੰ ਖ਼ੁਦ ਜਲਾਦ ਬਣਨ ਦੀ ਛੁੱਟੀ ਦੇਣੀ ਚਾਹੀਦੀ ਹੈ।

ਰਣਜੀਤ ਸਿੰਘ ਮਾਮਲਾ ਇੱਕ ਟੈਸਟ ਕੇਸ ਬਣ ਗਿਆ ਹੈ। ਜੇ ਸੀਬੀਆਈ ਜਾਂਚ ਹੋਈ ਅਤੇ ਸੱਚ ਸਾਹਮਣੇ ਆਇਆ ਤਾਂ ਭਰੋਸਾ ਬਹਾਲ ਹੋਵੇਗਾ। ਨਹੀਂ ਤਾਂ ਆਪ ਸਰਕਾਰ ਨੂੰ ਇਸ ਦਾ ਭਾਰੀ ਮੁੱਲ ਚੁਕਾਉਣਾ ਪਵੇਗਾ। ਪੰਜਾਬ ਵਿੱਚ ਇੱਕ ਵਾਰ ਫਿਰ 'ਜੱਜ ਅਤੇ ਜਲਾਦ' ਵਾਲੀ ਮਾਨਸਿਕਤਾ ਖਤਮ ਹੋਣੀ ਚਾਹੀਦੀ ਹੈ। ਲੋਕਤੰਤਰ ਤੇ ਕਾਨੂੰਨ ਦਾ ਰਾਜ ਬਚਾਉਣ ਲਈ ਹਾਈਕੋਰਟ, ਸੀ.ਬੀ.ਆਈ. ਅਤੇ ਪੂਰੀ ਸਿੱਖ ਕੌਮ ਨੂੰ ਇਕੱਜੁਟ ਹੋਣਾ ਪਵੇਗਾ। ਇਤਿਹਾਸ ਤੋਂ ਸਿੱਖਿਆ ਨਾ ਲਈ ਤਾਂ ਇਤਿਹਾਸ ਆਪਣੇ ਆਪ ਨੂੰ ਦੁਹਰਾਉਣ ਵਿੱਚ ਦੇਰ ਨਹੀਂ ਲੱਗਦੀ। ਪੰਜਾਬੀਓ! ਹੁਣ ਵੀ ਨਾ ਬੋਲੇ ਤਾਂ ਫਿਰ ਕਦੋਂ ਅਤੇ ਕਿੱਥੇ ਬੋਲੋਗੇ?

**ਪੰਥਕ ਜਥੇਬੰਦੀਆਂ ਕੀ ਕਰਨ?**

ਸਿਆਸੀ ਧਰਨਿਆਂ ਦੇ ਮੁਕਾਬਲੇ ਅਦਾਲਤੀ ਲੜਾਈ ਵਧੇਰੇ ਨਤੀਜਾ-ਮੁਖੀ ਹੁੰਦੀ ਹੈ, ਕਿਉਂਕਿ ਅਦਾਲਤ ਕੋਲ ਪੁਲਿਸ ਨੂੰ ਸਖ਼ਤ ਹੁਕਮ ਦੇਣ ਦੀ ਸ਼ਕਤੀ ਹੁੰਦੀ ਹੈ। ਮੋਰਚੇ ਨੂੰ ਹੁਣ ਆਪਣੀ ਸਾਰੀ ਊਰਜਾ ਹਾਈਕੋਰਟ ਵਿੱਚ ਦਾਇਰ ਕੀਤੀ ਜਾ ਰਹੀ ਪਟੀਸ਼ਨ 'ਤੇ ਲਗਾਉਣੀ ਚਾਹੀਦੀ ਹੈ। ਵਕੀਲਾਂ ਦੀ ਟੀਮ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਪੁਲਿਸ ਮੁਕਾਬਲੇ ਦੀ ਜਾਂਚ ਕਿਸੇ ਸੁਤੰਤਰ ਜਾਂਚ ਏਜੰਸੀ ਜਾਂ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਜਾਂਚ ਹੋਵੇ। ਅਦਾਲਤੀ ਹੁਕਮਾਂ ਰਾਹੀਂ ਸੀਸੀਟੀਵੀ ਫੁਟੇਜ, ਡੀਵੀਆਰ, ਅਤੇ ਪੁਲਿਸ ਅਧਿਕਾਰੀਆਂ ਦੇ ਕਾਲ ਡਿਟੇਲ ਨੂੰ ਸੀਲ ਕਰਵਾ ਕੇ ਰੱਖਣਾ ਸਭ ਤੋਂ ਵੱਡਾ ਕਦਮ ਹੈ। ਇਹ ਸਬੂਤ ਹੀ ਆਉਣ ਵਾਲੇ ਸਮੇਂ ਵਿੱਚ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ। ਜੋ ਵੀ ਅਦਾਲਤੀ ਆਦੇਸ਼ ਆ ਰਹੇ ਹਨ, ਉਨ੍ਹਾਂ ਨੂੰ ਸੋਸ਼ਲ ਮੀਡੀਆ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਪੁਲਿਸ ਦੇ ਝੂਠ ਨੂੰ ਜਨਤਕ ਕੀਤਾ ਜਾ ਸਕੇ।

**ਆਪ ਸਰਕਾਰ ਦੀ ਗੋਲੀ ਬਦਲੇ ਗੋਲੀ ਨੀਤੀ ਦਾ ਸਿਆਸੀ ਨੁਕਸਾਨ ਹੋਣ ਦੀ ਸੰਭਾਵਨਾ**

ਆਪ ਸਰਕਾਰ ਲਈ ਗੁਰਦਾਸਪੁਰ ਵਿੱਚ ਰਣਜੀਤ ਸਿੰਘ ਦਾ ਮਾਮਲਾ ਇੱਕ ਵੱਡੀ ਰਾਜਨੀਤਿਕ ਚੁਣੌਤੀ ਬਣ ਕੇ ਉਭਰਿਆ ਹੈ। ਕਿਸੇ ਵੀ ਸਰਕਾਰ ਲਈ 'ਸਿਆਸੀ ਨੁਕਸਾਨ' ਦਾ ਮਤਲਬ ਸਿਰਫ਼ ਵੋਟਾਂ ਦਾ ਘਟਣਾ ਨਹੀਂ ਹੁੰਦਾ, ਸਗੋਂ ਉਸ ਦੀ 'ਨੈਤਿਕ ਸੱਤਾ' ਦਾ ਖੁਰਨਾ ਹੁੰਦਾ ਹੈ। ਗੋਲੀ ਬਦਲੇ ਗੋਲੀ ਦੀ ਨੀਤੀ ਸਿਆਸੀ ਤੌਰ 'ਤੇ ਇੱਕ ਦੋਧਾਰੀ ਤਲਵਾਰ ਹੁੰਦੀ ਹੈ। ਭਾਵੇਂ ਇਹ ਸ਼ੁਰੂਆਤ ਵਿੱਚ ਸਰਕਾਰ ਨੂੰ 'ਸਖ਼ਤ' ਅਤੇ 'ਅਪਰਾਧ-ਵਿਰੋਧੀ' ਵਿਖਾਉਣ ਲਈ ਵਰਤੀ ਜਾਂਦੀ ਹੈ, ਪਰ ਜਦੋਂ ਅਜਿਹੇ ਮਾਮਲੇ ਅਦਾਲਤਾਂ ਅਤੇ ਜਨਤਕ ਘੇਰੇ ਵਿੱਚ ਆਉਂਦੇ ਹਨ, ਤਾਂ ਇਨ੍ਹਾਂ ਦਾ ਸਿਆਸੀ ਨੁਕਸਾਨ ਬਹੁਤ ਡੂੰਘਾ ਹੋ ਸਕਦਾ ਹੈ। ਜਦੋਂ ਸਰਕਾਰ ਉੱਤੇ 90ਵਿਆਂ ਦੇ ਪੁਲਿਸ-ਰਾਜ ਵਰਗੇ ਦੋਸ਼ ਲੱਗਦੇ ਹਨ, ਤਾਂ ਪਾਰਟੀ ਦਾ ਉਹ 'ਬ੍ਰਾਂਡ ਇਮੇਜ' ਖਰਾਬ ਹੁੰਦਾ ਹੈ ਜੋ ਉਸਨੇ ਸਾਲਾਂ ਵਿੱਚ ਬਣਾਇਆ ਸੀ। ਜੇਕਰ ਸਰਕਾਰ ਪੁਰਾਣੇ ਸਿਸਟਮ ਵਾਂਗ ਹੀ 'ਐਨਕਾਊਂਟਰਾਂ' ਦਾ ਸਹਾਰਾ ਲੈਂਦੀ ਦਿਖਾਈ ਦਿੰਦੀ ਹੈ, ਤਾਂ ਉਹ ਵੋਟਰ, ਜੋ ਆਪ ਤੋਂ ਉਮੀਦ ਰੱਖਦੇ ਸਨ, ਨਿਰਾਸ਼ ਹੋ ਸਕਦੇ ਹਨ।

ਆਮ ਆਦਮੀ ਪਾਰਟੀ ਦਾ ਪੂਰਾ ਸਿਆਸੀ ਨੀਂਹ-ਪੱਥਰ 'ਬਦਲਾਅ' ਅਤੇ 'ਮਨੁੱਖੀ ਅਧਿਕਾਰਾਂ' ਦੇ ਦਾਅਵਿਆਂ 'ਤੇ ਖੜ੍ਹਾ ਸੀ। ਜਦੋਂ ਇੱਕ ਸਰਕਾਰ, ਜੋ ਖ਼ੁਦ ਨੂੰ ਰਵਾਇਤੀ ਪਾਰਟੀਆਂ (ਕਾਂਗਰਸ-ਅਕਾਲੀ) ਤੋਂ ਵੱਖਰੀ ਦੱਸਦੀ ਸੀ, ਉਹੀ ਪੁਰਾਣੇ 'ਪੁਲਿਸ ਰਾਜ' ਵਾਲੇ ਤਰੀਕੇ ਅਪਣਾਉਂਦੀ ਹੈ, ਤਾਂ ਇਸ ਨਾਲ ਪਾਰਟੀ ਦੇ ਕੋਰ ਵੋਟਰ (ਮੱਧ-ਵਰਗ, ਬੁੱਧੀਜੀਵੀ ਅਤੇ ਨੌਜਵਾਨ) ਵਿੱਚ ਬੇਭਰੋਸਗੀ ਪੈਦਾ ਹੁੰਦੀ ਹੈ। ਪੰਜਾਬ ਦੇ ਸਿਆਸੀ ਇਤਿਹਾਸ ਵਿੱਚ, ਜਦੋਂ ਵੀ ਪੁਲਿਸ ਦੀਆਂ ਕਾਰਵਾਈਆਂ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਤਾਂ ਇਹ ਮੁੱਦਾ ਸਿਰਫ਼ 'ਕਾਨੂੰਨ-ਵਿਵਸਥਾ' ਦਾ ਨਹੀਂ ਰਹਿੰਦਾ, ਸਗੋਂ 'ਪੰਥਕ' ਮੁੱਦਾ ਬਣ ਜਾਂਦਾ ਹੈ। ਰਣਜੀਤ ਸਿੰਘ ਦੇ ਮਾਮਲੇ ਵਿੱਚ ਜਿਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਥਕ ਜਥੇਬੰਦੀਆਂ ਨੇ ਸਖ਼ਤ ਰੁਖ ਅਖਤਿਆਰ ਕੀਤਾ ਹੈ, ਇਹ ਸਰਕਾਰ ਲਈ ਇੱਕ ਵੱਡਾ ਸਿਆਸੀ ਜੋਖਮ ਹੈ। ਪੰਜਾਬ ਵਿੱਚ ਪੰਥਕ ਭਾਵਨਾਵਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਸਰਕਾਰਾਂ ਨੂੰ ਅਤੀਤ ਵਿੱਚ ਵੀ ਵੱਡਾ ਨੁਕਸਾਨ ਉਠਾਉਣਾ ਪਿਆ ਹੈ। ਇਸ ਸਮੇਂ ਸਾਰੀਆਂ ਵਿਰੋਧੀ ਪਾਰਟੀਆਂ (ਅਕਾਲੀ ਦਲ, ਕਾਂਗਰਸ, ਭਾਜਪਾ) ਇਸ ਇੱਕ ਮੁੱਦੇ 'ਤੇ ਇਕੱਜੁਟ ਹਨ। ਇਹ ਮੁੱਦਾ ਵਿਰੋਧੀ ਧਿਰ ਨੂੰ ਸਰਕਾਰ ਖ਼ਿਲਾਫ਼ ਇੱਕ ਮਜ਼ਬੂਤ ਅਤੇ ਸਾਂਝਾ ਬਿਰਤਾਂਤ ਦੇ ਰਿਹਾ ਹੈ। ਜੇਕਰ ਸਰਕਾਰ ਆਪਣੀ ਨੀਤੀ 'ਤੇ ਕਾਇਮ ਰਹਿੰਦੀ ਹੈ, ਤਾਂ ਵਿਰੋਧੀ ਪਾਰਟੀਆਂ ਇਸ ਨੂੰ 'ਸਰਕਾਰੀ ਅੱਤਿਆਚਾਰ' ਵਜੋਂ ਪ੍ਰਚਾਰ ਕੇ ਵੋਟਰਾਂ ਨੂੰ ਲਾਮਬੰਦ ਕਰਨ ਵਿੱਚ ਸਫਲ ਹੋ ਸਕਦੀਆਂ ਹਨ। ਇਹ ਮੁੱਦਾ ਭਵਿੱਖ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ 'ਸਰਕਾਰੀ ਅੱਤਿਆਚਾਰ' ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ, ਜੋ ਕਿ ਇੱਕ ਨਕਾਰਾਤਮਕ ਪ੍ਰਚਾਰ ਸਾਬਤ ਹੁੰਦਾ ਹੈ।

ਜਦੋਂ ਮਾਮਲਾ ਅਦਾਲਤ ਵਿੱਚ ਜਾਂਦਾ ਹੈ ਅਤੇ ਅਦਾਲਤ ਪੁਲਿਸ ਦੇ ਕੰਮਕਾਜ ਉੱਤੇ ਸਵਾਲ ਚੁੱਕਦੀ ਹੈ (ਜਿਵੇਂ ਕਿ ਇਸ ਮਾਮਲੇ ਵਿੱਚ ਸੀਡੀਆਰ ਅਤੇ ਜੀਪੀਐਸ ਡੇਟਾ ਮੰਗਣਾ), ਤਾਂ ਸਰਕਾਰ ਦੀ ਪ੍ਰਸ਼ਾਸਨਿਕ ਕਾਬਲੀਅਤ 'ਤੇ ਸਵਾਲ ਉੱਠਦੇ ਹਨ। ਜੇਕਰ ਅਦਾਲਤ ਵੱਲੋਂ ਕੋਈ ਸਖ਼ਤ ਟਿੱਪਣੀ ਜਾਂ ਸੀਬੀਆਈ ਜਾਂਚ ਦੇ ਆਦੇਸ਼ ਆਉਂਦੇ ਹਨ, ਤਾਂ ਇਹ ਸਰਕਾਰ ਦੀ ਨੈਤਿਕ ਹਾਰ ਮੰਨੀ ਜਾਵੇਗੀ।

## ਅਜੋਕੇ ਸੰਦਰਭ ਵਿੱਚ ਹੋਲੇ

ਸਿੱਖ ਧਰਮ ਦੀਆਂ ਧਾਰਮਿਕ, ਸਮਾਜਿਕ, ਬੌਧਿਕ, ਨੌਜਵਾਨ ਅਤੇ ਇਸਤਰੀ ਜਥੇਬੰਦੀਆਂ ਵੱਲੋਂ ਤਿੰਨ ਰੋਜ਼ਾ 'ਹੋਲੇ-ਮਹੱਲੇ' ਦੇ ਇੱਕ ਦਿਨ 'ਧਰਮ ਪ੍ਰਚਾਰ ਕਾਨਫ਼ਰੰਸ' ਕਰਵਾਉਣੀ ਚਾਹੀਦੀ ਹੈ, ਜਿਸ ਦੌਰਾਨ ਸਿੱਖਾਂ ਦੀਆਂ ਸਮਾਜਿਕ ਅਤੇ ਧਾਰਮਿਕ ਪ੍ਰਾਪਤੀਆਂ ਅਤੇ ਸਾਲ ਭਰ ਦੀਆਂ ਗਤੀਵਿਧੀਆਂ ਦਾ ਲੇਖਾ-ਜੋਖਾ ਕੀਤਾ ਜਾਵੇ ਅਤੇ ਚੁਣੌਤੀਆਂ ਦਾ ਚਿੰਤਨ ਕਰਕੇ ਸਿੱਖ ਧਰਮ ਪ੍ਰਚਾਰ ਦੀ ਲਹਿਰ ਨੂੰ ਨਵੀਂ ਸੇਧ ਦੇਣ ਦੀਆਂ ਅਗਲੀਆਂ ਨੀਤੀਆਂ ਤੈਅ ਕੀਤੀਆਂ ਜਾਣ।

ਅੱਜ ਜਦੋਂ ਵਿਦੇਸ਼ਾਂ ਵਿੱਚ ਸਿੱਖੀ ਪਛਾਣ, ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਸਹਿ-ਹੋਂਦ ਵਿੱਚ ਸਮੱਸਿਆਵਾਂ ਪੇਸ਼ ਆ ਰਹੀਆਂ ਹਨ ਤਾਂ 'ਹੋਲਾ-ਮਹੱਲਾ' ਵਰਗਾ ਖ਼ਾਲਸਈ ਸੱਭਿਆਚਾਰ ਦਾ ਅਹਿਮ ਦਿਹਾੜਾ ਕੌਮਾਂਤਰੀ ਪੱਧਰ 'ਤੇ ਸਿੱਖੀ ਮੂਲ, ਸਿੱਖ ਧਰਮ ਦੀ ਵਿਚਾਰਧਾਰਾ ਤੇ ਵਿਲੱਖਣਤਾ ਦੇ ਪ੍ਰਸਾਰ ਤੇ ਜਾਗਰੂਕਤਾ ਪੈਦਾ ਕਰਨ ਦਾ ਇਕ ਵਿਸ਼ਾਲ ਮੰਚ ਬਣ ਸਕਦਾ ਹੈ। ਪੱਛਮੀ ਦੇਸ਼ਾਂ, ਜਿਥੇ ਸਿੱਖਾਂ ਨੂੰ ਦਸਤਾਰ, ਕਿਰਪਾਨ ਜਾਂ ਹੋਰ ਸਿੱਖੀ ਪਹਿਰਾਵੇ 'ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਥੇ ਕਿਤੇ ਸਿੱਖਾਂ ਪ੍ਰਤੀ ਨਸਲੀ ਭੁਲੇਖੇ ਪਾਏ ਜਾ ਰਹੇ ਹਨ, ਉਨ੍ਹਾਂ ਦੇਸ਼ਾਂ ਦੇ ਰਾਜਨੀਤਕਾਂ, ਸਮਾਜਿਕ ਕੂਟਨੀਤਕ ਨੁਮਾਇੰਦਿਆਂ ਅਤੇ ਧਾਰਮਿਕ ਆਗੂਆਂ ਨੂੰ 'ਹੋਲੇ-ਮਹੱਲੇ' ਵਰਗੇ ਦਿਹਾੜਿਆਂ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਬੁਲਾਉਣਾ ਚਾਹੀਦਾ ਹੈ, ਤਾਂ ਜੋ ਉਹ ਸਿੱਖ ਸੱਭਿਆਚਾਰ ਨੂੰ ਨੇੜਿਓਂ ਵੇਖ ਸਕਣ ਅਤੇ ਸਿੱਖ ਧਰਮ ਦੀ ਵੱਖਰੀ ਹੋਂਦ ਅਤੇ ਅਮਲਾਂ ਪ੍ਰਤੀ ਦੁਨੀਆ ਨੂੰ ਪ੍ਰਭਾਵੀ ਤਰੀਕੇ ਨਾਲ ਜਾਣੂ ਕਰਵਾਇਆ ਜਾ ਸਕੇ। ਇਸ ਤੋਂ ਇਲਾਵਾ ਸਿੱਖ ਕੌਮ ਅੰਦਰ ਅਨੁਸ਼ਾਸਨਬੱਧਤਾ ਨੂੰ ਕਾਇਮ ਕਰਨ ਲਈ ਵੀ ਹੋਲੇ-ਮਹੱਲੇ ਵਰਗੇ ਕੌਮੀ ਜੋੜ ਮੇਲੇ ਨੂੰ ਇੱਕ ਜ਼ਰੀਆ ਬਣਾਉਣਾ ਚਾਹੀਦਾ ਹੈ। ਖ਼ਾਲਸਾਈ ਸੱਭਿਆਚਾਰ ਅਤੇ ਵਿਲੱਖਣਤਾ ਨੂੰ ਦਰਪੇਸ਼ ਚੁਣੌਤੀਆਂ ਨੂੰ ਦੂਰ ਕਰਨ ਅਤੇ ਦਸਮ ਪਿਤਾ ਦੇ ਦਰਸਾਏ ਨਿਰਾਲੇ ਤੇ ਅਣਖੀਲੇ ਰਾਹ 'ਤੇ ਕੌਮ ਨੂੰ ਤੋਰਨ ਲਈ ਸਿੱਖ ਆਗੂਆਂ, ਵਿਦਵਾਨਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਬੁੱਧੀਜੀਵੀਆਂ ਨੂੰ ਆਪਣੀ ਜ਼ਿੰਮੇਵਾਰੀ ਸੰਭਾਲਣ ਲਈ ਅੱਗੇ ਆਉਣਾ ਚਾਹੀਦਾ ਹੈ।

***

## 'ਮੁ.ਗ਼ਲ-ਏ-ਆਜ਼ਮ'

'ਮੁਗ਼ਲ-ਏ-ਆਜ਼ਮ' ਵਰਗੀ ਉੱਚ ਕੋਟੀ ਦੀ ਫ਼ਿਲਮ ਦੀ ਹੀਰੋਇਨ ਹੋ ਕੇ ਵੀ ਉਹ ਐਵਾਰਡ ਹਾਸਲ ਨਾ ਕਰ ਸਕੀ। ਉਹ ਪਬਲੀਸਿਟੀ ਤੋਂ ਕਤਰਾਉਂਦੀ ਸੀ ਅਤੇ ਪੱਤਰਕਾਰਾਂ ਤੋਂ ਵੀ ਬਚਦੀ ਰਹੀ। ਉਸ ਨੂੰ ਕਿਸੇ ਨੇ ਨਾ ਸਮਝਿਆ। ਉਸ ਦੇ ਸੰਗਮਰਮਰ ਵਰਗੇ ਜਿਸਮ ਅੰਦਰ ਧੜਕਦੇ ਦਿਲ ਦੀ ਸਦਾ ਕਿਸੇ ਨੇ ਨਾ ਸੁਣੀ। ਉਹ ਸਾਰਿਆਂ ਲਈ ਸਿਰਫ਼ ਇੱਕ ਖ਼ੂਬਸੂਰਤ ਔਰਤ ਸੀ। ਉਸ ਦੀ ਸੂਰਤ ਦੇ ਦੀਵਾਨੇ ਬਹੁਤ ਸਨ, ਪਰ ਸੀਰਤ ਨੂੰ ਸਮਝਣ ਵਾਲਾ ਕੋਈ ਨਹੀਂ। ਮਧੂਬਾਲਾ ਇੱਕ ਵਰਤਾਰਾ ਸੀ ਜਿਸ ਨੂੰ ਇੱਕ ਪ੍ਰਤਿਭਾਵਾਨ ਰੂਹ ਅਤੇ ਸੁੰਦਰ ਵਜੂਦ ਨੇ ਤਿਲ ਤਿਲ ਕਰਕੇ ਸਾਜਿਆ। ਉਹ ਭਾਵੇਂ ਇੱਕ ਸੁਨਹਿਰੀ ਯੁੱਗ ਵਾਂਗ ਬੀਤ ਗਈ, ਪਰ ਉਸ ਦੀ ਫ਼ਨਕਾਰੀ ਦੇ ਸਜਾਏ ਹੋਏ ਸੋਨਯੁੱਗ ਦੀ ਲੋਅ ਰਹਿੰਦੀ ਦੁਨੀਆ ਤੱਕ ਫ਼ਿਲਮ-ਕਲਾ ਪ੍ਰੇਮੀਆਂ ਦੇ ਦਿਲਾਂ ਨੂੰ ਰੁਸ਼ਨਾਉਂਦੀ ਰਹੇਗੀ। ਬੇਤਹਾਸ਼ਾ ਬੰਦਿਸ਼ਾਂ ਹੇਠ ਕੰਮ ਕਰਨ ਵਾਲੀ ਮਧੂਬਾਲਾ ਔਰਤ ਦੀ ਸਹਿਣ-ਸਮਰੱਥਾ ਦੀ ਮਿਸਾਲ ਕਹੀ ਜਾ ਸਕਦੀ ਹੈ ਜੋ ਵਿਰੋਧਾਂ, ਦਬਾਵਾਂ, ਮੁਸ਼ਕਿਲਾਂ ਅਤੇ ਸਖ਼ਤੀਆਂ ਦੇ ਬਾਵਜੂਦ ਉੱਤਮ ਸਿਰਜਨਾ ਕਰ ਕੇ ਵਿਖਾ ਸਕਦੀ ਹੈ। ਅਜੋਕੇ ਦੌਰ ਦੀਆਂ ਜਿਸਮ ਉਘਾੜ ਕੇ ਪਬਲੀਸਿਟੀ ਹਾਸਲ ਕਰਨ ਵਾਲੀਆਂ ਮਾਡਲਾਂ ਅਤੇ ਅਭਿਨੇਤਰੀਆਂ ਮਧੂਬਾਲਾ ਦੇ ਪੈਰਾਂ ਦੀ ਧੂੜ ਹੀ ਹਨ।

***

## ਭਾਰਤ-ਅਮਰੀਕਾ ਵਪਾਰ ਸਮਝੌਤਾ

ਸਰਕਾਰ ਦਾ ਧਿਆਨ ਖੇਤੀਬਾੜੀ ਉਤਪਾਦਨ ਦੀ ਮਾਤਰਾ 'ਤੇ ਕੇਂਦ੍ਰਿਤ ਸੀ, ਉਤਪਾਦਕ ਦੀ ਭਲਾਈ ਵੱਲ ਨਹੀਂ। ਮੁੱਖ ਭੋਜਨ ਉਤਪਾਦਾਂ ਦੀ ਕੀਮਤ ਖਪਤਕਾਰਾਂ ਦੀ ਸਸਤੇ ਅਨਾਜ ਦੀ ਜ਼ਰੂਰਤ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਕਿਸਾਨਾਂ ਨੂੰ ਵਾਜਬ ਕੀਮਤਾਂ ਦੀ ਜ਼ਰੂਰਤ ਤੋਂ ਨਹੀਂ। ਇੱਕ ਤਰ੍ਹਾਂ ਨਾਲ ਖੇਤੀ ਉਤਪਾਦਕਾਂ ਨੂੰ ਖਪਤਕਾਰਾਂ ਨੂੰ ਸਬਸਿਡੀ ਦੇਣ ਲਈ ਮਜਬੂਰ ਕੀਤਾ ਗਿਆ ਹੈ। ਕਿਸਾਨਾਂ ਨੂੰ ਸ਼ੁਰੂ ਵਿੱਚ ਰਾਸ਼ਟਰ ਦੀ ਖ਼ਾਤਰ ਹੋਰ ਉਤਪਾਦਨ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਹਰੀ ਕ੍ਰਾਂਤੀ ਤੋਂ ਬਾਅਦ ਇੱਕ ਚੋਣਵੀਂ ਸੌਦੇਬਾਜ਼ੀ ਤਹਿਤ ਤੁਸੀਂ ਪੈਦਾਵਾਰ ਵਧਾਓ, ਅਸੀਂ ਲਾਹੇਵੰਦ ਕੀਮਤਾਂ ਯਕੀਨੀ ਬਣਾਵਾਂਗੇ ਦਾ ਨਾਅਰਾ ਦਿੱਤਾ ਗਿਆ ਸੀ। ਜਦੋਂ ਕਿਸਾਨਾਂ ਨੇ 1980 ਦੇ ਦਹਾਕੇ ਵਿੱਚ ਗੈਰ-ਲਾਹੇਵੰਦ ਕੀਮਤਾਂ ਦੇ ਵਿਰੁੱਧ ਵਿਰੋਧ ਸ਼ੁਰੂ ਕੀਤਾ ਤਾਂ 'ਤੁਸੀਂ ਹੋਰ ਉਗਾਓ, ਅਸੀਂ ਸਬਸਿਡੀਆਂ ਦੇਵਾਂਗੇ' ਹੋ ਗਿਆ। ਕਿਸਾਨ ਨੂੰ ਵਾਜਬ ਕੀਮਤਾਂ ਦੇਣ ਦੀ ਬਜਾਏ ਸਸਤੀ ਬਿਜਲੀ, ਮੁਫ਼ਤ ਸਿੰਚਾਈ ਤੇ ਸਬਸਿਡੀ ਵਾਲੀਆਂ ਖਾਦਾਂ ਦੀ ਪੇਸ਼ਕਸ਼ ਨਾਲ ਉਸ ਨੂੰ ਹਮੇਸ਼ਾ ਲਈ ਦੂਜਿਆਂ 'ਤੇ ਨਿਰਭਰ ਬਣਾ ਦਿੱਤਾ ਗਿਆ। ਇਹ ਵਾਤਾਵਰਣ ਪ੍ਰਦੂਸ਼ਣ, ਬਿਜਲੀ ਚੋਰੀ ਤੇ ਮੁਫ਼ਤ ਚੀਜ਼ਾਂ ਨੂੰ ਲੈ ਕੇ ਕਿਸਾਨਾਂ ਨੂੰ ਬਦਨਾਮ ਕਰਨ ਲਈ ਕਾਫ਼ੀ ਸੀ। ਹੁਣ ਸਰਕਾਰ ਕਿਸਾਨ ਨੂੰ ਕਹਿ ਰਹੀ ਹੈ: ਤੁਸੀਂ ਜੋ ਮਰਜ਼ੀ ਕਰੋ, ਅਸੀਂ ਤੁਹਾਨੂੰ ਸਿਰਫ਼ ਖੈਰਾਤ/ਛੋਟ ਦੇ ਸਕਦੇ ਹਾਂ, ਬਸ਼ਰਤੇ ਤੁਸੀਂ ਸਾਨੂੰ ਵੋਟਾਂ ਦਿਓ। ਇਹ ਸਮਝੌਤਾ ਟਿਕਾਊ ਤੇ ਸਵੀਕਾਰਨਯੋਗ ਨਹੀਂ ਹੈ। ਕੋਵਿਡ ਨੇ ਸਾਨੂੰ ਯਾਦ ਦਿਵਾਇਆ ਹੈ ਕਿ ਕਿਸਾਨ ਬੇਲੋੜਾ ਨਹੀਂ ਹੈ। ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨ ਅੰਦੋਲਨ ਨੇ ਸਾਨੂੰ ਯਾਦ ਦਿਵਾਇਆ ਕਿ ਕਿਸਾਨ ਲਾਚਾਰ ਨਹੀਂ ਹੈ। ਦੇਸ਼ ਭਰ ਵਿੱਚ ਖੇਤੀਬਾੜੀ ਵਿਚ ਹੋਏ ਕਈ ਪ੍ਰਯੋਗ ਸਾਨੂੰ ਯਾਦ ਦਿਵਾਉਂਦੇ ਹਨ ਕਿ ਉਨ੍ਹਾਂ ਦਾ ਇੱਕ ਵੱਖਰਾ ਭਵਿੱਖ ਹੋ ਸਕਦਾ ਹੈ। ਕਿਸਾਨਾਂ ਦੇ ਲਈ ਚੁਣੌਤੀ ਇੱਕ ਵੱਖਰੀ ਨੀਤੀ ਤੇ ਇੱਕ ਵੱਖਰੇ ਨਜ਼ਰੀਏ ਨਾਲ ਇੱਕ ਨਵੀਂ ਰਾਜਨੀਤੀ ਬਣਵਾਉਣਾ ਹੈ। ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਦੀਆਂ ਟੈਰਿਫ ਲਾਉਣ ਸੰਬੰਧੀ ਸ਼ਕਤੀਆਂ ਨੂੰ ਰੱਦ ਕਰਨ ਤੋਂ ਬਾਅਦ ਇਸ ਸਮਝੌਤੇ ਬਾਰੇ ਕੁਝ ਅਨਿਸਚਤਤਾ ਪੈਦਾ ਹੋ ਗਈ ਹੈ ਪਰ ਇਸਦਾ ਖੇਤੀ ਮੱਦਾਂ 'ਤੇ ਕੋਈ ਅਸਰ ਪੈਂਦਾ ਹੈ ਜਾਂ ਨਹੀਂ ਇਹ ਅਗਲੇ ਦਿਨਾਂ ਵਿੱਚ ਦੇਖਣ ਵਾਲੀ ਗੱਲ ਹੋਵੇਗੀ।

***

## ਟਰੰਪ ਦੀ ਨਵੀਂ ਵਿਸ਼ਵ ਰਣਨੀਤੀ

ਅਮਰੀਕਾ ਦੀ ਨਵੀਂ ਨੀਤੀ ਵਿਸ਼ਵ ਅੰਦਰ ਆਪਣੀ ਤਾਕਤ ਨੂੰ ਮਜ਼ਬੂਤ ਕਰਨ ਲਈ ਬਣਾਈ ਗਈ ਹੈ, ਪਰ ਇਸ ਦੇ ਸਾਹਮਣੇ ਬਹੁਤ ਗੰਭੀਰ ਚੁਣੌਤੀਆਂ ਤੇ ਸੀਮਾਵਾਂ ਹਨ। ਚੀਨ ਦਾ ਤੇਜ਼ ਆਰਥਿਕ, ਸੈਨਿਕ ਤੇ ਤਕਨੀਕੀ ਉਭਾਰ, ਰੂਸ ਦਾ ਸਰਬਸੰਪੰਨ ਹੋਣਾ ਅਤੇ ਉਸ ਦੇ ਹਮਲਾਵਰ ਸੈਨਿਕ ਪੈਂਤੜੇ ਦਾ ਹੋਣਾ, ਬ੍ਰਿਕਸ ਦੀ ਮਜ਼ਬੂਤੀ, ਡਾਲਰ ਨੂੰ ਬਦਲਣ ਦੇ ਨਵੇਂ ਉਪਰਾਲੇ, ਅਮਰੀਕਾ ਦੀਆਂ ਘਰੇਲੂ ਸਮੱਸਿਆਵਾਂ ਅਤੇ 36 ਟ੍ਰਿਲੀਅਨ ਡਾਲਰ ਕਰਜ਼ੇ 'ਚ ਡੁੱਬੇ ਹੋਣ, ਮੱਧ ਪੂਰਬ ਦਾ ਸੰਕਟ, ਜਲਵਾਯੂ ਸਮੱਸਿਆਵਾਂ ਅਤੇ ਪ੍ਰਵਾਸ ਦਾ ਵਧ ਰਿਹਾ ਸੰਕਟ, ਇਹ ਸਾਰੇ ਤੱਤ ਅਮਰੀਕੀ ਨਵੀਂ ਸੁਰੱਖਿਆ ਕੌਮੀ ਨੀਤੀ ਦੀ ਕਾਮਯਾਬੀ ਲਈ ਖ਼ਤਰਾ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ 21ਵੀਂ ਸਦੀ ਦੀ ਅਮਰੀਕਾ ਦੀ ਨਵੀਂ ਸੁਰੱਖਿਆ ਕੌਮੀ ਨੀਤੀ ਵਿਸ਼ਵ ਭੂ-ਸਿਆਸਤ ਦਾ ਸਭ ਤੋਂ ਮਹੱਤਵਪੂਰਨ ਰਣਨੀਤਕ ਦਸਤਾਵੇਜ਼ ਹੈ। ਇਹ ਅਮਰੀਕਾ ਦੀ ਇਕ ਐਸੀ ਰਣਨੀਤਕ ਯੋਜਨਾ ਹੈ, ਜੋ ਸਪੱਸ਼ਟ ਤੌਰ 'ਤੇ ਇਹ ਬਿਰਤਾਂਤ ਸਿਰਜਦੀ ਹੈ ਕਿ ਅਗਲੇ ਕਈ ਦਹਾਕਿਆਂ ਵਿੱਚ ਦੁਨੀਆ ਦੀ ਦਿਸ਼ਾ ਕਿਸੇ ਵੀ ਪਾਸੇ ਜਾਵੇ, ਪਰ ਉਸ ਵਿੱਚ ਅਮਰੀਕਾ ਦੀ ਸਰਬਵਿਆਪਕ ਚੌਧਰ ਬਣੀ ਰਹਿਣੀ ਚਾਹੀਦੀ ਹੈ। ਵਿਸ਼ਵ ਸਾਮਰਾਜੀ ਤਾਕਤਾਂ ਸੰਸਾਰ ਭਰ 'ਚ ਲੁੱਟ-ਜਬਰ ਦਾ ਗਲਬਾ ਸਥਾਪਤ ਕਰਨ ਲਈ ਨਵੀਆਂ ਰਣਨੀਤੀਆਂ ਬਣਾਉਣ ਅਤੇ ਨਵੀਆਂ ਜੰਗਾਂ ਛੇੜਨ ਵਿੱਚ ਗ਼ਲਤਾਨ ਹਨ, ਜਿਸ ਦਾ ਵਿਰੋਧ ਸੰਸਾਰ ਭਰ ਦੇ ਲੋਕਾਂ ਨੂੰ ਕਰਨਾ ਚਾਹੀਦਾ ਹੈ।

****

## ਦੁਨੀਆਂ ਦੀਆਂ ਮਹਾਂਸ਼ਕਤੀਆਂ ਦੀ ਖਹਿਬਾਜ਼ੀ ਕਾਰਨ

ਉੱਧਰ ਟਰੰਪ ਦੀ ਵਿਦੇਸ਼ ਨੀਤੀ ਦੇ ਉਤਰਾਅ-ਚੜ੍ਹਾਅ ਨੇ ਅਮਰੀਕੀ ਭਰੋਸੇਯੋਗਤਾ ਨੂੰ ਘਟਾ ਦਿੱਤਾ ਹੈ, ਜਿਸ ਨਾਲ ਯੂਰਪੀ ਸੰਘ ਰਣਨੀਤਕ ਖ਼ੁਦਮੁਖਤਿਆਰੀ ਬਾਰੇ ਵੀ ਦੁਚਿੱਤੀ 'ਚ ਫਸ ਗਿਆ ਹੈ।

ਰੂਸ-ਯੂਕ੍ਰੇਨ ਜੰਗ ਸੰਬੰਧੀ ਚੀਨ ਦੀ ਭੂਮਿਕਾ ਕੂਟਨੀਤਕ ਤੇ ਗੁੰਝਲਦਾਰ ਹੈ। ਚੀਨ ਨੇ ਰੂਸ ਨੂੰ ਵੱਡੇ ਪੈਮਾਨੇ 'ਤੇ ਘਾਤਕ ਹਥਿਆਰਾਂ ਦੀ ਸਪਲਾਈ ਤਾਂ ਨਹੀਂ ਕੀਤੀ ਪਰ ਵਪਾਰ, ਊਰਜਾ ਤੇ ਸਾਂਝੇ ਤਕਨਾਲੋਜੀ ਉੱਦਮਾਂ ਤਹਿਤ ਉਸ ਨੇ ਜੰਗੀ ਆਰਥਿਕਤਾ 'ਚ ਰੂਸ ਦੀ ਖ਼ੂਬ ਮਦਦ ਕੀਤੀ ਹੈ, ਜਿਸ ਨੇ ਰੂਸ 'ਤੇ ਪੱਛਮੀ ਪਾਬੰਦੀਆਂ ਨੂੰ ਬੇਅਸਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਸੰਸਾਰ ਪੱਧਰ 'ਤੇ ਇਸ ਜੰਗ ਦੇ ਵਿਆਪਕ ਪ੍ਰਭਾਵ ਪੈ ਰਹੇ ਹਨ। ਇਸ ਜੰਗ ਨੇ ਵਿਸ਼ਵਵਿਆਪੀ ਸਪਲਾਈ ਚੇਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਭੋਜਨ ਪਦਾਰਥਾਂ, ਊਰਜਾ, ਖੇਤੀਬਾੜੀ ਤੇ ਮਹੱਤਵਪੂਰਨ ਖਣਿਜਾਂ ਵਿੱਚ ਲਗਾਤਾਰ ਮਹਿੰਗਾਈ ਵਧੀ ਹੈ ਤੇ ਭੋਜਨ ਸੁਰੱਖਿਆ ਦਾ ਸੰਕਟ ਖੜ੍ਹਾ ਹੋ ਰਿਹਾ ਹੈ। ਫ਼ਿਲਹਾਲ ਯੂਕ੍ਰੇਨ ਜੰਗ ਨੂੰ ਲੈ ਕੇ ਕੋਈ ਤ੍ਰੈਪੱਖੀ ਸਹਿਮਤੀ ਨਹੀਂ ਬਣ ਰਹੀ, ਜਿਸ ਨਾਲ ਇਹ ਜੰਗ ਹੋਰ ਤਿੱਖੀ ਤੇ ਲਮਕ ਜਾਵੇਗੀ ਤੇ ਯੂਰਪ ਖ਼ਾਸਕਰ 'ਨਾਟੋ' ਸਰਹੱਦਾਂ ਦੇ ਨੇੜੇ ਜੰਗੀ ਦਹਿਸ਼ਤ ਬਣੀ ਰਹੇਗੀ। ਇਸ ਜੰਗ ਦੁਆਲੇ ਕਈ ਮੁਲਕਾਂ ਦੀ ਰਾਸ਼ਟਰੀ ਸੁਰੱਖਿਆ, ਗਲੋਬਲ ਆਰਥਿਕਤਾ, ਅੰਤਰਰਾਸ਼ਟਰੀ ਕਾਨੂੰਨ, ਪ੍ਰਭੂਸੱਤਾ ਦੇ ਨਿਯਮਾਂ, ਸਾਮਰਾਜੀ ਤਾਕਤਾਂ ਦਾ ਸਮਤੋਲ ਤੇ ਬਹੁ-ਧਰੁਵੀ ਸੰਸਾਰ ਦਾ ਬਿਰਤਾਂਤ ਮੁੜ ਪ੍ਰਭਾਸ਼ਿਤ ਹੋ ਰਿਹਾ ਹੈ। ਇਸ ਜੰਗ ਦੇ ਲਮਕਣ ਜਾਂ ਹੋਰ ਵੱਧ ਤੀਬਰ ਹੋਣ ਨਾਲ ਭਾਰਤ ਦੇ ਰੂਸ ਨਾਲ ਵਪਾਰਕ ਲੈਣ-ਦੇਣ 'ਤੇ ਵੀ ਬੁਰਾ ਅਸਰ ਪਵੇਗਾ, ਕਿਉਂਕਿ ਅਮਰੀਕਾ ਭਾਰਤ 'ਤੇ ਰੂਸ 'ਤੇ ਤੇਲ ਨਾ ਲੈਣ ਲਈ ਦਬਾਅ ਪਾ ਰਿਹਾ ਹੈ। ਜੰਗ ਦੌਰਾਨ ਰੂਸੀ ਆਰਥਿਕ ਪਾਬੰਦੀਆਂ ਕਾਰਨ ਭਾਰਤ ਦੇ ਅਮਰੀਕਾ ਅਤੇ ਉਸ ਦੇ ਪੱਛਮੀ ਭਾਈਵਾਲਾਂ ਨਾਲ ਆਰਥਿਕ-ਸਿਆਸੀ ਸਬੰਧਾਂ ਬਾਰੇ ਵੀ ਨਵੀਆਂ ਚਿੰਤਾਵਾਂ ਖੜ੍ਹੀਆਂ ਹੋ ਸਕਦੀਆਂ ਹਨ। ਦੁਨੀਆ ਭਰ ਅੰਦਰ ਖ਼ੁਰਾਕੀ ਵਸਤਾਂ ਦੀ ਸਪਲਾਈ ਘਟਣ ਨਾਲ ਮਹਿੰਗਾਈ ਵਧ ਰਹੀ ਹੈ ਤੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਰਹੀਆਂ ਹਨ। ਇਸ ਜੰਗ ਦੇ ਵਿਸ਼ਵਵਿਆਪੀ ਪ੍ਰਭਾਵ ਪੈਣ ਕਾਰਨ ਇਸ ਦਾ ਸਭ ਤੋਂ ਵੱਧ ਖ਼ਾਮਿਆਜ਼ਾ ਸਮੁੱਚੇ ਸੰਸਾਰ ਭਰ ਦੀ ਕਿਰਤੀ ਜਮਾਤ ਨੂੰ ਭਗਤਣਾ ਪੈ ਰਿਹਾ ਹੈ। ਇਸ ਕਰਕੇ ਯੂਕ੍ਰੇਨੀ-ਰੂਸੀ ਲੋਕਾਂ, ਕੌਮਾਂਤਰੀ ਪੱਧਰ ਦੀਆਂ ਅਗਾਂਹਵਧੂ ਜਥੇਬੰਦੀਆਂ ਤੇ ਆਮ ਲੋਕਾਂ ਨੂੰ ਇਸ ਨਿਹੱਕੀ ਜੰਗ ਦਾ ਵਿਰੋਧ ਕਰਨਾ ਚਾਹੀਦਾ ਹੈ।

***

## ਦੱਖਣ, ਪੂਰਬੀ ਰਾਜਾਂ ਵਿੱਚ

ਭਾਵੇਂ ਕਿ ਨਵੀਂ ਪਾਰਟੀ ਟੀ.ਵੀ.ਕੇ. ਪਾਰਟੀ ਦਾ ਐਕਟਰ ਵਿਜੈ ਦੋਹਾਂ ਫਰੰਟਾਂ ਦੇ ਵਿਚਕਾਰ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੈ।

ਇਹਨਾਂ ਪੰਜਾਂ ਰਾਜਾਂ ਵਿੱਚ ਕੇਰਲਾ ਨੂੰ ਛੱਡਕੇ ਭਾਜਪਾ ਆਪਣੀ ਵਿਸ਼ੇਸ਼ ਭੂਮਿਕਾ 'ਚ ਹੈ। ਭਾਜਪਾ ਉੱਤੇ ਦੋਸ਼ ਲੱਗ ਰਹੇ ਹਨ ਕਿ ਉਹ ਭਾਰਤੀ ਚੋਣ ਕਮਿਸ਼ਨ ਨੂੰ ਆਪਣੇ ਹਿੱਤ ਵਿੱਚ ਵਰਤਕੇ ਕਿਸੇ ਵੀ ਹੀਲੇ ਖ਼ਾਸ ਕਰਕੇ ਪੱਛਮੀ ਬੰਗਾਲ ਦੀ ਖਾੜਕੂ ਨੇਤਾ ਮਮਤਾ ਬੈਨਰਜੀ ਨੂੰ ਹਰਾਉਣਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬੰਗਾਲ ਦੌਰਿਆਂ ਦਰਮਿਆਨ ਚੋਣ ਮਾਹੌਲ ਭੱਖਵਾਂ ਦਿਖਦਾ ਹੈ। ਚੋਣਾਂ ਜਿੱਤਣ ਲਈ ਹਰ ਸੱਤਾ ਧਾਰੀ ਧਿਰ, ਹਰ ਹਰਵਾ ਵਰਤ ਰਹੀ ਹੈ। ਵਿਰੋਧੀ ਧਿਰਾਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਮੰਗ ਕਰ ਰਹੀਆਂ ਹਨ, ਜਿਸਦਾ ਖ਼ਦਸ਼ਾ ਲਗਾਤਾਰ ਬਣਿਆ ਦਿਖਾਈ ਦਿੰਦਾ ਹੈ। ਪਿਛਲੇ ਦਿਨਾਂ 'ਚ ਬਿਹਾਰ 'ਚ ਸੱਤਾ ਧਿਰ ਨੇ ਕਿਵੇਂ ਵਿਟਰਾਂ ਲਈ ਕੈਸ਼ ਟ੍ਰਾਂਸਫ਼ਰ ਕੀਤਾ ਅਤੇ ਭਾਰਤੀ ਚੋਣ ਕਮਿਸ਼ਨ ਵੱਲੋਂ ਇਸ ਭ੍ਰਿਸ਼ਟਾਚਾਰ ਨੂੰ ਨਜ਼ਰ ਅੰਦਾਜ਼ ਕੀਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਰਹੀ ਕਿ ਜਦੋਂ ਪ੍ਰਸ਼ਾਂਤ ਕਿਸ਼ੋਰ ਦੀ ਜਨ ਪਾਰਟੀ (ਜੇ.ਐਸ.ਪੀ.) ਵੱਲੋਂ ਸੁਪਰੀਮ ਕੋਰਟ 'ਚ ਇਸ ਸੰਬੰਧੀ ਪਟੀਸ਼ਨ ਦਾਇਰ ਕੀਤੀ ਗਈ ਤਾਂ ਇਸ ਮਾਮਲੇ ਨੂੰ ਸੁਪਰੀਮ ਕੋਰਟ ਵੱਲੋਂ ਵੀ ਅਣਦੇਖਿਆ ਕੀਤਾ ਗਿਆ। ਕੇ.ਐਸ.ਪੀ. ਨੇ ਇਕ ਪਟੀਸ਼ਨ ਦਾਇਰ ਕੀਤੀ ਸੀ। ਉਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਮੁੱਖ ਮੰਤਰੀ ਨੇ ਮਹਿਲਾ ਰੁਜ਼ਗਾਰ ਯੋਜਨਾ ਤਹਿਤ ਮਹਿਲਾ ਲਾਭਪਾਤਰੀਆਂ ਨੂੰ 10,000 ਰੁਪਏ ਟ੍ਰਾਂਸਫ਼ਰ ਕਰਕੇ ਆਦਰਸ਼ ਚੋਣ ਜ਼ਾਬਤਾ ਦੀ ਉਲੰਘਣਾ ਕੀਤੀ ਹੈ, ਜਿਸਦੀ ਸ਼ੁਰੂਆਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਵਰਚੁਆਲੀ ਕੀਤੀ ਗਈ। ਕੀ ਇਸ ਕਿਸਮ ਦਾ ਮਨੀ ਟ੍ਰਾਂਸਫ਼ਰ ਪਾਂਡੀਚੇਰੀ ਅਤੇ ਅਸਾਮ ਵਿੱਚ ਨਹੀਂ ਹੋਏਗਾ, ਜਿੱਥੇ ਭਾਜਪਾ ਸਰਕਾਰ ਹੈ?

ਭਾਵੇਂ ਕਿ ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਵੋਟਾਂ ਪ੍ਰਾਪਤ ਕਰਨ ਲਈ ਮੁਫ਼ਤ ਰਿਉੜੀਆਂ ਵੰਡਣ ਉੱਤੇ ਨਾ ਖ਼ੁਸ਼ੀ ਪ੍ਰਗਟ ਕੀਤੀ ਹੈ, ਪਰ ਇਹ ਚਲਨ ਦੇਸ਼ ਵਿੱਚ ਲਗਾਤਾਰ ਜਾਰੀ ਹੈ। ਉਸ ਤੋਂ ਉੱਪਰ ਭਾਰਤੀ ਚੋਣ ਕਮਿਸ਼ਨ ਦੀ ਐੱਸ.ਆਈ.ਆਰ. ਨੇ ਭਾਰਤੀ ਵੋਟਰਾਂ ਲਈ ਖ਼ਦਸ਼ੇ ਪ੍ਰਗਟ ਕੀਤੇ ਹਨ। ਕਾਬਜ਼ ਸਰਕਾਰੀ ਧਿਰਾਂ ਵੱਲੋਂ ਬੇਵਜਹ ਵੋਟਾਂ ਵੋਟਰ ਸੂਚੀਆਂ ਵਿੱਚੋਂ ਕੱਟੀਆਂ ਗਈਆਂ ਹਨ, ਜਿਸ ਨਾਲ ਲੋਕਾਂ ਵਿੱਚ ਲੋਕਤੰਤਰੀ ਵੋਟ ਪ੍ਰਕਿਰਿਆ ਸੁਖਾਵੀਂ ਬਣਾਈ ਰੱਖਣ ਲਈ ਰੁਕਾਵਟ ਪੈਦਾ ਹੋਈ ਹੈ।

ਜਿਵੇਂ ਦੇਸ਼ ਦੀ ਮੁੱਖ ਹਾਕਮ ਧਿਰ ਵੱਲੋਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਯੋਜਨਾ ਬੱਧ ਉਲੰਘਣਾ, ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਕੀਤੀ ਜਾ ਰਹੀ ਹੈ ਅਤੇ ਜਿਵੇਂ ਵੋਟਰਾਂ ਨੂੰ ਵਿਆਪਕ ਪ੍ਰੇਰਨਾ ਜਾਂ ਰਿਸ਼ਵਤਖੋਰੀ ਨਾਲ ਪ੍ਰਭਾਵਤ ਕੀਤੇ ਜਾਣ ਦੇ ਅਮਲ ਜਾਰੀ ਹਨ ਉਹ ਭਾਰਤ ਦੇ ਸੰਵਿਧਾਨ ਦੇ ਮੂਲ ਢਾਂਚੇ ਲਈ ਸਿੱਧਾ ਖੋਰਾ ਹਨ।

ਦੱਖਣ, ਪੂਰਬੀ ਰਾਜਾਂ ਦੇ ਸੂਝਵਾਨ ਵੋਟਰ ਆਪਣੇ ਵਿਵੇਕ ਅਤੇ ਬੁੱਧੀ ਨਾਲ ਕੀ ਉਹਨਾਂ ਸਾਰੇ ਗ਼ਲਤ ਅਮਲਾਂ ਨੂੰ ਪਿਛਾੜ ਦੇਣਗੇ, ਜਿਸ ਦਾ ਹਮਲਾ ਉਹ ਆਉਣ ਵਾਲੇ ਦਿਨਾਂ 'ਚ ਆਪਣੇ 'ਤੇ ਝੱਲਣਗੇ? ਸਾਮ,ਦਾਮ,ਦੰਡ ਅਤੇ ਧੂੰਆਧਾਰ ਫ਼ਿਰਕੂ ਪ੍ਰਚਾਰ ਉਹਨਾਂ ਦੇ ਇਰਾਦਿਆਂ ਨੂੰ ਕੀ ਦ੍ਰਿੜ ਰੱਖ ਸਕੇਗਾ ਜਾਂ ਫਿਰ ਮੁੱਠੀ ਭਰ ਸਿੱਧੀ ਨਕਦੀ ਰਕਮ ਦੇ ਵਹਾਅ ਵਿੱਚ ਵਹਿ ਕੇ ਉਹ ਦੇਸ਼ ਦੀ ਸੰਵਿਧਾਨਕ ਲੋਕਤੰਤਰੀ ਤਾਕਤ ਨੂੰ ਖੇਰੂ-ਖੇਰੂ ਕਰਨ ਵਾਲਿਆਂ ਦੇ ਪੱਖ 'ਚ ਖੜੋ ਜਾਣਗੇ?

***

## ਪ੍ਰੀਖਿਆ ਕੇਂਦਰ ਵਿੱਚ ਅੰਮ੍ਰਿਤਧਾਰੀ ਸਿੱਖ ਬੀਬੀ

ਸਿੱਖ ਧਰਮ ਵਿੱਚ ਦਸਤਾਰ ਕੇਵਲ ਕੱਪੜਾ ਨਹੀਂ, ਸਗੋਂ ਇਹ ਇੱਕ ਸਿੱਖ ਦੀ ਸ਼ਾਨ, ਉਸਦੀ ਪਛਾਣ ਅਤੇ ਅਧਿਆਤਮਿਕਤਾ ਦਾ ਪ੍ਰਤੀਕ ਹੈ। ਇੱਕ ਅੰਮ੍ਰਿਤਧਾਰੀ ਸਿੱਖ ਲਈ ਦਸਤਾਰ ਤੋਂ ਬਿਨਾਂ ਜਨਤਕ ਸਥਾਨ 'ਤੇ ਆਉਣਾ ਜਾਂ ਇਸ ਨੂੰ ਉਤਾਰਨ ਲਈ ਮਜਬੂਰ ਕੀਤਾ ਜਾਣਾ ਸਿੱਧੇ ਤੌਰ 'ਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਹੈ। ਪ੍ਰੀਖਿਆ ਕਰਵਾਉਣ ਵਾਲੇ ਅਧਿਕਾਰੀਆਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਦੇ ਸਮੇਂ ਮਨੁੱਖੀ ਮਰਿਆਦਾ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਹ ਕੋਈ ਪਹਿਲੀ ਵਾਰ ਨਹੀਂ ਹੈ ਜਦੋਂ ਅਜਿਹੀ ਘਟਨਾ ਵਾਪਰੀ ਹੈ। ਅਕਸਰ ਦੇਖਿਆ ਗਿਆ ਹੈ ਕਿ ਸੁਰੱਖਿਆ ਜਾਂਚ ਦੇ ਨਾਂਅ 'ਤੇ ਸਿੱਖਾਂ ਦੀ ਦਸਤਾਰ ਜਾਂ ਹੋਰ ਧਾਰਮਿਕ ਚਿੰਨ੍ਹਾਂ ਨੂੰ ਲੈ ਕੇ ਵਿਵਾਦ ਖੜ੍ਹੇ ਕੀਤੇ ਜਾਂਦੇ ਹਨ। ਇਹ ਸਪੱਸ਼ਟ ਕਰਦਾ ਹੈ ਕਿ ਪ੍ਰੀਖਿਆ ਕੇਂਦਰਾਂ ਦੇ ਕਰਮਚਾਰੀਆਂ ਨੂੰ 'ਸੰਵੇਦਨਸ਼ੀਲਤਾ ਸਿਖਲਾਈ' ਦੀ ਬਹੁਤ ਲੋੜ ਹੈ। ਜੇਕਰ ਅਧਿਕਾਰੀਆਂ ਨੂੰ ਭਾਰਤ ਦੇ ਵਿਭਿੰਨ ਸੱਭਿਆਚਾਰਾਂ ਅਤੇ ਧਾਰਮਿਕ ਮਾਨਤਾਵਾਂ ਬਾਰੇ ਮੁੱਢਲੀ ਜਾਣਕਾਰੀ ਹੋਵੇ, ਤਾਂ ਅਜਿਹੀਆਂ ਅਪਮਾਨਜਨਕ ਸਥਿਤੀਆਂ ਤੋਂ ਬਚਿਆ ਜਾ ਸਕਦਾ ਹੈ।

ਪੰਥਕ ਆਗੂਆਂ ਦਾ ਮੰਨਣਾ ਹੈ ਕਿ ਸਿਰਫ਼ ਮੌਕੇ 'ਤੇ ਮੁਆਫ਼ੀ ਮੰਗ ਲੈਣਾ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਹੈ। ਪ੍ਰਸ਼ਾਸਨਿਕ ਸੰਸਥਾਵਾਂ ਨੂੰ ਅਜਿਹੇ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਜੋ:

ਸੁਰੱਖਿਆ ਦੇ ਨਾਲ-ਨਾਲ ਧਾਰਮਿਕ ਮਰਿਆਦਾ ਦਾ ਵੀ ਸਤਿਕਾਰ ਕਰਨ।

ਸਟਾਫ਼ ਨੂੰ ਸੱਭਿਆਚਾਰਕ ਵਿਭਿੰਨਤਾ ਬਾਰੇ ਜਾਗਰੂਕ ਕਰਨ।

ਜਾਂਚ ਪ੍ਰਕਿਰਿਆਵਾਂ ਨੂੰ ਮਨੁੱਖੀ ਅਤੇ ਸਤਿਕਾਰਯੋਗ ਬਣਾਉਣ।

ਸਿੱਖ ਭਾਈਚਾਰੇ ਨੇ ਜਿਸ ਤਰ੍ਹਾਂ ਸ਼ਾਂਤਮਈ ਢੰਗ ਨਾਲ ਆਪਣਾ ਵਿਰੋਧ ਜਤਾਇਆ ਅਤੇ ਮਾਮਲੇ ਨੂੰ ਹੱਲ ਕੀਤਾ, ਉਹ ਪ੍ਰਸ਼ੰਸਾਯੋਗ ਹੈ। ਪਰ ਅਜਿਹੀ ਘਟਨਾ ਦੁਬਾਰਾ ਨਾ ਵਾਪਰੇ, ਇਹ ਯਕੀਨੀ ਬਣਾਉਣਾ ਹੁਣ ਸਰਕਾਰ ਅਤੇ ਸਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਹੈ। ਭਾਰਤ ਵਰਗੇ ਲੋਕਤੰਤਰ ਵਿੱਚ ਜਿੱਥੇ ਧਾਰਮਿਕ ਆਜ਼ਾਦੀ ਇੱਕ ਬੁਨਿਆਦੀ ਹੱਕ ਹੈ, ਉੱਥੇ ਅਜਿਹੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

***

## ਅਮਰੀਕਾ ਸਰਕਾਰ ਅਤੇ ਏ .ਆਈ

ਦੂਜੇ ਪਾਸੇ, ਐਂਥਰੋਪਿਕ ਦੇ ਸੀਈਓ ਡਾਰੀਓ ਅਮੋਡੇਈ ਨੇ ਆਪਣੀ ਕੰਪਨੀ ਦੇ ਸੁਰੱਖਿਆ ਨਿਯਮਾਂ ਨਾਲ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕੰਪਨੀ ਚਾਹੁੰਦੀ ਸੀ ਕਿ ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ) ਇਹ ਭਰੋਸਾ ਦੇਵੇ ਕਿ ਉਨ੍ਹਾਂ ਦੇ ਏ.ਆਈ. ਕਲੌਡ ਦੀ ਵਰਤੋਂ ਅਮਰੀਕੀ ਨਾਗਰਿਕਾਂ ਦੀ ਜਾਸੂਸੀ ਕਰਨ ਜਾਂ ਖੁਦ ਚੱਲਣ ਵਾਲੇ ਮਾਰੂ ਹਥਿਆਰਾਂ ਵਿੱਚ ਨਹੀਂ ਕੀਤੀ ਜਾਵੇਗੀ। ਹਾਲਾਂਕਿ ਸਰਕਾਰ ਨੇ ਕਿਹਾ ਕਿ ਉਹ ਅਜਿਹਾ ਕੁਝ ਨਹੀਂ ਕਰੇਗੀ ਪਰ ਉਹ ਤਕਨਾਲੋਜੀ 'ਤੇ ਪੂਰਾ ਕੰਟਰੋਲ ਚਾਹੁੰਦੀ ਸੀ।

***

## ਇੱਕ ਦਿਨ ਆਧੁਨਿਕ ਆਮਦਨ ਟੈਕਸ ਪ੍ਰਣਾਲੀ

ਵਰਤੋਂ ਕਰਨਗੇ। ਇਸ ਕਾਰਜ ਲਈ ਸਦਨ ਦੀ ਕਾਰਵਾਈ ਵੀ ਜ਼ਰੂਰੀ ਨਹੀਂ ਹੋਵੇਗੀ। ਉਨ੍ਹਾਂ ਪੇਸ਼ੀਨਗੋਈ ਕੀਤੀ ਕਿ ਕਿਸੇ ਦਿਨ ਟੈਰਿਫ਼ ਆਧੁਨਿਕ ਆਮਦਨ ਟੈਕਸ ਪ੍ਰਣਾਲੀ ਦੀ ਥਾਂ ਲੈ ਲੈਣਗੇ। ਉਨ੍ਹਾਂ ਆਪਣਾ ਸੰਬੋਧਨ ਭਾਵੇਂ ਘਰੇਲੂ ਮੁੱਦਿਆਂ ਦੁਆਲੇ ਕੇਂਦਰਤ ਰੱਖਿਆ, ਪਰ ਉਨ੍ਹਾਂ ਆਪਣੀ ਵਿਦੇਸ਼ ਨੀਤੀ ਬਾਰੇ ਵੀ ਸੰਸਦ ਮੈਂਬਰਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਗਾਜ਼ਾ ਵਿੱਚ ਗੋਲੀਬੰਦੀ ਸਮਝੌਤੇ, ਵੈਨੇਜ਼ੁਏਲਾ ਦੇ ਆਗੂ ਨਿਕੋਲਸ ਮਾਦੁਰੋ ਦਾ ਤਖ਼ਤਾ ਪਲਟ ਅਤੇ ਨਾਟੋ ਮੈਂਬਰਾਂ 'ਤੇ ਪਾਏ ਦਬਾਅ ਦਾ ਵੀ ਜ਼ਿਕਰ ਕੀਤਾ।

***

## ਐਫ.ਬੀ.ਆਈ. ਵੱਲੋਂ ਆਪਣੇ

ਮਾਰ-ਏ-ਲਾਗੋ ਨਿਵਾਸ 'ਤੇ ਵਾਪਸ ਲੈ ਗਏ ਸਨ ਤੇ ਬਾਅਦ 'ਚ ਉਨ੍ਹਾਂ ਨੂੰ ਵਾਪਸ ਲੈਣ ਤੋਂ ਅਮਰੀਕੀ ਨਿਆਂ ਵਿਭਾਗ ਨੂੰ ਰੋਕਣ ਦੀਆਂ ਉਨ੍ਹਾਂ ਦੀਆਂ ਕਥਿਤ ਕੋਸ਼ਿਸ਼ਾਂ ਨਾਲ ਜੁੜਿਆ ਸੀ। ਜਿਨ੍ਹਾਂ ਐਫ.ਬੀ.ਆਈ. ਮੁਲਾਜ਼ਮਾਂ ਨੂੰ ਕੱਢਿਆ ਗਿਆ, ਉਹ ਸਾਰੇ ਗੁਪਤ ਦਸਤਾਵੇਜ਼ਾਂ ਵਾਲੇ ਮਾਮਲੇ 'ਚ ਸ਼ਾਮਲ ਸਨ।

### ਕਿਉਂ ਕੀਤੇ ਗਏ ਬਰਖ਼ਾਸਤ ?

ਕਲਾਸੀਫਾਈਡ (ਗੁਪਤ) ਦਸਤਾਵੇਜ਼ਾਂ ਦੀ ਸਮਿਥ ਦੀ ਜਾਂਚ ਤੋਂ ਬਾਅਦ 2023 ਵਿੱਚ ਟਰੰਪ ਅਤੇ ਉਨ੍ਹਾਂ ਦੇ ਦੋ ਸਾਥੀਆਂ ਨੂੰ ਦੋਸ਼ੀ ਬਣਾਇਆ ਗਿਆ ਸੀ। 2024 'ਚ, ਫਲੋਰੀਡਾ ਦੇ ਇੱਕ ਸੰਘੀ ਜੱਜ ਨੇ ਟਰੰਪ ਵਿਰੁੱਧ ਮਾਮਲਾ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਸੀ ਕਿ ਸਮਿਥ ਦੀ ਨਿਯੁਕਤੀ ਗੈਰ-ਕਾਨੂੰਨੀ ਸੀ। ਇਸ ਸਾਲ, ਜਾਰਜੀਆ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਟਰੰਪ ਦੇ ਨਿਆਂ ਵਿਭਾਗ ਦੀ ਬੇਨਤੀ 'ਤੇ ਆਖਰੀ ਦੋ ਪ੍ਰਤੀਵਾਦੀਆਂ ਵਿਰੁੱਧ ਮਾਮਲਾ ਹਟਾ ਦਿੱਤਾ ਸੀ ਜਨਵਰੀ 'ਚ ਟਰੰਪ ਦੀ ਵ੍ਹਾਈਟ ਹਾਊਸ 'ਚ ਵਾਪਸੀ ਤੋਂ ਬਾਅਦ, ਨਿਆਂ ਵਿਭਾਗ ਅਤੇ ਐਫਬੀਆਈ ਨੇ ਉਨ੍ਹਾਂ ਮੁਲਾਜ਼ਮਾਂ ਨੂੰ ਬਰਖ਼ਾਸਤ ਕਰ ਦਿੱਤਾ ਹੈ ਜਿਨ੍ਹਾਂ ਨੇ ਉਨ੍ਹਾਂ ਵਿਰੁੱਧ ਸੰਘੀ ਜਾਂਚ ਵਿੱਚ ਹਿੱਸਾ ਲਿਆ ਸੀ। ਨਿਆਂ ਵਿਭਾਗ ਨੇ ਸਾਬਕਾ ਐਫਬੀਆਈ ਨਿਰਦੇਸ਼ਕ ਜੇਮਜ਼ ਕੋਮੀ, ਜਿਨ੍ਹਾਂ ਨੂੰ ਟਰੰਪ ਨੇ 2017 'ਚ ਆਪਣੇ ਪਹਿਲੇ ਕਾਰਜਕਾਲ ਦੌਰਾਨ ਬਰਖਾਸਤ ਕੀਤਾ ਸੀ ਅਤੇ ਨਿਊਯਾਰਕ ਦੀ ਅਟਾਰਨੀ ਜਨਰਲ ਲੇਟੀਟੀਆ ਜੇਮਜ਼, ਜਿਨ੍ਹਾਂ ਨੇ ਟਰੰਪ ਵਿਰੁੱਧ ਸਿਵਲ ਧੋਖਾਧੜੀ ਦਾ ਮੁਕੱਦਮਾ ਚਲਾਇਆ ਸੀ, ਉਨ੍ਹਾਂ ਵਿਰੁੱਧ ਵੀ ਦੋਸ਼ ਤੈਅ ਕਰਨ ਦੀ ਕੋਸ਼ਿਸ਼ ਕੀਤੀ ਹੈ।

***

## ਯੂ.ਕੇ. ਜਾਣ ਵਾਲੇ ਭਾਰਤੀਆਂ ਨੂੰ

ਗੁਆਚ ਤੇ ਨਾ ਹੀ ਚੋਰੀ ਹੋ ਸਕਦਾ ਹੈ। ਇਸ ਨਾਲ ਛੇੜਛਾੜ ਵੀ ਨਹੀਂ ਕੀਤੀ ਜਾ ਸਕਦੀ। ਵੀਜ਼ਾ ਧਾਰਕਾਂ ਨੂੰ ਫੌਰੀ ਤੇ ਸੁਰੱਖਿਅਤ ਢੰਗ ਨਾਲ ਆਪਣੇ ਇਮੀਗ੍ਰੇਸ਼ਨ ਹੱਕ ਸਾਬਤ ਕਰਨ ਦੀ ਖੁੱਲ੍ਹ ਦਿੰਦਾ ਹੈ। ਫਿਜ਼ੀਕਲ ਵੀਜ਼ੇ ਤੋਂ ਈ-ਵੀਜ਼ਾ ਤਬਾਦਲੇ ਨਾਲ ਕਸਟਮਰਾਂ ਦੇ ਮੌਜੂਦਾ ਹੱਕਾਂ ਜਾਂ ਇਮੀਗ੍ਰੇਸ਼ਨ ਰੁਤਬੇ ਉੱਤੇ ਕੋਈ ਅਸਰ ਨਹੀਂ ਪਏਗਾ।" ਅਮਰੀਕਾ, ਕੈਨੇਡਾ ਅਤੇ ਫਰਾਂਸ ਸਣੇ 85 ਮੁਲਕਾਂ ਦੇ ਨਾਗਰਿਕਾਂ, ਜਿਨ੍ਹਾਂ ਨੂੰ ਵੀਜ਼ੇ ਦੀ ਲੋੜ ਨਹੀਂ, ਲਈ ਹੁਣ ਯੂ ਕੇ ਦੀ ਯਾਤਰਾ ਮੌਕੇ ਕਾਨੂੰਨੀ ਤੌਰ 'ਤੇ ਈ ਟੀ ਏ ਲੈਣਾ ਲਾਜ਼ਮੀ ਹੈ। ਈ ਟੀ ਏ 'ਤੇ 16 ਪੌਂਡ ਦਾ ਖ਼ਰਚਾ ਆਉਂਦਾ ਹੈ ਤੇ ਇਸ ਦੀ ਮਿਆਦ ਦੋ ਸਾਲ ਜਾਂ ਸਬੰਧਿਤ ਸ਼ਖ਼ਸ ਦੇ ਪਾਸਪੋਰਟ ਦੀ ਮਿਆਦ, ਜੋ ਵੀ ਪਹਿਲਾਂ ਹੋਵੇ, ਤੱਕ ਹੁੰਦੀ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home